ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 140| 11 to 17 Sept. , 2024 | Ph.: (510) 240-5949 | Email: asrtimes@gmail.com

# ਕੈਨੇਡਾ: ਟਰੂਡੋ-ਜਗਮੀਤ ਵਿਚਾਲੇ ਟੁੱਟ ਗਈ ਤੜੱਕ ਕਰਕੇ...



## ਮੰਝਧਾਰ 'ਚ ਫਸੀ ਬੇੜੀ ਨੂੰ ਕਿਵੇਂ ਪਾਰ ਲੰਘਾਉਣਗੇ ਟਰੂਡੋ ?

## ਕੀ ਕੈਨੇਡਾ ਵਿੱਚ ਸਮੇਂ ਤੋਂ ਪਹਿਲਾਂ ਹੋਣਗੀਆਂ ਫ਼ੈਡਰਲ ਚੋਣਾਂ ?

**ਅੰਮ੍ਰਿਤਸਰ ਟਾਈਮਜ਼**

ਇਸ ਸਮੇਂ ਪੂਰੀ ਦੁਨੀਆਂ ਦੀਆਂ ਨਜ਼ਰਾਂ ਕੈਨੇਡਾ ਵਿੱਚ ਵਾਪਰ ਰਹੇ ਸਿਆਸੀ ਘਟਨਾਕ੍ਰਮ ਵੱਲ ਲੱਗੀਆਂ ਹੋਈਆਂ ਹਨ ਅਤੇ ਉਥੇ ਹੋ ਰਹੀ ਸਿਆਸੀ ਉਥਲ ਪੁਥਲ ਤੇ ਟਰੂਡੋ ਸਰਕਾਰ ਬਾਰੇ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਕੈਨੇਡਾ ਵਿਸ਼ਵ ਵਿੱਚ ਚਰਚਾ ਦਾ ਵਿਸ਼ਾ ਪਿਛਲੇ ਦਿਨੀਂ ਉਸ ਸਮੇਂ ਬਣਿਆ ਜਦੋਂ ਟਰੂਡੋ ਸਰਕਾਰ ਤੋਂ ਜਗਮੀਤ ਸਿੰਘ ਦੀ ਨਿਊ ਡੈਮੋਕਰੈਟਿਕ ਪਾਰਟੀ (ਐੱਨ.ਡੀ.ਪੀ.) ਨੇ ਸਮਰਥਨ ਵਾਪਸ ਲੈ ਲਿਆ, ਜਿਸ ਕਾਰਨ ਟਰੂਡੋ ਸਰਕਾਰ ਘੱਟ ਗਿਣਤੀ ਵਿੱਚ ਰਹਿ ਗਈ ਹੈ ਅਤੇ ਉਸ ਦੇ ਭਵਿੱਖ ਅੱਗੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਅਗਲੇ ਕੁਝ ਦਿਨਾਂ ਬਾਅਦ ਕੈਨੇਡਾ ਵਿੱਚ ਹੋਣ ਵਾਲੇ ਸੰਸਦ ਇਜਲਾਸ ਦੌਰਾਨ ਜੇ ਐਨ.ਡੀ.ਪੀ. ਬੇਭਰੋਸਗੀ ਦਾ ਮਤਾ ਲੈ ਆਉਂਦੀ ਹੈ ਤਾਂ ਘੱਟ ਗਿਣਤੀ ਰਹਿ ਗਈ ਟਰੂਡੋ ਸਰਕਾਰ ਡਿੱਗ ਸਕਦੀ ਹੈ। ਕੈਨੇਡਾ ਪਾਰਲੀਮੈਂਟ ਦੀਆਂ 338 ਵਿੱਚੋਂ 154 ਸੀਟਾਂ ਲਿਬਰਲਾਂ ਕੋਲ ਹਨ। ਬਹੁ-ਗਿਣਤੀ ਸੰਸਦ ਮੈਂਬਰਾਂ ਦਾ ਭਰੋਸਾ ਹਾਸਲ ਕਰਨ ਲਈ, ਟਰੂਡੋ ਦੀ ਪਾਰਟੀ ਨੂੰ ਘੱਟੋ-ਘੱਟ ਇੱਕ ਪ੍ਰਮੁੱਖ ਵਿਰੋਧੀ ਪਾਰਟੀ ਨੂੰ ਆਪਣੇ ਪੱਖ ਵਿੱਚ ਵੋਟ ਪਾਉਣ ਲਈ ਮਨਾਉਣਾ ਹੋਵੇਗਾ।ਹਾਲਾਂਕਿ ਜਸਟਿਨ ਟਰੂਡੋ ਨੇ ਭਰੋਸਾ ਪ੍ਰਗਟਾਇਆ ਹੈ ਕਿ ਉਹ ਕਿਸੇ ਵੀ ਹਾਲ ਵਿੱਚ ਆਪਣੀ ਸਰਕਾਰ ਡਿੱਗਣ ਨਹੀਂ ਦੇਣਗੇ।ਹੁਣ ਟਰੂਡੋ ਨੂੰ ਸੱਤਾ ਵਿੱਚ ਬਣੇ ਰਹਿਣ ਲਈ ਨਵੇਂ ਗੱਠਜੋੜ ਲਈ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ। ਕੈਨੇਡਾ ਦੇ ਨਿਯਮਾਂ ਮੁਤਾਬਕ 2025 ਦੇ ਅਖੀਰ ਤੱਕ ਚੋਣਾਂ ਹੋਣੀਆਂ ਹਨ।ਇਸ ਸਬੰਧੀ ਪੱਤਰਕਾਰਾਂ ਵੱਲੋਂ ਪੁੱਛੇ ਸਵਾਲ 'ਤੇ ਜਸਟਿਨ ਟਰੂਡੋ ਨੇ ਕਿਹਾ ਕਿ ਚੋਣਾਂ 2025 ਵਿੱਚ ਹੀ ਹੋਣਗੀਆਂ। ਉਨ੍ਹਾਂ ਨੂੰ ਆਸ ਹੈ ਕਿ ਅਗਲੀਆਂ ਸਰਦੀਆਂ ਤੱਕ ਚੋਣਾਂ ਨਹੀਂ ਹੋਣਗੀਆਂ, ਕਿਉਂਕਿ ਉਸ ਵੇਲੇ ਤੱਕ ਅਸੀਂ ਕੈਨੇਡੀਅਨ ਲੋਕਾਂ ਲਈ ਕੰਮ ਕਰਨ ਜਾ ਰਹੇ ਹਾਂ। ਉਨ੍ਹਾਂ ਆਸ ਪ੍ਰਗਟਾਈ ਕਿ ਐਨ.ਡੀ.ਪੀ. ਸਿਆਸਤ 'ਤੇ ਧਿਆਨ ਦੇਣ ਦੀ ਬਜਾਏ ਇਸ ਗੱਲ 'ਤੇ ਧਿਆਨ ਦੇਵੇਗੀ ਕਿ ਅਸੀਂ ਕੈਨੇਡੀਅਨ ਲੋਕਾਂ ਲਈ ਕਿੰਝ ਕੰਮ ਕਰ ਸਕਦੇ ਹਾਂ। ਜ਼ਿਕਰਯੋਗ ਹੈ ਕਿ 52 ਸਾਲਾ ਟਰੂਡੋ ਨੇ ਪਹਿਲੀ ਵਾਰ ਨਵੰਬਰ 2015 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ।ਪਰ ਪਿਛਲੇ 2 ਸਾਲਾਂ ਵਿੱਚ ਉਨ੍ਹਾਂ ਨੂੰ ਵਿਰੋਧੀ ਧਿਰ ਤੋਂ ਇਲਾਵਾ ਜਨਤਾ ਦੀ ਬੇਰੁਖੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਐੱਨ.ਡੀ.ਪੀ. ਨੇ ਟਰੂਡੋ ਦੀ ਘੱਟ ਗਿਣਤੀ ਦੀ ਸਰਕਾਰ ਨੂੰ ਸੱਤਾ ਵਿੱਚ ਬਣਾਈ ਰੱਖਣ ਲਈ ਅਹਿਮ ਭੂਮਿਕਾ ਨਿਭਾਈ ਸੀ। ਜਗਮੀਤ ਸਿੰਘ ਦੀ ਪਾਰਟੀ ਹਾਊਸ ਆਫ਼ ਕਾਮਨ ਵਿੱਚ ਚੌਥੇ ਸਥਾਨ 'ਤੇ ਹੈ। ਦਰਅਸਲ ਐੱਨ.ਡੀ.ਪੀ.-ਲਿਬਰਲਜ਼ ਦਾ ਸਮਝੌਤਾ ਜੂਨ 2025 ਤੱਕ ਸੀ।

ਜਗਮੀਤ ਸਿੰਘ ਦੇ ਇਸ ਫੈਸਲੇ ਦਾ ਕੈਨੇਡਾ ਵਸਦੇ ਪੰਜਾਬੀਆ 'ਤੇ ਵੀ ਅਸਰ ਪੈ ਰਿਹਾ ਹੈ।ਟਰੂਡੋ ਨੂੰ ਪੰਜਾਬੀਆਂ ਦੇ ਕਾਫ਼ੀ ਨੇੜੇ ਸਮਝਿਆ ਜਾਂਦਾ ਹੈ। ਇਸੇ ਕਾਰਨ ਉਨ੍ਹਾਂ ਨੂੰ 'ਜਸਟਿਨ ਸਿੰਘ ਟਰੂਡੋ' ਵੀ ਕਿਹਾ ਜਾਂਦਾ ਹੈ।ਟਰੂਡੋ ਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਆ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕ ਕੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਉਸ ਸਮੇਂ ਟਰੂਡੋ ਨੂੰ ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਭਰਪੂਰ ਸਮਰਥਨ ਦਿੱਤਾ ਗਿਆ ਸੀ, ਇਸ ਦੇ ਬਾਵਜੂਦ ਚੋਣਾਂ ਤੋਂ ਬਾਅਦ ਉਸ ਦੀ ਸਰਕਾਰ ਘੱਟ ਗਿਣਤੀ ਵਿੱਚ ਰਹਿ ਗਈ ਸੀ, ਜਿਸ ਕਰਕੇ ਸਰਕਾਰ ਬਚਾਉਣ ਲਈ ਟਰੂਡੋ ਦੀ ਪਾਰਟੀ ਨੂੰ ਜਗਮੀਤ ਸਿੰਘ ਦੀ ਪਾਰਟੀ ਐਨ.ਡੀ.ਪੀ. ਦਾ ਸਮਰਥਨ ਲੈਣਾ ਪਿਆ ਸੀ। ਹੁਣ ਐਨ.ਡੀ.ਪੀ. ਵੱਲੋਂ ਸਮਰਥਨ ਵਾਪਸ ਲੈਣ ਕਾਰਨ ਟਰੂਡੋ ਸਰਕਾਰ ਦੇ ਭਵਿੱਖ ਬਾਰੇ ਸਵਾਲ ਖੜ੍ਹਾ ਹੋ ਗਿਆ ਹੈ।

**ਕੈਨੇਡਾ ਦੀ ਮੌਜੂਦਾ ਸਥਿਤੀ**

ਕੈਨੇਡਾ ਦੀ ਮਹਿੰਗਾਈ ਵਿੱਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਹੈ, ਰੁਜ਼ਗਾਰ ਦੇ ਮੌਕੇ ਦਿਨੋਂ ਦਿਨ ਘੱਟ ਰਹੇ ਹਨ, ਜਿਸ ਕਾਰਨ ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ।ਜੇ ਨੌਕਰੀ ਮਿਲ ਜਾਵੇ ਤਾਂ ਵੀ ਘਰ ਲੱਭਣਾ ਔਖਾ ਹੈ। ਜੇਕਰ ਘਰ ਹਨ ਤਾਂ ਕਿਰਾਇਆ ਬਹੁਤ ਮਹਿੰਗਾ ਹੈ ਅਤੇ ਜੇਕਰ ਤੁਸੀਂ ਕੋਈ ਘਰ ਖਰੀਦਣ ਜਾਂਦੇ ਹੋ ਤਾਂ 8-10 ਲੱਖ ਡਾਲਰ ਤੋਂ ਘੱਟ ਨਹੀਂ। ਇੱਕ ਕੈਨੇਡੀਅਨ ਡਾਲਰ 62 ਭਾਰਤੀ ਰੁਪਏ ਦੇ ਬਰਾਬਰ ਹੈ। ਪਬਲਿਕ ਟਰਾਂਸਪੋਰਟ ਸਿਸਟਮ ਵੀ ਬਹੁਤਾ ਵਧੀਆ ਨਹੀਂ ਹੈ।ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਸਾਹਮਣਾ ਕੈਨੇਡਾ ਦੇ ਵਸਨੀਕਾਂ ਨੂੰ ਕਰਨਾ ਪੈ ਰਿਹਾ ਹੈ।



ਕੈਨੇਡਾ ਦੇ ਅਨੇਕਾਂ ਲੋਕ ਇਸ ਸਭ ਲਈ ਟਰੂਡੋ ਸਰਕਾਰ ਨੂੰ ਜ਼ਿੰਮੇਵਾਰ ਸਮਝਦੇ ਹਨ।ਟਰੂਡੋ ਸਰਕਾਰ ਪ੍ਰਤੀ ਲੋਕਾਂ ਦਾ ਮੋਹ ਘੱਟਦਾ ਵੇਖ ਕੇ ਹੀ ਜਗਮੀਤ ਸਿੰਘ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਨੇ ਟਰੂਡੋ ਨਾਲੋਂ ਨਾਤਾ ਤੋੜ ਲਿਆ। ਜਗਮੀਤ ਨੂੰ ਲੱਗਦਾ ਹੈ ਕਿ ਜੇਕਰ ਉਹ ਟਰੂਡੋ ਦੇ ਨਾਲ ਰਹਿ ਕੇ ਚੋਣ ਲੜਦੇ ਹਨ ਤਾਂ ਉਨ੍ਹਾਂ ਦੀ ਬੇੜੀ ਵੀ ਡੁੱਬ ਜਾਵੇਗੀ। 338 ਦੀ ਪਾਰਲੀਮੈਂਟ ਵਿੱਚ ਐਨ.ਡੀ.ਪੀ. ਦੇ 24 ਸਾਂਸਦ ਹਨ। ਮਾਰਚ 2022 ਵਿੱਚ, 154 ਲਿਬਰਲ ਪਾਰਟੀ ਦੇ ਸੰਸਦ ਮੈਂਬਰਾਂ ਨਾਲ 24 ਐਨ.ਡੀ.ਪੀ. ਸੰਸਦ ਮੈਂਬਰ ਸ਼ਾਮਲ ਹੋਏ ਤਾਂ ਟਰੂਡੋ ਪ੍ਰਧਾਨ ਮੰਤਰੀ ਬਣੇ ਸਨ।ਟਰੂਡੋ ਅਤੇ ਜਗਮੀਤ ਸਿੰਘ ਦੀ ਸਿਆਸੀ ਦੋਸਤੀ ਦੀਆਂ ਗੱਲਾਂ ਉਸ ਸਮੇਂ ਪੂਰੀ ਦੁਨੀਆਂ ਵਿੱਚ ਹੋਈਆਂ ਸਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਤੋਂ ਸਮਰਥਨ ਵਾਪਸ ਲੈਣ ਤੋਂ ਬਾਅਦ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਦੇ ਆਗੂ ਜਗਮੀਤ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਜਗਮੀਤ ਸਿੰਘ ਨੇ ਕਿਹਾ ਹੈ ਕਿ ਟਰੂਡੋ ਅਤੇ ਲਿਬਰਲ 'ਕਾਰਪੋਰੇਟ ਹਿੱਤਾਂ ਲਈ ਬਹੁਤ ਜ਼ਿਆਦਾ ਸਮਰਪਿਤ' ਹਨ। ਉਸ ਨੇ ਇਸ ਵਜ੍ਹਾ ਨੂੰ ਸਰਕਾਰ ਨਾਲ ਆਪਣੀ ਡੀਲ ਨੂੰ ਖ਼ਤਮ ਕਰਨ ਦੇ ਆਪਣੇ ਕਾਰਨਾਂ ਵਿੱਚੋਂ ਇੱਕ ਦੱਸਿਆ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਨਾਲ ਐਨ.ਡੀ.ਪੀ ਦੇ ਰਾਜਨੀਤਿਕ ਸਮਝੌਤੇ ਦੇ ਅੰਤ ਦਾ ਐਲਾਨ ਕਰਨ ਵਾਲੀ ਔਨਲਾਈਨ ਸਾਂਝੀ ਕੀਤੀ ਗਈ ਵੀਡੀਓ 'ਕਰੀਬ ਇੱਕ ਮਹੀਨਾ ਪਹਿਲਾਂ' ਰਿਕਾਰਡ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਐਨ.ਡੀ.ਪੀ ਨੇ 2022 ਵਿੱਚ ਟਰੂਡੋ ਨਾਲ ਭਰੋਸੇ ਅਤੇ ਸਪਲਾਈ ਸਮਝੌਤਾ ਕੀਤਾ ਸੀ।ਜਗਮੀਤ ਸਿੰਘ ਮੁਤਾਬਕ, 'ਲਿਬਰਲ ਬਹੁਤ ਕਮਜ਼ੋਰ ਹਨ, ਬਹੁਤ ਸੁਆਰਥੀ ਹਨ, ਕਾਰਪੋਰੇਟ ਹਿੱਤਾਂ ਲਈ ਬਹੁਤ ਜ਼ਿਆਦਾ ਸਮਰਪਿਤ ਹਨ, ਇਸ ਲਈ ਉਹ ਲੋਕਾਂ ਲਈ ਲੜ ਨਹੀਂ ਸਕਦੇ। ਉਹ ਬਦਲਾਅ ਨਹੀਂ ਲਿਆ ਸਕਦੇ, ਨਾ ਹੀ ਉਹ ਉਮੀਦਾਂ 'ਤੇ ਖਰੇ ਉਤਰ ਸਕਦੇ ਹਨ, ਇਸ ਲਈ ਉਹ 2022 ਦੇ ਸਮਝੌਤੇ ਨੂੰ ਖ਼ਤਮ ਕਰ ਰਹੇ ਹਨ।' ਸੀ.ਬੀ.ਸੀ ਦੀ ਪਾਵਰ ਐਂਡ ਪਾਲੀਟਿਕਸ 'ਤੇ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਕਿਹਾ ਕਿ ਜਦੋਂ ਐਨ.ਡੀ.ਪੀ ਨੇ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੂੰ ਕਾਰਪੋਰੇਟ ਲਾਲਚ 'ਤੇ ਕਾਰਵਾਈ ਕਰਨ ਲਈ ਕਿਹਾ ਤਾਂ ਇਹ ਅਸਫਲ ਰਹੀ।

ਹੁਣ ਜਦੋਂ ਜਗਮੀਤ ਸਿੰਘ ਨੇ ਲਿਬਰਲ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ ਤਾਂ ਸਵਾਲ ਇਹ ਉੱਠਦਾ ਹੈ ਕਿ ਕੀ ਹੁਣ ਟਰੂਡੋ ਕੀ ਕਰਨਗੇ ?

(ਬਾਕੀ ਸ਼ਫ਼ਾ 30 'ਤੇ)

## ਪੰਜਾਬ ਦੇ ਵਿਅਕਤੀ ਨੇ ਨਿਊਜ਼ੀਲੈਂਡ 'ਚ ਗੱਡੇ ਝੰਡੇ, ਬਣਿਆ ਪਹਿਲਾ ਸਿੱਖ 'ਇਸ਼ੂਇੰਗ ਅਫ਼ਸਰ'

ਦਸੂਹਾ/ਏ.ਟੀ.ਨਿਊਜ਼: ਦਸੂਹਾ ਸ਼ਹਿਰ ਦੇ ਜੰਮਪਲ ਕਰਮਜੀਤ ਸਿੰਘ ਤਲਵਾੜ ਨੇ ਨਿਊਜ਼ੀਲੈਂਡ ਵਿੱਚ ਮਨਿਸਟਰੀ ਆਫ਼ ਜਸਟਿਸ ਸਰਵਿਸਜ਼ ਨਾਲ ਸਬੰਧ 'ਇਸ਼ੂਇੰਗ ਅਫ਼ਸਰ' ਵਜੋਂ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੂੰ ਇਹ ਵਕਾਰੀ ਅਹੁਦਾ ਨਿਊਜ਼ਲੈਂਡ ਦੇ 'ਅਟਾਰਨੀ ਜਨਰਲ' ਨੇ ਸੌਂਪਿਆ। ਇਸ ਨਾਲ ਸਮੁੱਚੇ ਦੇਸ਼ ਵਿੱਚ ਉਨ੍ਹਾਂ ਦਾ ਨਾਮ ਰੌਸ਼ਨ ਹੋਇਆ ਅਤੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਇਥੇ ਜ਼ਿਕਰਯੋਗ ਹੈ ਕਿ ਉਹ ਧਾਰਮਿਕ ਸਿੱਖ ਆਗੂ ਜੋਗਿੰਦਰ ਸਿੰਘ ਤਲਵਾੜ ਦੇ ਬੇਟੇ ਹਨ। ਇਸ ਤੋਂ ਪਹਿਲਾ ਤਲਵਾੜ ਨਿਊਜ਼ੀਲੈਂਡ ਦੇ ਨੋਰਥ ਸ਼ੋਰ ਇਲਾਕੇ ਦੇ ਇਕਲੌਤੇ 'ਜਸਟਿਸ ਆਫ਼ ਪੀਸ (ਜੇ.ਪੀ.) ਵਜੋਂ ਸੇਵਾਵਾਂ ਨਿਭਾਅ ਰਹੇ ਸਨ।



ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਨਿਊਜ਼ੀਲੈਂਡ ਵਿੱਚ ਕੋਈ ਅੰਮ੍ਰਿਤਧਾਰੀ ਸਿੱਖ ਇਸ਼ੂਇੰਗ ਅਫ਼ਸਰ ਬਣਿਆ ਹੋਵੇ। ਜਦਕਿ ਤਕਰੀਬਨ 27 ਸਾਲ ਤੋਂ ਪਰਿਵਾਰ ਸਮੇਤ ਨਿਊਜ਼ੀਲੈਡ ਵਿੱਚ ਰਹਿ ਰਹੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ਸਕੂਲ ਬੋਰਡ ਦੇ ਤਿੰਨ ਵਾਰ ਟਰੱਸਟੀ ਵੀ ਬਣੇ ਹਨ।

## ਜੇਕਰ ਸਿੱਖ ਨਾ ਹੁੰਦੇ ਤਾਂ ਅੱਜ ਪਾਕਿਸਤਾਨ ਦੀ ਹੱਦ ਦਿੱਲੀ ਹੁੰਦੀ : ਜਥੇਦਾਰ ਗਿ. ਹਰਪ੍ਰੀਤ ਸਿੰਘ

### 'ਸਿੱਖਾਂ ਦੇ ਵੋਟਾਂ ਤੇ ਨੋਟਾਂ ਦਾ ਇਸਤੇਮਾਲ ਕਰਦੀਆਂ ਹਨ ਰਾਜਨੀਤਿਕ ਪਾਰਟੀਆਂ'

### ਗੁਰਦੁਆਰਿਆਂ ਵਿੱਚ ਸਰਕਾਰੀ ਦਖ਼ਲ ਨੂੰ ਸਰਕਾਰਾਂ ਦੀ ਡੂੰਘੀ ਸਾਜ਼ਸ਼ ਦੱਸਿਆ

ਕਰਨਾਲ/ਏ.ਟੀ.ਨਿਊਜ਼: ਸਿੱਖਾਂ ਦੇ ਲੰਮੇ ਦਾੜ੍ਹੇ ਅਤੇ ਦਸਤਾਰ ਤੋਂ ਨਫ਼ਰਤ ਕਰਨ ਵਾਲਿਆਂ ਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਜੇਕਰ ਇਹ ਲੰਮੇ ਦਾੜ੍ਹੇ ਤੇ ਦਸਤਾਰਾਂ ਵਾਲੇ ਸਿੱਖ ਨਾ ਹੁੰਦੇ ਤਾਂ 1947 ਵਿੱਚ ਪਾਕਿਸਤਾਨ ਦੀ ਹੱਦ ਦਿੱਲੀ ਤੱਕ ਹੁੰਦੀ ਅਤੇ ਮੇਰਠ, ਸਹਾਰਨਪੁਰ ਦਾ ਖੇਤਰ ਅੱਜ ਭਾਰਤ ਵਿੱਚ ਨਹੀਂ ਸਗੋਂ ਪਾਕਿਸਤਾਨ ਵਿੱਚ ਹੁੰਦਾ। ਇਹ ਗੱਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹਰਿਆਣਾ ਦੇ ਕਰਨਾਲ ਵਿੱਚ ਹੋਏ ਸਿੱਖ ਸੰਮੇਲਨ ਵਿੱਚ ਕਹੀ।

ਹਰਿਆਣਾ ਸਿੱਖ ਏਕਤਾ ਦਲ ਵਲੋਂ ਕਰਵਾਏ ਗਏ ਹਰਿਆਣਾ ਸਿੱਖ ਸੰਮੇਲਨ ਵਿੱਚ ਬੋਲਦੇ ਹੋਏ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਸਿੱਖਾਂ ਦੇ ਵੋਟਾਂ ਤੇ ਨੋਟਾਂ ਦਾ ਇਸਤੇਮਾਲ ਕਰਦੀਆਂ ਹਨ ਪਰ ਜਦੋਂ ਸਿੱਖਾਂ ਦੇ ਹੱਕ ਦੇਣ ਲਈ ਗੱਲ ਆਉਂਦੀ ਹੈ ਤਾਂ ਸਾਰਿਆਂ ਪਾਰਟੀਆਂ ਸਿੱਖਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੀਆਂ ਹਨ। ਉਨ੍ਹਾਂ ਨੇ ਗੁਰਦੁਆਰਿਆਂ ਵਿੱਚ ਸਰਕਾਰੀ



ਦਖ਼ਲ ਨੂੰ ਸਰਕਾਰਾਂ ਦੀ ਡੂੰਘੀ ਸਾਜ਼ਸ਼ ਦਸਿਆ।

ਇਸ ਤੋਂ ਪਹਿਲਾਂ ਬਾਬਾ ਗੁਰਦਿੰਦਰ ਸਿੰਘ ਮਾਂਡੀ, ਬਾਬਾ ਗੁਰਮੀਤ ਸਿੰਘ ਗੁਰਦੁਆਰਾ ਰਾਜ ਕਰੇਗਾ ਖ਼ਾਲਸਾ ਅਤੇ ਬਾਬਾ ਮੇਹਰ ਸਿੰਘ ਨੇ ਵੀ ਸਿੱਖ ਕੌਮ ਦੀ ਚੜਦੀਕਲਾ ਲਈ ਕੌਮੀ ਏਕਤਾ ਨੂੰ ਸਮੇਂ ਦੀ ਲੋੜ ਦਸਿਆ। ਹਰਿਆਣੇ ਸਿੱਖ ਏਕਤਾ ਦਲ ਵਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਹੋਰ ਸਿੱਖ ਸ਼ਖ਼ਸੀਅਤਾਂ ਨੂੰ ਸਿਰੋਪਾ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ।



# ਅਮਰੀਕਨ ਰਾਸ਼ਟਰਪਤੀ ਚੋਣਾਂ 'ਚ ਭਾਰਤੀ ਭਾਈਚਾਰਾ ਬਣਿਆ 'ਸਿਆਸੀ ਤਾਕਤ'

## ਪਹਿਲਾਂ ਵੀ ਰਿਹੈ ਅਮਰੀਕੀ ਚੋਣਾਂ ਵਿੱਚ 'ਇੰਡੀਆ ਫ਼ੈਕਟਰ' ਦਾ ਦਬਦਬਾ

### ਲਗਭਗ 42 ਲੱਖ ਭਾਰਤੀ ਰਹਿੰਦੇ ਹਨ ਅਮਰੀਕਾ ਵਿੱਚ

### ਕਰੀਬ 27 ਲੱਖ ਭਾਰਤੀ ਅਮਰੀਕੀ ਨਾਗਰਿਕਾਂ ਨੂੰ ਹੈ ਵੋਟ ਦੇਣ ਦਾ ਅਧਿਕਾਰ

ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਵਿੱਚ ਭਾਰਤੀ ਭਾਈਚਾਰਾ ਨਾ ਸਿਰਫ਼ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਪਣੀ ਕਾਬਲੀਅਤ ਨੂੰ ਸਾਬਤ ਕਰ ਚੁੱਕਿਆ ਹੈ, ਸਗੋਂ ਹੁਣ ਇੱਕ 'ਸਿਆਸੀ ਤਾਕਤ' ਵਜੋਂ ਵੀ ਉੱਭਰ ਰਿਹਾ ਹੈ। ਅਮਰੀਕਾ 'ਚ ਰਾਸ਼ਟਰਪਤੀ ਚੋਣ ਲਈ ਵੋਟਿੰਗ 5 ਨਵੰਬਰ ਨੂੰ ਹੋਵੇਗੀ, ਮਤਲਬ ਸਿਰਫ਼ 2 ਮਹੀਨੇ ਬਾਕੀ ਹਨ। ਮਰਦਮਸ਼ੁਮਾਰੀ ਦੀ ਰਿਪੋਰਟ ਦੇ ਅਨੁਸਾਰ, ਲਗਭਗ 42 ਲੱਖ ਭਾਰਤੀ ਅਮਰੀਕੀਆਂ ਦੀ ਆਬਾਦੀ ਹੈ, ਜਿਨ੍ਹਾਂ ਵਿੱਚੋਂ ਲਗਭਗ 27 ਲੱਖ ਅਮਰੀਕੀ ਨਾਗਰਿਕ ਹਨ, ਜਿਨ੍ਹਾਂ ਨੂੰ ਵੋਟ ਦਾ ਅਧਿਕਾਰ ਹੈ। ਸਿੱਖਿਅਤ ਅਤੇ ਪੇਸ਼ੇਵਰ ਹੋਣ ਕਾਰਨ ਭਾਰਤੀ ਭਾਈਚਾਰਾ ਅਮਰੀਕੀ ਸਮਾਜ ਵਿੱਚ ਆਪਣਾ ਮਾਣ-ਸਨਮਾਨ ਕਮਾ ਰਿਹਾ ਹੈ ਅਤੇ ਵਿਸ਼ੇਸ਼ ਮਹੱਤਵ ਵੀ ਹਾਸਲ ਕਰ ਰਿਹਾ ਹੈ। ਚੋਣ ਪ੍ਰਚਾਰ ਦੇ ਆਖ਼ਰੀ ਪੜਾਅ ਵਿੱਚ ਭਾਰਤੀ ਅਮਰੀਕੀ ਭਾਈਚਾਰੇ ਦੇ ਵੱਖ-ਵੱਖ ਸਮੂਹਾਂ ਦੇ ਸਰਗਰਮ ਹੋਣ ਨਾਲ ਚੋਣਾਂ ਬਹੁਤ ਦਿਲਚਸਪ ਹੋ ਗਈਆਂ ਹਨ। ਕੁਝ ਪ੍ਰਭਾਵਸ਼ਾਲੀ ਲੋਕਾਂ ਦੇ ਸਮੂਹ ਨੇ 'ਇੰਡੀਅਨ ਅਮਰੀਕਨ ਫਾਰ ਹੈਰਿਸ' ਮੁਹਿੰਮ ਸ਼ੁਰੂ ਕੀਤੀ ਹੈ। ਇਹ ਗਰੁੱਪ ਭਾਰਤੀ-ਅਫਰੀਕੀ ਮੂਲ ਦੀ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਦਾ ਸਮਰਥਨ ਕਰ ਰਿਹਾ ਹੈ। ਦੂਜੇ ਪਾਸੇ ਇੱਕ ਹੋਰ ਸੰਸਥਾ 'ਫਾਉਂਡੇਸ਼ਨ ਫਾਰ ਇੰਡੀਆ ਐਂਡ ਡਾਇਸਪੋਰਾ ਸਟੱਡੀਜ਼' ਨੇ 'ਇੰਡੋ-ਅਮਰੀਕਨ ਵੋਟਸ ਮੈਟਰ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਦਾ ਉਦੇਸ਼ ਚੋਣਾਂ ਵਿੱਚ ਭਾਰਤੀ ਅਮਰੀਕੀ ਵੋਟਰਾਂ ਦੀ ਹਿੱਸੇਦਾਰੀ ਨੂੰ ਵਧਾਉਣਾ ਹੈ। ਹਾਲ ਹੀ ਦੇ ਓਪੀਨੀਅਨ ਪੋਲ ਵਿੱਚ ਕਮਲਾ ਨੇ ਕੁਝ ਰਾਜਾਂ ਵਿੱਚ ਲੋਕਪ੍ਰਿਯਤਾ ਦੇ ਮਾਮਲੇ ਵਿੱਚ ਟਰੰਪ ਨੂੰ ਪਛਾੜ ਦਿੱਤਾ ਹੈ। ਪਰ ਭਾਰਤੀ ਮੂਲ ਦੀਆਂ ਕੁਝ ਮਸ਼ਹੂਰ ਹਸਤੀਆਂ ਨੇ ਡੋਨਾਲਡ ਟਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਵਿਵੇਕ ਰਾਮਾਸਵਾਮੀ, ਨਿੱਕੀ ਹੈਲੀ ਅਤੇ ਡੈਮੋਕ੍ਰੇਟਿਕ ਪਾਰਟੀ ਦੀ ਸਾਬਕਾ ਨੇਤਾ ਤੁਲਸੀ ਗਬਾਰਡ ਮੋਹਰੀ ਹਨ। ਰਿਪਬਲਿਕਨ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੀ ਸੈਨੇਟਰ ਜੇਡੀ ਵਾਂਸ ਦੀ ਪਤਨੀ ਊਸ਼ਾ ਚਿਲੁਕਾਰੀ ਵਾਂਸ ਭਾਰਤੀ ਮੂਲ ਦੀ ਹੈ ਅਤੇ ਚੋਣ ਪ੍ਰਚਾਰ ਵਿੱਚ ਪ੍ਰਮੁੱਖ ਹੋ ਗਈ ਹੈ। ਕਿਸੇ ਵੀ ਪਾਰਟੀ ਨੂੰ ਜਿੱਤਣ ਲਈ 270 ਦੇ ਜਾਦੂਈ ਅੰਕੜੇ ਨੂੰ ਛੂਹਣਾ ਹੋਵੇਗਾ। ਉਸ ਲਈ 'ਸਵਿੰਗ ਸਟੇਟਸ' ਜਾਂ 'ਬੈਟਲ ਗਰਾਉਂਡ' ਦੇ ਨਤੀਜੇ ਫੈਸਲਾਕੁੰਨ ਸਾਬਤ ਹੋ ਸਕਦੇ ਹਨ। 'ਸਵਿੰਗ ਸਟੇਟਸ' ਵਿੱਚ ਭਾਰਤੀ ਅਮਰੀਕੀਆਂ ਦੀ ਵੱਡੀ ਆਬਾਦੀ ਹੈ। ਉੱਤਰੀ ਕੈਰੋਲੀਨਾ, ਵਿਸਕਾਨਸਿਨ, ਜਾਰਜੀਆ, ਮਿਸ਼ੀਗਨ, ਐਰੀਜ਼ੋਨਾ, ਪੈਨਸਿਲਵੇਨੀਆ ਨੂੰ ਪ੍ਰਮੁੱਖ 'ਸਵਿੰਗ ਸਟੇਟਸ' ਮੰਨਿਆ ਜਾਂਦਾ ਹੈ, ਇੱਥੇ ਵੋਟਰਾਂ ਦਾ ਰਵੱਈਆ ਸਪੱਸ਼ਟ ਨਹੀਂ ਹੈ। ਜਿਸ ਪਾਰਟੀ ਨੂੰ ਉਹ ਵੋਟ ਦਿੰਦੇ ਹਨ, ਉਸ ਦੀ ਜਿੱਤ ਯਕੀਨੀ ਹੁੰਦੀ ਹੈ।



**'ਇੰਡੀਆ ਫੈਕਟਰ' ਦੀ ਮਹੱਤਵਪੂਰਨ ਭੂਮਿਕਾ**:ਇਸ ਵਾਰ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ 'ਇੰਡੀਆ ਫੈਕਟਰ' ਦਾ ਦਬਦਬਾ ਦਿਖਾਈ ਦੇ ਰਿਹਾ ਹੈ। ਟਰੰਪ ਦੀ ਚੋਣ ਮੁਹਿੰਮ ਨੂੰ ਸੰਭਾਲਣ ਵਾਲਿਆਂ ਨੂੰ ਲੱਗਦਾ ਹੈ ਕਿ ਕਮਲਾ ਹੈਰਿਸ ਘੱਟ ਗਿਣਤੀ ਵੋਟਰਾਂ ਭਾਵ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਆਕਰਸ਼ਿਤ ਕਰ ਸਕਦੀ ਹੈ। ਇਸ ਦੇ ਨਾਲ ਹੀ ਡੈਮੋਕਰੇਟਿਕ ਪੱਖ ਤੋਂ ਕਮਲਾ ਹੈਰਿਸ ਪਹਿਲਾਂ ਹੀ ਉਪ ਰਾਸ਼ਟਰਪਤੀ ਵਜੋਂ ਭਾਰਤੀ ਅਮਰੀਕੀ ਭਾਈਚਾਰੇ ਵਿੱਚ ਹਰਮਨ ਪਿਆਰੇ ਹਨ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਓਹੀਓ ਦੇ ਸੈਨੇਟਰ ਜੇਡੀ ਵੈਨਸ ਨੂੰ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਪ ਰਾਸ਼ਟਰਪਤੀ ਲਈ ਨਾਮਜ਼ਦ ਕੀਤਾ ਹੋਇਆ ਹੈ। ਇਸ ਨਾਲ ਭਾਰਤੀ ਅਮਰੀਕੀ ਭਾਈਚਾਰਾ ਫਿਰ ਤੋਂ ਚਰਚਾ 'ਚ ਆ ਗਿਆ ਹੈ, ਕਿਉਂਕਿ ਵੈਨਸ ਦੀ ਪਤਨੀ ਭਾਰਤੀ ਮੂਲ ਦੀ ਊਸ਼ਾ ਚਿਲੁਕੁਰੀ ਹੈ।

ਵੈਨਸ ਦੀ ਉਮੀਦਵਾਰੀ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਅਗਲੇ ਚਾਰ ਸਾਲਾਂ ਤੱਕ ਭਾਰਤੀ ਮੂਲ ਦੇ ਕਿਸੇ ਵਿਅਕਤੀ ਦੇ ਵ੍ਹਾਈਟ ਹਾਊਸ ਵਿੱਚ ਮੌਜੂਦ ਰਹਿਣ ਦੀ ਉਮੀਦ ਹੈ। ਬਾਈਡਨ ਦੇ ਚੋਣ ਮੈਦਾਨ ਵਿਚੋਂ ਹਟਣ ਤੋਂ ਬਾਅਦ ਕਮਲਾ ਹੈਰਿਸ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੇਟਸ ਦੀ ਸਭ ਤੋਂ ਮਜ਼ਬੂਤ ਉਮੀਦਵਾਰ ਬਣ ਗਈ ਹੈ। ਜੇ ਕਮਲਾ ਹੈਰਿਸ ਰਾਸ਼ਟਰਪਤੀ ਬਣ ਜਾਂਦੀ ਹੈ ਤਾਂ ਭਾਰਤੀ ਅਮਰੀਕੀਆਂ ਨੂੰ ਆਪਣਾ ਪਹਿਲਾ ਰਾਸ਼ਟਰਪਤੀ ਮਿਲੇਗਾ। ਜੇਕਰ ਟਰੰਪ ਜਿੱਤ ਜਾਂਦੇ ਹਨ ਤਾਂ ਊਸ਼ਾ ਵਾਈਟ ਹਾਊਸ 'ਚ ਜੇਡੀ ਵੈਨਸ ਦੀ ਪਤਨੀ ਦੇ ਰੂਪ 'ਚ ਰਹੇਗੀ। ਦੋਵਾਂ ਪਾਰਟੀਆਂ ਦੇ ਰਾਜਨੀਤਿਕ ਕਾਰਕੁਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪ੍ਰਤੀਨਿਧਤਾ ਵਿੱਚ ਵਾਧਾ ਇੱਕ ਵੋਟਰ ਸਮੂਹ ਨਾਲ ਜੁੜਨ ਦੀ ਕੋਸ਼ਿਸ਼ ਦੇ ਅਨੁਸਾਰ ਹੋਵੇਗਾ ਜਿਸ ਨੂੰ ਲੰਬੇ ਸਮੇਂ ਤੋਂ ਅਣਡਿੱਠ ਕੀਤਾ ਗਿਆ ਹੈ।

2024 ਦੀ ਰਾਸ਼ਟਰਪਤੀ ਚੋਣ ਦੇ ਪਹਿਲੇ ਗੇੜ ਵਿੱਚ ਦੋ ਭਾਰਤੀ ਅਮਰੀਕੀਆਂ ਨਿੱਕੀ ਹੇਲੀ ਅਤੇ ਵਿਵੇਕ ਰਾਮਾਸਵਾਮੀ ਨੇ ਆਪਣਾ ਦਾਅਵਾ ਪੇਸ਼ ਕੀਤਾ ਸੀ। ਹਾਲਾਂਕਿ, ਬਾਅਦ ਵਿੱਚ ਉਹ ਪਿੱਛੇ ਹਟ ਗਏ ਅਤੇ ਦੋਵਾਂ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ।

**ਬਦਲਦੀ ਨਜ਼ਰ ਆ ਰਹੀ ਹੈ ਤਸਵੀਰ** :ਕਮਲਾ ਹੈਰਿਸ ਅਮਰੀਕਾ ਦੀ ਕਿਸੇ ਵੱਡੀ ਸਿਆਸੀ ਪਾਰਟੀ ਤੋਂ ਟਿਕਟ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਮੂਲ ਦੀ ਨੇਤਾ ਬਣ ਗਈ ਹੈ ਅਤੇ ਜੇਕਰ ਉਹ ਜਿੱਤ ਜਾਂਦੀ ਹੈ ਤਾਂ ਉਹ ਰਾਸ਼ਟਰਪਤੀ ਬਣਨ ਵਾਲੀ ਅਮਰੀਕਾ ਦੀ ਪਹਿਲੀ ਮਹਿਲਾ ਨੇਤਾ ਹੋਵੇਗੀ, ਜਿਸ ਨਾਲ ਕਿਆਸ ਅਰਾਈਆਂ ਵਧ ਜਾਣਗੀਆਂ। ਕਿਆਸ ਲਗਾਏ ਜਾ ਰਹੇ ਸਨ ਕਿ ਕਮਲਾ ਹੈਰਿਸ ਨੂੰ ਭਾਰਤੀ ਅਮਰੀਕੀ ਭਾਈਚਾਰੇ ਤੋਂ ਕਾਫ਼ੀ ਸਮਰਥਨ ਮਿਲੇਗਾ। ਪਰ, ਕਮਲਾ ਹੈਰਿਸ ਨੂੰ ਇਹ ਸਮਰਥਨ ਹਾਸਲ ਕਰਨ ਵਿੱਚ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿਆਸੀ ਪਰਦੇ 'ਤੇ ਕਾਫ਼ੀ ਬਦਲੀ ਤਸਵੀਰ ਦਿਖਾਈ ਦੇ ਰਹੀ ਹੈ। ਕੁਝ ਭਾਰਤੀ ਅਮਰੀਕੀਆਂ ਦਾ ਝੁਕਾਅ ਉਸ ਦੇ ਵਿਰੋਧੀ ਡੋਨਾਲਡ ਟਰੰਪ ਵੱਲ ਹੈ। ਟਰੰਪ ਦੀਆਂ ਟੈਕਸ ਨੀਤੀਆਂ, ਛੋਟੇ ਕਾਰੋਬਾਰਾਂ 'ਤੇ ਉਨ੍ਹਾਂ ਦਾ ਧਿਆਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਨਜ਼ਦੀਕੀ ਸੰਬੰਧਾਂ ਵਰਗੇ ਤੱਥਾਂ ਨੇ ਭਾਰਤੀ ਭਾਈਚਾਰੇ ਨੂੰ ਟਰੰਪ ਵੱਲ ਖਿੱਚਿਆ ਹੈ।

**ਸੰਯੁਕਤ ਰਾਜ ਵਿੱਚ ਭਾਰਤੀ ਭਾਈਚਾਰੇ ਦਾ ਡੂੰਘਾ ਪ੍ਰਭਾਵ**

ਭਾਰਤੀ ਅਮਰੀਕੀ ਹੁਣ ਅਮਰੀਕਾ ਵਿੱਚ ਇੱਕ ਮਹੱਤਵਪੂਰਨ ਵੋਟਰ ਸਮੂਹ ਬਣ ਗਏ ਹਨ, ਜਿਨ੍ਹਾਂ ਦੀ ਗਿਣਤੀ 1990 ਦੇ ਦਹਾਕੇ ਦੇ ਸ਼ੁਰੂ ਤੋਂ ਦਸ ਗੁਣਾ ਵੱਧ ਗਈ ਹੈ। ਅੰਕੜਿਆਂ ਅਨੁਸਾਰ, ਕਰੀਬ 27 ਲੱਖ ਯੋਗ ਭਾਰਤੀ ਅਮਰੀਕੀ ਵੋਟਰ ਹਨ, ਜੋ ਕਿਸੇ ਸਿਆਸਤਦਾਨ ਦੀ ਜਿੱਤ ਜਾਂ ਹਾਰ 'ਤੇ ਪ੍ਰਭਾਵ ਪਾ ਸਕਦੇ ਹਨ। ਏਸ਼ੀਆਈ ਅਮਰੀਕੀ ਹੁਣ ਦੇਸ਼ ਭਰ ਵਿੱਚ ਯੋਗ ਵੋਟਰਾਂ ਦਾ 6.1% ਬਣਦੇ ਹਨ। ਹਾਲੀਆ ਪੋਲਿੰਗ ਡੇਟਾ ਇਹਨਾਂ ਤਬਦੀਲੀਆਂ 'ਤੇ ਰੌਸ਼ਨੀ ਪਾਉਂਦਾ ਹੈ। ਡੇਟਾ ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਭਾਰਤੀ ਅਮਰੀਕੀਆਂ ਦੀ ਪ੍ਰਤੀਸ਼ਤਤਾ, ਜਿਨ੍ਹਾਂ ਨੇ ਹਮੇਸ਼ਾ ਡੈਮੋਕ੍ਰੇਟਿਕ ਪਾਰਟੀ ਨੂੰ ਵੋਟ ਦਿੱਤੀ ਹੈ, 2020 ਵਿੱਚ 54% ਤੋਂ ਘਟ ਕੇ 2024 ਵਿੱਚ 47% ਰਹਿਣ ਦੀ ਉਮੀਦ ਹੈ। ਇਸ ਦੇ ਉਲਟ, ਰਿਪਬਲਿਕਨ ਵਜੋਂ ਪਛਾਣ ਕਰਨ ਵਾਲੇ ਭਾਰਤੀ ਅਮਰੀਕੀ ਵੋਟਰਾਂ ਦੀ ਗਿਣਤੀ ਉਸੇ ਸਮੇਂ ਦੌਰਾਨ 16% ਤੋਂ ਵਧ ਕੇ 21% ਹੋ ਗਈ ਹੈ। ਇਸ ਤੋਂ ਇਲਾਵਾ, ਭਾਰਤੀ ਅਮਰੀਕੀ ਵੋਟਰਾਂ ਵਿੱਚ ਕਮਲਾ ਹੈਰਿਸ ਦੀ ਲੋਕਪ੍ਰਿਯਤਾ 2022 ਵਿੱਚ 62% ਤੋਂ ਘਟ ਕੇ ਜੁਲਾਈ 2024 ਵਿੱਚ 54% ਰਹਿਣ ਦੀ ਉਮੀਦ ਹੈ।

ਅਮਰੀਕੀ ਜਨਗਣਨਾ ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤੀ ਅਮਰੀਕੀਆਂ ਦੀ ਔਸਤ ਘਰੇਲੂ ਆਮਦਨ 123,700 ਡਾਲਰ ਹੈ, ਜੋ ਕਿ 63,922 ਡਾਲਰ ਦੀ ਰਾਸ਼ਟਰੀ ਔਸਤ ਤੋਂ ਲਗਭਗ ਦੁੱਗਣੀ ਹੈ। ਅਮਰੀਕਾ ਵਿੱਚ ਹਰ ਪੰਜਵੇਂ ਯੂਨੀਕੋਰਨ ਦਾ ਸੀ.ਈ.ਓ. ਭਾਰਤੀ ਮੂਲ ਦਾ ਹੈ ਅਤੇ ਅੰਤਰਰਾਸ਼ਟਰੀ ਪ੍ਰਭਾਵ ਵਾਲੀਆਂ ਕਈ ਵੱਡੀਆਂ ਅਮਰੀਕੀ ਕੰਪਨੀਆਂ ਦੇ ਸੀ.ਈ.ਓ. ਵੀ ਭਾਰਤੀ ਹਨ, ਜਿਸ ਕਾਰਨ ਭਾਰਤੀ ਮੂਲ ਦੇ ਵੋਟਰਾਂ ਦਾ ਪ੍ਰਭਾਵ ਕਾਫ਼ੀ ਵਧਦਾ ਹੈ ਅਤੇ ਵੋਟਰਾਂ ਦੀਆਂ ਕਈ ਹੋਰ ਸ਼੍ਰੇਣੀਆਂ 'ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ। (ਬਾਕੀ ਸਫ਼ਾ 31 'ਤੇ)



## ਭਾਰਤੀ ਵੋਟਰਾਂ ਦੀ ਆਬਾਦੀ ਵਧੀ



ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਭਾਰਤੀਆਂ ਦੇ ਮਹੱਤਵਪੂਰਨ ਯੋਗਦਾਨ ਦਾ ਸਭ ਤੋਂ ਵੱਡਾ ਅਤੇ ਪਹਿਲਾ ਕਾਰਨ ਅਮਰੀਕਾ ਵਿੱਚ ਭਾਰਤੀ ਵੋਟਰਾਂ ਦੀ ਵਧਦੀ ਆਬਾਦੀ ਹੈ। ਅਮਰੀਕਾ ਵਿੱਚ ਪ੍ਰਵਾਸ ਮਾਮਲਿਆਂ ਦੀ ਸੰਸਥਾ ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਅਮਰੀਕਾ ਵਿੱਚ ਭਾਰਤੀ ਅਮਰੀਕੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅੱਸੀਵਿਆਂ ਵਿੱਚ ਪਹਿਲੀ ਵਾਰ ਭਾਰਤੀ ਅਮਰੀਕੀ ਵੋਟਰਾਂ ਨੂੰ ਆਬਾਦੀ ਦੇ ਹਿੱਸੇ ਵਜੋਂ ਗਿਣਿਆ ਗਿਆ ਸੀ। ਇਸ ਤੋਂ ਬਾਅਦ ਇਨ੍ਹਾਂ ਦੀ ਆਬਾਦੀ ਵਧ ਗਈ।

ਅੰਕੜਿਆਂ ਅਨੁਸਾਰ ਅਮਰੀਕਾ ਦੀ ਆਬਾਦੀ ਲਗਭਗ 32.82 ਕਰੋੜ ਹੈ। ਜਦੋਂ ਕਿ ਇਨ੍ਹਾਂ ਵਿੱਚ ਪਰਵਾਸੀਆਂ ਦੀ ਗਿਣਤੀ 4.5 ਕਰੋੜ ਦੇ ਕਰੀਬ ਹੈ, ਜੋ ਕਿ ਕੁੱਲ ਆਬਾਦੀ ਦਾ ਲਗਭਗ 14% ਹੈ। 2010 ਤੋਂ 2017 ਦਰਮਿਆਨ ਕੁੱਲ 8 ਲੱਖ ਭਾਰਤੀ ਪ੍ਰਵਾਸੀ ਅਮਰੀਕਾ ਵਿੱਚ ਵਸੇ। ਇਹ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਸਭ ਤੋਂ ਵੱਧ ਅਮਰੀਕਾ ਪਹੁੰਚਣ ਵਾਲੇ ਪਰਵਾਸੀਆਂ ਵਿੱਚ ਚੀਨ ਦਾ ਪਹਿਲਾ ਸਥਾਨ ਹੈ। ਉਥੇ 28 ਲੱਖ ਤੋਂ ਵੱਧ ਪ੍ਰਵਾਸੀ ਮੌਜੂਦ ਹਨ। ਜਦਕਿ ਦੂਜੇ ਸਥਾਨ 'ਤੇ ਭਾਰਤੀਆਂ ਦੀ ਗਿਣਤੀ 26 ਲੱਖ ਤੋਂ ਵੱਧ ਹੈ। ਅਮਰੀਕਾ ਵਿੱਚ ਹਰ 6 ਪਰਵਾਸੀਆਂ ਵਿੱਚੋਂ 1 ਭਾਰਤੀ ਹੈ। ਇਹ ਇੱਕ ਵੱਡਾ ਕਾਰਨ ਹੈ, ਜੋ ਰਾਸ਼ਟਰਪਤੀ ਚੋਣਾਂ ਵਿੱਚ ਨਤੀਜਾ ਬਦਲ ਸਕਦਾ ਹੈ।

**ਕਾਫ਼ੀ ਸ਼ਕਤੀਸ਼ਾਲੀ ਹਨ ਅਮਰੀਕੀ ਭਾਰਤੀ** : ਇੱਕ ਹੋਰ ਕਾਰਨ ਅਮਰੀਕਾ ਵਿੱਚ ਉੱਚ ਅਹੁਦਿਆਂ 'ਤੇ ਭਾਰਤੀ ਅਮਰੀਕੀਆਂ ਦੀ ਮੌਜੂਦਗੀ ਹੈ। ਆਮ ਤੌਰ 'ਤੇ, ਸਿੱਖਿਆ ਅਤੇ ਕੰਮ ਕਾਰਨ, ਭਾਰਤੀ ਉੱਥੇ ਰਹਿੰਦੇ ਹਨ ਅਤੇ ਨਾਗਰਿਕਤਾ ਪ੍ਰਾਪਤ ਕਰਦੇ ਹਨ। ਇਹੀ ਕਾਰਨ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਆਪਣੀ ਹੋਂਦ ਲਈ ਵੱਡੀਆਂ ਪੀੜ੍ਹੀਆਂ ਦੇ ਪਿੱਛੇ ਲੱਗ ਕੇ ਉੱਚੇ ਅਹੁਦੇ ਹਾਸਲ ਕਰਦੀਆਂ ਹਨ। ਉਹ ਰਾਜਨੀਤੀ ਵਿੱਚ ਵੀ ਅਹਿਮ ਅਹੁਦਿਆਂ 'ਤੇ ਰਹੇ ਹਨ। ਕਮਲਾ ਹੈਰਿਸ ਇਸ ਦੀ ਵੱਡੀ ਉਦਾਹਰਣ ਹੈ।

# 'ਰਾਜਨੀਤੀ ਅਤੇ ਜੰਗੀ ਖੇਡ' ਦਾ ਅਖਾੜਾ ਬਣਿਆ ਵਿਸ਼ਵ

## ਦੁਨੀਆਂ ਦੇ ਹਰ ਹਿੱਸੇ ਵਿੱਚ ਖੇਡੀ ਜਾਂਦੀ ਹੈ ਮੁਨਾਫ਼ੇ ਦੀ ਖੇਡ

## ਵੱਖ-ਵੱਖ ਦੇਸ਼ਾਂ ਦੀਆਂ ਲੋਕਤੰਤਰੀ ਪ੍ਰਣਾਲੀਆਂ 'ਤੇ ਵੀ ਭਾਰੀ ਹੋਇਆ ਪੂੰਜੀਵਾਦੀ ਸਿਸਟਮ














ਅੱਜ ਦੇ ਆਧੁਨਿਕ ਸਮੇਂ ਵਿੱਚ ਦੁਨੀਆਂ ਇੱਕ ਗਲੋਬਲ ਪਿੰਡ ਬਣ ਚੁੱਕੀ ਹੈ ਵੱਖ- ਵੱਖ ਇਲਾਕਿਆਂ ਵਿੱਚ ਵਾਪਰਦੀਆਂ ਘਟਨਾਵਾਂ ਦਾ ਅਸਰ ਅਕਸਰ ਪੂਰੀ ਦੁਨੀਆਂ ਵਿੱਚ ਹੀ ਹੁੰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਪੂਰੀ ਦੁਨੀਆਂ ਰਾਜਨੀਤੀ ਦਾ ਇੱਕ ਅਖਾੜਾ ਬਣ ਚੁੱਕੀ ਹੈ। ਜਿੰਦਗੀ ਦੇ ਵੱਖ- ਵੱਖ ਖੇਤਰਾਂ 'ਚ ਰਾਜਨੀਤੀ ਦੀ ਖੇਡ ਖੇਡੀ ਜਾ ਰਹੀ ਹੈ। ਪੂਰੇ ਸੰਸਾਰ ਵਿੱਚ ਹੀ ਮਹਾਂ ਸ਼ਕਤੀਆਂ ਅਤੇ ਤਾਕਤਵਰ ਧਿਰਾਂ ਕਈ ਤਰਾਂ ਦੀਆਂ ਸਿਆਸੀ ਖੇਡਾਂ ਅਤੇ ਆਪਣੇ ਮੁਨਾਫ਼ੇ ਵਾਲੀਆਂ ਖੇਡਾਂ ਖੇਡ ਰਹੀਆਂ ਹਨ।

ਗੱਲ ਸ਼ੁਰੂ ਕਰਦੇ ਹਾਂ ਭਾਰਤ ਤੋਂ ਤਾਂ ਇਸ ਸਮੇਂ ਭਾਰਤ ਦੇ ਹਰਿਆਣਾ ਰਾਜ ਅਤੇ ਜੰਮੂ- ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਦੇਸ਼ ਦੇ ਸਿਆਸੀ ਮਾਹੌਲ ਵਿੱਚ ਬਾਕੀ ਸਾਰੀਆਂ ਚਿੰਤਾਵਾਂ ਤੋਂ ਉੱਪਰ ਸਭ ਤੋਂ ਵੱਡੀ ਚਿੰਤਾ ਚੋਣਾਂ ਦੀ ਜਾਪਦੀ ਹੈ। ਜਿਹੜੇ ਲੋਕ ਸੱਤਾ ਵਿੱਚ ਹਨ, ਉਹ ਕਿਸੇ ਵੀ ਤਰੀਕੇ ਨਾਲ ਇਸ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਨਹੀਂ ਹਨ, ਉਨ੍ਹਾਂ ਦਾ ਸਾਰਾ ਧਿਆਨ ਕਿਸੇ ਨਾ ਕਿਸੇ ਤਰੀਕੇ ਨਾਲ ਸੱਤਾ ਵਿੱਚ ਵਾਪਸੀ 'ਤੇ ਹੈ।

ਸਾਡੇ ਪੱਤਰਕਾਰ ਭਰਾ ਵੀ ਪਿਛਲੇ ਕਈ ਸਾਲਾਂ ਤੋਂ ਪੱਤਰਕਾਰੀ ਦੀ ਸ਼ਾਨਦਾਰ ਖੇਡ ਖੇਡ ਰਹੇ ਹਨ। ਜਿਹੜੇ ਲੋਕ ਮਨੀਪੁਰ ਜਾ ਕੇ ਜ਼ਮੀਨੀ ਹਕੀਕਤ ਦਾ ਪਤਾ ਨਹੀਂ ਲਗਾ ਸਕੇ, ਉਹ ਦਿਨ ਰਾਤ ਇਜ਼ਰਾਇਲ-ਹਮਾਸ, ਰੂਸ ਯੂਕ੍ਰੇਨ ਦੀ ਰਿਪੋਰਟਿੰਗ ਕਰ ਰਹੇ ਹਨ। ਇਸ ਖੇਡ ਦਾ ਸਭ ਤੋਂ ਵੱਡਾ ਖਿਡਾਰੀ ਅਮਰੀਕਾ ਸ਼ਾਇਦ ਯੁੱਧ ਦੀ ਇਸ ਪਾਰੀ ਨੂੰ ਲੰਮਾ ਕਰਨਾ ਚਾਹੁੰਦਾ ਹੈ ਤਾਂ ਕਿ ਹਥਿਆਰਾਂ ਦੀ ਵਿਕਰੀ ਵਧੇ ਅਤੇ ਉਸ ਦਾ ਮੁਨਾਫ਼ਾ ਵੀ ਵਧੇ। ਅਮਰੀਕਾ ਵੀ ਆਪਣੀ ਖੇਡ ਨੂੰ ਛੁਪਾਉਂਦਾ ਨਹੀਂ ਹੈ। ਜੇਕਰ ਯੂਕ੍ਰੇਨ ਆਪਣੀ ਆਜ਼ਾਦੀ ਲਈ ਲੜਦਾ ਹੈ ਤਾਂ ਉਹ ਉਸ ਦੇ ਨਾਲ ਹੈ ਅਤੇ ਜੇਕਰ ਫ਼ਲਸਤੀਨ ਆਪਣੀ ਆਜ਼ਾਦੀ ਦੀ ਗੱਲ ਕਰਦਾ ਹੈ ਤਾਂ ਉਹ ਅੱਤਵਾਦੀ ਹੈ, ਇਸ ਨੇ ਇਹ ਦੋਹਰਾ ਮਾਪਦੰਡ ਆਸਾਨੀ ਨਾਲ ਅਪਣਾ ਲਿਆ ਹੈ ਅਤੇ ਇਸ ਦੇ ਪੈਰੋਕਾਰ ਵੀ ਅਜਿਹਾ ਹੀ ਕਰ ਰਹੇ ਹਨ। ਬਿਹਤਰ ਹੋਵੇਗਾ ਕਿ ਅਸੀਂ ਅਮਰੀਕਾ ਦੀ ਜੰਗੀ ਰਿਲੇਅ ਦੌੜ ਦਾ ਹਿੱਸਾ ਨਾ ਬਣੀਏ ਪਰ ਇਸ ਦੇ ਲਈ ਸਾਨੂੰ ਸਖ਼ਤੀ ਦਿਖਾਉਣੀ ਪਵੇਗੀ। ਜਿਹੜੇ ਲੋਕ ਹੁਣ ਇਜ਼ਰਾਇਲ ਦੇ ਨਾਲ ਖੜ੍ਹੇ ਹੋਣ ਦਾ ਦਾਅਵਾ ਕਰ ਰਹੇ ਹਨ ਉਹ ਉਹੀ ਸਮੂਹ ਹਨ ਜਿਨ੍ਹਾਂ ਨੂੰ ਹਿਟਲਰ ਦੇ ਸ਼ੁੱਧ ਖ਼ੂਨ ਅਤੇ ਨਸਲ ਦੇ ਵਿਚਾਰ ਆਕਰਸ਼ਕ ਲੱਗਦੇ ਹਨ।

ਦੁਨੀਆਂ ਵਿੱਚ ਇੱਕ ਜੰਗੀ ਖੇਡ ਚੱਲ ਰਹੀ ਹੈ, ਜਿਸ ਵਿੱਚ ਮੁਨਾਫ਼ਾ ਕਮਾਇਆ ਜਾ ਰਿਹਾ ਹੈ ਅਤੇ ਆਮ ਵਾਂਗ ਔਰਤਾਂ, ਬੱਚਿਆਂ ਅਤੇ ਬਹੁਤ ਸਾਰੇ ਬੇਕਸੂਰ ਲੋਕਾਂ ਨਾਲ ਸ਼ਰੇਆਮ ਸਲੂਕ ਕੀਤਾ ਜਾ ਰਿਹਾ ਹੈ। ਛੋਟੀਆਂ ਜਾਂ ਵੱਡੀਆਂ ਜੰਗਾਂ ਵਿੱਚ ਹਰ ਥਾਂ ਔਰਤਾਂ ਹੀ ਸਭ ਤੋਂ ਪਹਿਲਾਂ ਨਿਸ਼ਾਨਾ ਬਣ ਜਾਂਦੀਆਂ ਹਨ। ਇਹ ਮਨੀਪੁਰ ਤੋਂ ਲੈ ਕੇ ਇਜ਼ਰਾਇਲ ਅਤੇ ਫ਼ਲਸਤੀਨ ਤੱਕ ਦੇਖਿਆ ਗਿਆ ਹੈ। ਅਜਿਹੀ ਖ਼ੂਨੀ ਅਤੇ ਵਿਨਾਸ਼ਕਾਰੀ ਖੇਡ 'ਤੇ ਤਿੱਖੀ ਨਜ਼ਰ ਰੱਖਣੀ ਚਾਹੀਦੀ ਹੈ, ਤਾਂ ਜੋ ਇਹ ਜਿੱਥੇ ਵੀ ਸ਼ੁਰੂ ਹੋਵੇ, ਇਸ ਨੂੰ ਰੋਕਿਆ ਜਾ ਸਕੇ।

**ਪੂੰਜੀਵਾਦੀ ਸਿਸਟਮ ਦਾ ਬੋਲਬਾਲਾ** : ਕਹਿਣ ਨੂੰ ਭਾਂਵੇਂ ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਵਿੱਚ ਲੋਕਤੰਤਰ ਲਾਗੂ ਕੀਤਾ ਹੋਇਆ ਹੈ ਜਦੋਂਕਿ ਅਸਲੀਅਤ ਤਾਂ ਇਹ ਹੈ ਕਿ ਕਰੀਬ ਪੂਰੀ ਦੁਨੀਆਂ ਵਿੱਚ ਹੀ ਪੂੰਜੀਵਾਦੀ ਸਿਸਟਮ ਭਾਰੂ ਹੋ ਗਿਆ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਹੁਣ ਪੂੰਜੀਵਾਦੀ ਸਿਸਟਮ ਦੇ ਸਹਾਰੇ ਹੀ ਦੁਨੀਆਂ ਚੱਲ ਰਹੀ ਹੈ। ਪੂੰਜੀਵਾਦੀ ਯੁੱਗ ਵਿੱਚ ਹਰ ਵਸਤੂ ਮੁੱਲ ਮਿਲ ਸਕਦੀ ਹੈ, ਸਿਰਫ਼ ਉਸ ਦੀ ਯੋਗ ਕੀਮਤ ਦੇਣੀ ਪੈਂਦੀ ਹੈ। ਇਸੇ ਕਾਰਨ ਅੱਜ ਵੱਖ- ਵੱਖ ਦੇਸ਼ ਆਪਣਾ ਮਾਲ ਵੇਚਣ ਲਈ ਪੂੰਜੀਵਾਦੀ ਸਿਸਟਮ ਦਾ ਸਹਾਰਾ ਲੈਂਦੇ ਹਨ। ਹਰ ਦੇਸ਼ ਆਪਣੇ ਦੇਸ਼ ਵਿੱਚ ਬਣਦਾ ਅਤੇ ਤਿਆਰ ਹੁੰਦਾ ਮਾਲ ਵੇਚਣ ਲਈ ਰਾਜਨੀਤੀ ਦੀ ਖੇਡ ਖੇਡਦਾ ਹੈ, ਤਾਂ ਕਿ ਉਸ ਦਾ ਵਿੱਤੀ ਲਾਭ ਲੈ ਸਕੇ। ਜਿਵੇਂ ਕੁਝ ਮੁਲਕਾਂ ਵਿੱਚ ਕੀਵੀ ਫਲ ਬਹੁਤ ਹੁੰਦਾ ਹੈ, ਉਹਨਾਂ ਨੇ ਆਪਣਾ ਕੀਵੀ ਫਲ ਪੂਰੀ ਦੁਨੀਆਂ ਵਿੱਚ ਵੇਚਣ ਲਈ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਬੁਖ਼ਾਰ ਅਤੇ ਹੋਰ ਬਿਮਾਰੀਆਂ ਵਿੱਚ ਕੀਵੀ ਫਲ ਖਾਣਾ ਬਹੁਤ ਲਾਭਦਾਇਕ ਹੁੰਦਾ ਹੈ। ਇਸੇ ਕਾਰਨ ਹੁਣ ਪੂਰੀ ਦੁਨੀਆਂ ਵਿੱਚ ਜੋ ਵੀ ਵਿਅਕਤੀ ਬਿਮਾਰ ਹੁੰਦਾ ਹੈ, ਉਹ ਮਹਿੰਗੇ ਭਾਅ ਖਰੀਦ ਕੇ ਕੀਵੀ ਫਲ ਜ਼ਰੂਰ ਖਾਂਦਾ ਹੈ। ਇਸੇ ਤਰ੍ਹਾਂ ਹਰ ਦੇਸ਼ ਆਪਣੇ ਦੇਸ਼ ਵਿੱਚ ਪੈਦਾ ਹੁੰਦਾ ਹਰ ਤਰ੍ਹਾਂ ਦਾ ਖਾਣ ਪੀਣ ਦਾ ਸਮਾਨ ਦੁਨੀਆਂ ਵਿੱਚ ਵੇਚਣ ਲਈ ਹਰ ਹੀਲਾ ਵਰਤਦਾ ਹੈ, ਜਿਸ ਲਈ ਰਾਜਨੀਤੀ ਦੀ ਖੇਡ ਖੇਡੀ ਜਾਂਦੀ ਹੈ।

## ਹਰ ਯੁੱਧ ਨਾਲ ਫ਼ਾਇਦਾ ਹੁੰਦੈ ਅਮਰੀਕਾ ਦਾ




ਅਮਰੀਕਾ ਵਿੱਚ ਹਥਿਆਰ ਬਣਾਉਣ ਦੇ ਵੱਡੇ -ਵੱਡੇ ਕਾਰਖ਼ਾਨੇ ਅਤੇ ਫ਼ੈਕਟਰੀਆਂ ਹਨ, ਜਿਨ੍ਹਾਂ ਵਿੱਚ ਹਰ ਸਾਲ ਲੱਖਾਂ ਹਥਿਆਰ ਬਣਦੇ ਹਨ। ਇਹਨਾਂ ਕਾਰਖ਼ਾਨਿਆਂ ਅਤੇ ਫ਼ੈਕਟਰੀਆਂ ਨੇ ਆਪਣੇ ਹਥਿਆਰ ਵੀ ਵੇਚਣੇ ਹੁੰਦੇ ਹਨ। ਇਸੇ ਕਾਰਨ ਹੀ ਦੁਨੀਆਂ ਦੇ ਹਰ ਖੇਤਰ ਵਿੱਚ ਪੈਦਾ ਹੋਈ ਅਸ਼ਾਂਤੀ ਵਿੱਚ ਅਮਰੀਕਾ ਆਪਣਾ ਦਖ਼ਲ ਦਿੰਦਾ ਹੈ ਅਤੇ ਫਿਰ ਸ਼ਾਂਤੀ ਵਿਵਸਥਾ ਕਾਇਮ ਕਰਨ 'ਤੇ ਆਪਣੀ ਚਾਲ ਚੱਲਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਫ਼ਗਾਨਿਸਤਾਨ ਦੇ ਤਾਲਿਬਾਨੀਆਂ ਕੋਲ ਵੀ ਅਮਰੀਕੀ ਹਥਿਆਰ ਦਿਖਾਈ ਦੇ ਰਹੇ ਹਨ ਅਤੇ ਹਮਾਸ ਅੱਤਵਾਦੀਆਂ ਕੋਲ ਵੀ ਅਮਰੀਕੀ ਹਥਿਆਰ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਰੂਸ ਅਤੇ ਯੂਕ੍ਰੇਨ ਵਿਚਾਲੇ ਯੁੱਧ ਦੌਰਾਨ ਅਮਰੀਕਾ ਵੱਲੋਂ ਯੂਕ੍ਰੇਨ ਦੀ ਭਰਵੀਂ ਮਦਦ ਕੀਤੀ ਜਾ ਰਹੀ ਹੈ ਅਤੇ ਯੂਕ੍ਰੇਨ ਵੱਲੋਂ ਵੀ ਅਮਰੀਕੀ ਹਥਿਆਰ ਵਰਤੇ ਜਾ ਰਹੇ ਹਨ। ਇਸ ਸਭ ਦਾ ਮਤਲਬ ਤਾਂ ਇਹ ਹੀ ਨਿਕਲਦਾ ਹੈ ਕਿ ਹਰ ਯੁੱਧ ਵਿੱਚ ਅਮਰੀਕਾ ਆਪਣੇ ਹਥਿਆਰ ਵੇਚ ਕੇ ਭਾਰੀ ਮੁਨਾਫ਼ਾ ਕਮਾ ਰਿਹਾ ਹੈ।

## ਐਲਨ ਮਸਕ 2027 ਤੱਕ ਬਣ ਸਕਦੇ ਹਨ ਦੁਨੀਆਂ ਦੇ ਪਹਿਲੇ ਖਰਬਪਤੀ



ਨਵੀਂ ਦਿੱਲੀ/ ਏ.ਟੀ.ਨਿਊਜ਼: ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਅਤੇ ਸਪੇਸ ਐਕਸ ਦੇ ਸੀਈਓ ਐਲੋਨ ਮਸਕ ਸਾਲ 2027 ਤੱਕ ਦੁਨੀਆਂ ਦੇ ਪਹਿਲੇ ਖਰਬਪਤੀ ਬਣ ਸਕਦੇ ਹਨ। ਇਹ ਖੁਲਾਸਾ ਇਨਫੌਰਮਾ ਕੁਨੈਕਟ ਅਕਾਦਮੀ ਦੀ ਰਿਪੋਰਟ ਤੋਂ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਦੇ ਉੱਘੇ ਕਾਰੋਬਾਰੀ ਗੌਤਮ ਅਡਾਨੀ ਵੀ ਇਹ ਦਰਜਾ ਉਸ ਤੋਂ ਅਗਲੇ ਸਾਲ 2028 ਤਕ ਹਾਸਲ ਕਰ ਸਕਦੇ ਹਨ। ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ 2033 ਵਿੱਚ ਖਰਬਪਤੀ ਬਣ ਸਕਦੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 237 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਲਈ ਦੁਨੀਆ ਦੇ ਪਹਿਲੇ ਖਰਬਪਤੀ ਬਣਨ ਲਈ 110 ਫੀਸਦੀ ਦੀ ਔਸਤ ਸਾਲਾਨਾ ਦਰ ਨਾਲ ਵਿਕਾਸ ਕਰਨ ਦੀ ਲੋੜ ਹੈ। ਅਡਾਨੀ ਕੋਲ ਇਸ ਵੇਲੇ 100 ਅਰਬ ਡਾਲਰ ਤੋਂ ਘੱਟ ਦੀ ਦੌਲਤ ਹੈ ਤੇ ਉਹ ਵਿਸ਼ਵ ਅਰਬਪਤੀ ਸੂਚਕ ਅੰਕ ਵਿੱਚ 13ਵੇਂ ਸਥਾਨ 'ਤੇ ਹੈ ਤੇ ਉਹ ਸਾਲ 2028 ਤੱਕ ਦੂਜੇ ਖਰਬਪਤੀ ਬਣ ਸਕਦੇ ਹਨ। ਅੰਬਾਨੀ 111 ਅਰਬ ਡਾਲਰ ਦੀ ਜਾਇਦਾਦ ਨਾਲ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ ਤੇ ਉਹ 2033 ਵਿੱਚ ਇਹੀ ਦਰਜਾ ਪ੍ਰਾਪਤ ਕਰ ਸਕਦੇ ਹਨ।

### ਮਾਮਲਾ ਸਾਬਕਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਦਾ

## ਹੱਤਿਆ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸੌਦਾ ਸਾਧ ਤੋਂ ਚਾਰ ਹ਼ਫਤਿਆਂ 'ਚ ਮੰਗਿਆ ਜਵਾਬ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਵੱਲੋਂ ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਨੋਟਿਸ ਜਾਰੀ ਕਰਕੇ 2002 ਵਿੱਚ ਸਾਬਕਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਜਵਾਬ ਮੰਗਿਆ ਹੈ। ਸੁਪਰੀਮ ਕੋਰਟ ਨੇ ਬੀਤੇ ਦਿਨੀਂ ਸੁਣਵਾਈ ਦੌਰਾਨ ਸੌਦਾ ਸਾਧ ਅਤੇ ਚਾਰ ਹੋਰਾਂ ਨੂੰ ਬਰੀ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਜਾਂਚ ਕਰਨ ਲਈ ਸਹਿਮਤੀ ਪ੍ਰਗਟਾਈ।

ਦਰਅਸਲ ਇਹ ਪਟੀਸ਼ਨ ਜਗਸੀਰ ਸਿੰਘ ਵੱਲੋਂ ਐਡਵੋਕੇਟ ਸੱਤਿਆ ਮਿੱਤਰਾ ਰਾਹੀਂ ਦਾਇਰ ਕੀਤੀ ਗਈ ਸੀ। ਜਿਸ ਵਿੱਚ ਹਾਈਕੋਰਟ ਦੇ ਇਸ ਸਾਲ 28 ਮਈ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ।

ਹਾਈ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਸੀ ਕਿ ਸੀ.ਬੀ.ਆਈ., ਜਿਸ ਨੇ



ਨਵੰਬਰ 2023 ਵਿੱਚ ਜਾਂਚ ਕੀਤੀ ਸੀ, ਅਪਰਾਧ ਦੇ ਇਰਾਦੇ ਨੂੰ ਸਿਧ ਕਰਨ ਵਿੱਚ ਅਸਫਲ ਰਹੀ ਸੀ ਅਤੇ ਇਸ ਦੀ ਬਜਾਏ ਦੋਸ਼ੀ ਧਿਰਾਂ ਦਾ ਮਾਮਲਾ 'ਸ਼ੱਕ ਵਿੱਚ ਘਿਰਿਆ' ਸੀ। ਸਿਰਸਾ ਡੇਰਾ ਮੁਖੀ ਜੋ ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ, ਇਸ ਸਮੇਂ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਬੰਦ ਹੈ।

10 ਜੁਲਾਈ 2002 ਨੂੰ ਹਰਿਆਣਾ ਦੇ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲਿਆਂ ਵਿੱਚ ਡੇਰਾ ਸਮਰਥਕ ਰਣਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇੱਕ ਗੁਮਨਾਮ ਪੱਤਰ ਸਾਹਮਣੇ ਆਉਣ ਤੋਂ ਬਾਅਦ ਉਸਦੀ ਸ਼ੱਕੀ ਭੂਮਿਕਾ ਲਈ ਕਥਿਤ ਤੌਰ 'ਤੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਜਿਸ ਵਿੱਚ ਦੱਸਿਆ ਗਿਆ ਕਿ ਕਿਵੇਂ ਡੇਰਾ ਮੁਖੀ ਸੌਦਾ ਸਾਧ ਵੱਲੋਂ ਡੇਰਾ ਹੈੱਡਕੁਆਰਟਰ ਵਿੱਚ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾ ਰਿਹਾ ਸੀ। ਬਰੀ ਕਰਨ ਦਾ ਫੈਸਲਾ ਸੌਦਾ ਸਾਧ ਅਤੇ ਚਾਰ ਹੋਰਾਂ ਵੱਲੋਂ ਹਾਈ ਕੋਰਟ ਵਿੱਚ ਦਾਇਰ ਅਪੀਲ 'ਤੇ ਆਇਆ। ਜਿਸ ਨੂੰ ਅਕਤੂਬਰ 2021 ਵਿੱਚ ਪੰਚਕੂਲਾ, ਹਰਿਆਣਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਸੀਬੀਆਈ ਅਦਾਲਤ ਨੇ ਇਸ ਮਾਮਲੇ ਵਿੱਚ ਰਾਮ ਰਹੀਮ, ਅਵਤਾਰ ਸਿੰਘ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਅਤੇ ਸਬਦਿਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

# ਟਰੰਪ ਦੀ ਖੁੱਲ੍ਹੀ ਧਮਕੀ, 'ਡਾਲਰ' ਛੱਡਣ ਵਾਲੇ ਦੇਸ਼ਾਂ ਨੂੰ ਭੁਗਤਣਾ ਪਵੇਗਾ ਅੰਜਾਮ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਖੁੱਲ੍ਹੀ ਧਮਕੀ ਦਿੱਤੀ ਹੈ। ਵਿਸਕਾਨਸਿਨ ਸੂਬੇ 'ਚ ਇਕ ਰੈਲੀ ਦੌਰਾਨ ਟਰੰਪ ਨੇ ਕਿਹਾ ਕਿ ਜੇਕਰ ਤੁਸੀਂ 'ਡਾਲਰ' ਦੀ ਵਰਤੋਂ ਛੱਡ ਰਹੇ ਹੋ ਤਾਂ ਤੁਸੀਂ ਅਮਰੀਕਾ ਨਾਲ ਵਪਾਰ ਕਰਨਾ ਭੁੱਲ ਜਾਓ ਕਿਉਂਕਿ ਅਸੀਂ ਤੁਹਾਡੇ 'ਤੇ 100 ਫੀਸਦੀ ਟੈਰਿਫ ਲਗਾਵਾਂਗੇ। ਟਰੰਪ ਦੇ ਇਸ ਬਿਆਨ ਨੂੰ ਬ੍ਰਿਕਸ ਦੇਸ਼ਾਂ 'ਤੇ ਹਮਲਾ ਮੰਨਿਆ ਜਾ ਰਿਹਾ ਹੈ, ਜੋ ਡਾਲਰ ਦੀ ਬਜਾਏ ਕਿਸੇ ਹੋਰ ਕਰੰਸੀ ਨੂੰ ਅੰਤਰਰਾਸ਼ਟਰੀ ਕਰੰਸੀ ਬਣਾਉਣਾ ਚਾਹੁੰਦੇ ਹਨ। ਬ੍ਰਿਕਸ ਦੇਸ਼ਾਂ ਤੋਂ ਇਲਾਵਾ ਹੋਰ ਵੀ ਕਈ ਦੇਸ਼ ਹਨ ਜੋ ਆਪਸੀ ਵਪਾਰ ਦੇ ਸਮੇਂ ਡਾਲਰ ਨੂੰ ਬਾਈਪਾਸ ਕਰਨ ਬਾਰੇ ਸੋਚਦੇ ਹਨ।



'ਅਮਰੀਕਾ ਫਸਟ' ਦੀ ਨੀਤੀ ਦੇ ਨਾਲ ਆਪਣੇ ਪਿਛਲੇ ਕਾਰਜਕਾਲ ਦੌਰਾਨ ਸੁਰੱਖਿਆਵਾਦੀ ਰਵੱਈਆ ਰੱਖਣ ਵਾਲੇ ਟਰੰਪ ਨੇ ਰੈਲੀ ਦੌਰਾਨ ਕਿਹਾ ਕਿ ਪਿਛਲੇ ਅੱਠ ਸਾਲਾਂ ਵਿੱਚ ਡਾਲਰ ਇੱਕ ਵੱਡੀ ਘੇਰਾਬੰਦੀ ਦਾ ਸ਼ਿਕਾਰ ਰਿਹਾ ਹੈ। ਬੀਤੇ ਸਾਲ ਇਕ ਸਮੂਹ ਦੇ ਸੰਮੇਲਨ ਵਿੱਚ ਡੀ-ਡਾਲਰਾਈਜ਼ੇਸ਼ਨ ਨੂੰ ਲੈਕੇ ਵੀ ਚਰਚਾ ਹੋਈ। ਟਰੰਪ ਨੇ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਡਾਲਰ ਦੁਨੀਆਂ ਦੀ ਰਿਜ਼ਰਵ ਕਰੰਸੀ ਬਣਿਆ ਰਹੇ ਅਤੇ ਮੈਂ ਇਸ ਮਕਸਦ ਲਈ ਕੁਝ ਵੀ ਕਰਨ ਲਈ ਤਿਆਰ ਹਾਂ। ਅੰਕੜਿਆਂ ਅਨੁਸਾਰ ਅਮਰੀਕੀ ਮੁਦਰਾ ਅਜੇ ਵੀ 2024 ਦੀ ਪਹਿਲੀ ਤਿਮਾਹੀ ਵਿੱਚ ਵਿਦੇਸ਼ੀ ਮੁਦਰਾ ਭੰਡਾਰ ਦਾ 59 ਪ੍ਰਤੀਸ਼ਤ ਹੈ, ਜਦੋਂ ਕਿ ਯੂਰੋ ਲਗਭਗ 20 ਪ੍ਰਤੀਸ਼ਤ ਦੇ ਨਾਲ ਦੂਜੇ ਸਥਾਨ 'ਤੇ ਹੈ।

**ਕੀ ਇਹ ਭਾਰਤ ਲਈ ਖ਼ਤਰੇ ਦੀ ਘੰਟੀ ?**

ਡੋਨਾਲਡ ਟਰੰਪ ਨੂੰ ਭਾਰਤ ਪੱਖੀ ਰਾਸ਼ਟਰਪਤੀ ਵਜੋਂ ਦੇਖਿਆ ਜਾਂਦਾ ਹੈ। ਹਾਲਾਂਕਿ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਲਾਗੂ ਸੁਰੱਖਿਆਵਾਦੀ ਨੀਤੀਆਂ ਕਾਰਨ ਭਾਰਤ ਨੂੰ ਵੀ ਨੁਕਸਾਨ ਹੋਇਆ ਹੈ। ਚੀਨ ਤੇ ਅਮਰੀਕਾ ਵਿਚਾਲੇ ਸਿੱਧੀ ਟੈਰਿਫ ਜੰਗ ਹੋਣ ਦੇ ਬਾਵਜੂਦ ਭਾਰਤੀ ਕੰਪਨੀਆਂ ਨੂੰ ਇਸ 'ਚ ਨੁਕਸਾਨ ਵੀ ਝੱਲਣਾ ਪਿਆ। ਭਾਰਤ ਬ੍ਰਿਕਸ ਸਮੂਹ ਦਾ ਹਿੱਸਾ ਹੈ, ਜੋ ਡੀ-ਡਾਲਰਾਈਜ਼ੇਸ਼ਨ ਦੀ ਗੱਲ ਕਰਦਾ ਹੈ। ਭਾਰਤ ਵੀ ਲਗਾਤਾਰ ਆਪਣੇ ਵਪਾਰ ਨੂੰ ਡਾਲਰਾਂ ਤੋਂ ਦੂਰ ਅਤੇ ਆਪਣੇ ਰੁਪਏ ਵਿੱਚ ਤਬਦੀਲ ਕਰਨਾ ਚਾਹੁੰਦਾ ਹੈ। ਯੂਕ੍ਰੇਨ ਯੁੱਧ ਦੌਰਾਨ ਭਾਰਤ ਨੇ ਰੂਸ ਨਾਲ ਜੋ ਵੀ ਵਪਾਰ ਕੀਤਾ ਉਹ ਕਰੰਸੀ ਐਕਸਚੇਂਜ ਜਾਂ ਕਿਸੇ ਹੋਰ ਕਰੰਸੀ ਦੇ ਰੂਪ ਵਿੱਚ ਕੀਤਾ ਗਿਆ। ਇਸ ਤੋਂ ਇਲਾਵਾ ਭਾਰਤ ਕੱਚੇ ਤੇਲ ਦਾ ਇੱਕ ਵੱਡਾ ਦਰਾਮਦਕਾਰ ਹੈ, ਅਸੀਂ ਸਾਊਦੀ ਸਮੇਤ ਕਈ ਦੇਸ਼ਾਂ ਨਾਲ ਆਪਣੇ ਸਬੰਧਾਂ ਵਿੱਚ ਸੁਧਾਰ ਕੀਤਾ ਹੈ ਅਤੇ ਉਨ੍ਹਾਂ ਦੇਸ਼ਾਂ ਨਾਲ ਆਪਣੀ ਮੁਦਰਾ ਵਿੱਚ ਵਪਾਰ ਵਧਾਇਆ ਹੈ। (ਬਾਕੀ ਸਫ਼ਾ 30 'ਤੇ)

## ਸਿਰ.ਫ ਮੈਂ ਹੀ ਰੋਕ ਸਕਦਾ ਹਾਂ ਤੀਜਾ ਵਿਸ਼ਵ ਯੁੱਧ : ਟਰੰਪ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਤੀਜੇ ਵਿਸ਼ਵ ਯੁੱਧ ਦਾ ਖ਼ਤਰਾ ਸਾਹਮਣੇ ਹੈ ਤੇ ਸਿਰਫ ਉਹ ਹੀ ਇਸ ਨੂੰ ਰੋਕ ਸਕਦੇ ਹਨ। ਪ੍ਰਮਾਣੂ ਪ੍ਰਸਾਰ ਦੇ ਖਤਰੇ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਵਿਸ਼ਵ ਵਿਆਪੀ ਧਮਾਕੇ ਦਾ ਖ਼ਤਰਾ ਹੈ। ਯੂਕਰੇਨ ਯੁੱਧ, ਗਾਜ਼ਾ ਸੰਘਰਸ਼ ਅਤੇ ਹਮਾਸ ਦਾ ਇਜ਼ਰਾਈਲ 'ਤੇ ਅੱਤਵਾਦੀ ਹਮਲਾ ਕਦੇ ਨਹੀਂ ਹੁੰਦਾ ਜੇਕਰ ਉਹ ਰਾਸ਼ਟਰਪਤੀ ਹੁੰਦੇ। ਟਰੰਪ ਨੇ ਇਹ ਗੱਲ ਪੈਨਸਿਲਵੇਨੀਆ ਦੇ ਹੈਰਿਸਬਰਗ 'ਚ ਟਾਊਨ ਹਾਲ ਬੈਠਕ ਦੌਰਾਨ ਕਹੀ। ਅਮਰੀਕਾ ਦੇ ਪ੍ਰਮਾਣੂ ਹਥਿਆਰਾਂ 'ਚ ਸੁਧਾਰ ਤੋਂ ਨਾਖੁਸ਼ ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਤੀਜੇ ਵਿਸ਼ਵ ਯੁੱਧ ਵੱਲ ਵਧ ਰਹੇ ਹਾਂ। ਇਸ ਦਾ ਕਾਰਨ ਖ਼ਾਸ ਤੌਰ 'ਤੇ ਪ੍ਰਮਾਣੂ ਹਥਿਆਰਾਂ ਸਮੇਤ ਹੋਰ ਹਥਿਆਰਾਂ ਦੀ ਤਾਕਤ ਹੈ। ਆਪਣੇ-ਆਪ ਨੂੰ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਸਭ ਤੋਂ ਵਧੀਆ ਉਮੀਦਵਾਰ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਜੇ ਉਹ ਚੁਣੇ ਜਾਂਦੇ ਹਨ ਤਾਂ ਤੀਜਾ ਵਿਸ਼ਵ ਯੁੱਧ ਨਹੀਂ ਹੋਵੇਗਾ। ਅਮਰੀਕਾ ਨੂੰ ਇੱਕ ਅਜਿਹੇ ਰਾਸ਼ਟਰਪਤੀ ਦੀ ਜ਼ਰੂਰਤ ਹੈ ਜੋ ਉਸ ਨੂੰ ਯੁੱਧ ਵੱਲ ਨਾ ਲੈ ਜਾਵੇ। ਹਾਲਾਂਕਿ ਜੋ ਜੇਕਰ ਇਸ ਸਮੇਂ ਜਨਤਾ ਦੇ ਸਾਹਮਣੇ ਹਨ, ਉਹ ਇਸ ਨੂੰ ਤੀਜੇ ਵਿਸ਼ਵ ਯੁੱਧ ਵਿੱਚ ਸੁੱਟ ਦੇਣਗੇ, ਇਹ ਇੱਕ ਅਜਿਹੀ ਲੜਾਈ ਹੋਵੇਗੀ ਜੋ ਪਹਿਲਾਂ ਕਦੇ ਨਹੀਂ ਹੋਈ।

# ਪਨਾਮਾ ਨੇ 130 ਭਾਰਤੀਆਂ ਨੂੰ ਅਮਰੀਕਾ 'ਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਡਿਪੋਰਟ ਕੀਤਾ, ਨਵੀਂ ਦਿੱਲੀ ਲਈ ਡਿਪੋਰਟੇਸ਼ਨ ਫਲਾਈਟ ਭੇਜੀ






ਨਿਊਯਾਰਕ/ਏ.ਟੀ.ਨਿਊਜ਼ : ਡੌਂਕੀ ਲਾ ਕੇ ਅਮਰੀਕਾ 'ਚ ਦਾਖਲ ਹੋਣ ਲਈ 130 ਭਾਰਤੀ ਗੈਰ-ਕਾਨੂੰਨੀ ਤਰੀਕੇ ਨਾਲ ਬ੍ਰਾਜ਼ੀਲ ਅਤੇ ਸੂਰੀਨਾਮ ਜੰਗਲਾਂ ਤੋਂ ਅਮਰੀਕਾ ਜਾ ਰਹੇ ਸਨ। ਉਹਨਾਂ ਨੂੰ ਪਨਾਮਾ ਦੇਸ਼ ਦੀ ਪੁਲਿਸ ਵੱਲੋਂ ਡਿਪੋਰਟ ਕਰਕੇ ਪਨਾਮਾ ਤੋਂ ਉਡਾਣ ਭਰ ਕੇ ਨਵੀਂ ਦਿੱਲੀ (ਭਾਰਤ ) ਭੇਜ ਦਿੱਤਾ ਗਿਆ ਹੈ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਪਨਾਮਾ ਨੇ ਨਵੀਂ ਦਿੱਲੀ ਲਈ ਡਿਪੋਰਟੇਸ਼ਨ ਫਲਾਈਟ ਰਾਹੀਂ 130 ਭਾਰਤੀਆਂ ਨੂੰ ਸਿੱਧਾ ਦੇਸ਼ ਨਿਕਾਲਾ (ਡਿਪੋਰਟ ) ਕਰਕੇ ਭੇਜਿਆ ਹੈ। ਇਸ ਫਲਾਈਟ ਨੇ ਸ਼ੁੱਕਰਵਾਰ ਨੂੰ ਪਨਾਮਾ ਤੋਂ ਉਡਾਣ ਭਰੀ ਸੀ, ਹਾਲ ਹੀ ਦੇ ਸਾਲਾਂ ਵਿੱਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਦੇਸ਼ ਤੋਂ ਦੇਸ਼ ਨਿਕਾਲਾ (ਡਿਪੋਰਟ ) ਕਰਕੇ ਭਾਰਤ ਉਡਾਣ ਭੇਜੀ ਗਈ ਹੋਵੇ। ਇੱਥੇ ਜਿਕਰਯੋਗ ਹੈ ਕਿ ਭਾਰਤੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਜਾ ਰਹੀ ਇੱਕ ਚਾਰਟਰ ਫਲਾਈਟ ਨੂੰ ਦਸੰਬਰ 2023 'ਚ ਫਰਾਂਸ 'ਚ ਰੋਕ ਕੇ ਮੁੰਬਈ (ਭਾਰਤ ) ਵਾਪਸ ਲਿਆਂਦਾ ਗਿਆ ਸੀ ਪਰ ਫਿਰ ਸਾਰਾ ਮਾਮਲਾ ਠੰਡਾ ਪੈ ਗਿਆ ਸੀ। ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਪਹੁੰਚਣ ਲਈ ਪ੍ਰਵਾਸੀ ਡੈਰੀਅਨ ਗੈਪ ਲਾਈਨ ਨੂੰ ਪਾਰ ਕਰਨ ਲਈ ਪਨਾਮਾ ਰਾਹੀਂ ਜਾਂਦੇ ਹਨ, ਪਰ ਅਮਰੀਕਾ ਨੇ ਅਜਿਹੇ ਪ੍ਰਵਾਸੀਆਂ ਨੂੰ ਮੈਕਸੀਕੋ ਪਹੁੰਚਣ ਤੋਂ ਰੋਕਣ ਲਈ ਜੁਲਾਈ ਦੇ ਮਹੀਨੇ ਵਿੱਚ ਪਨਾਮਾ ਦੇ ਨਾਲ ਮਿਲ ਕੇ ਇੱਕ ਸਮਝੌਤਾ ਮਿਸ਼ਨ ਸ਼ੁਰੂ ਕੀਤਾ ਸੀ। ਪਨਾਮਾ ਨੇ ਇਸ ਮਿਸ਼ਨ ਦੇ ਤਹਿਤ ਭਾਰਤ ਲਈ ਪਹਿਲੀ ਡਿਪੋਰਟੇਸ਼ਨ ਫਲਾਈਟ ਭੇਜੀ ਹੈ, ਪਰ ਇਸ ਤੋਂ ਪਹਿਲਾਂ ਵੀ ਕਈ ਭਾਰਤੀਆਂ ਨੂੰ ਵੱਖ-ਵੱਖ ਮਾਮਲਿਆਂ ਵਿੱਚ ਡਿਪੋਰਟ ਕੀਤਾ ਗਿਆ ਹੈ। ਪਨਾਮਾ ਨੇ ਇਸ ਤੋਂ ਪਹਿਲੇ ਸਪੈਨਿਸ ਦੇਸ਼ ਕੋਲੰਬੀਆ ਲਈ ਵੀ ਪਹਿਲੀ ਡਿਪੋਰਟੇਸ਼ਨ ਫਲਾਈਟ ਭੇਜੀ ਸੀ ਅਤੇ ਫਿਰ ਪਨਾਮਾ ਦੀ ਸਰਕਾਰ ਨੇ ਨਾਲ ਲੱਗਦੇ ਹੋਰ ਦੱਖਣੀ ਅਮਰੀਕੀ ਦੇਸ਼ਾਂ ਦੇ ਨਾਲ-ਨਾਲ ਭਾਰਤ ਅਤੇ ਚੀਨ ਨੂੰ ਵੀ ਦੇਸ਼ ਨਿਕਾਲੇ ਦੀਆਂ ਉਡਾਣਾਂ ਭੇਜਣ ਦਾ ਐਲਾਨ ਕਰ ਦਿੱਤਾ ਹੈ। ਪਨਾਮਾ ਦੀ ਸਰਕਾਰ ਨੇ ਪਹਿਲਾਂ ਕਿਹਾ ਸੀ ਕਿ ਭਾਰਤ ਲਈ ਇੱਕ ਭਾਰਤੀਆਂ ਦੀ

ਡਿਪੋਰਟੇਸ਼ਨ ਫਲਾਈਟ 04 ਸਤੰਬਰ ਨੂੰ ਰਵਾਨਾ ਹੋਵੇਗੀ, ਪਰ ਫਲਾਈਟ ਨੇ ਆਪਣੇ ਨਿਰਧਾਰਤ ਸਮੇਂ ਤੋਂ ਦੋ ਦਿਨ ਬਾਅਦ ਨਵੀਂ ਦਿੱਲੀ ਦੀ ਉਡਾਣ ਭਰੀ। ਸੂਤਰਾਂ ਦੀ ਮੰਨੀਏ ਤਾਂ ਪੰਜਾਬੀ, ਗੁਜਰਾਤੀ, ਹਰਿਆਣਵੀ ਵਿਅਕਤੀਆਂ ਸਮੇਤ ਭਾਰਤੀ ਸੂਰੀਨਾਮ ਜੰਗਲ ਪਾਰ ਕਰਕੇ ਅਤੇ ਬ੍ਰਾਜ਼ੀਲ 'ਚ ਉਤਰਨ ਤੋਂ ਬਾਅਦ ਪਨਾਮਾ ਦੇ ਰਸਤੇ ਅਮਰੀਕਾ ਜਾ ਰਹੇ ਸਨ, ਪਿਛਲੇ ਚਾਰ-ਪੰਜ ਮਹੀਨਿਆਂ 'ਚ ਬ੍ਰਾਜ਼ੀਲ ਜਾਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਵੀ ਕਾਫੀ ਵਾਧਾ ਹੋਇਆ ਸੀ। ਹਾਲਾਂਕਿ ਅਮਰੀਕਾ ਦੇ ਕਹਿਣ 'ਤੇ ਬ੍ਰਾਜ਼ੀਲ ਦੇਸ਼ ਨੇ ਅਗਸਤ ਮਹੀਨੇ 'ਚ ਹੀ ਭਾਰਤੀਆਂ ਨੂੰ ਟੂਰਿਸਟ ਵੀਜ਼ਾ ਅਤੇ ਸ਼ਰਨ ਦੇਣ ਦੇ ਨਿਯਮ ਵੀ ਸਖਤ ਕਰ ਦਿੱਤੇ ਸਨ। ਇਸ ਤੋਂ ਇਲਾਵਾ ਅਮਰੀਕਾ ਨੇ ਨਿਕਾਰਾਗੁਆ ਲਈ ਚਾਰਟਰ ਉਡਾਣਾਂ ਨੂੰ ਵੀ ਰੋਕ ਦਿੱਤਾ ਹੈ, ਜਿਸ ਨਾਲ ਕਾਨੂੰਨੀ ਤੌਰ 'ਤੇ ਅਮਰੀਕਾ ਤੱਕ ਪਹੁੰਚਣ ਦਾ ਉਹਨਾਂ ਲਈ ਕੋਈ ਰਸਤਾ ਨਹੀਂ ਬਚਿਆ ਹੈ।

# ਕਮਲਾ ਹੈਰਿਸ ਨੇ ਅਗਸਤ ਵਿੱਚ ਟਰੰਪ ਨਾਲੋਂ ਲਗਭਗ ਤਿੰਨ ਗੁਣਾ ਚੰਦਾ ਇਕੱਠਾ ਕੀਤਾ

**ਕਮਲਾ ਹੈਰਿਸ ਚੰਦਾ ਇਕੱਠਾ ਕਰਨ 'ਚ ਸਭ ਤੋਂ ਅੱਗੇ**





ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਦੀ ਚੋਣ ਇਸ ਸਾਲ ਦੇ ਅੰਤ 'ਚ ਹੋਣੀ ਹੈ। ਰਾਸ਼ਟਰਪਤੀ ਦੀ ਦੌੜ ਵਿੱਚ ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਦੇ ਵਿਚਾਲੇ ਮੁਕਾਬਲਾ ਹੈ। ਦੋਵਾਂ ਵਿਚਾਲੇ ਲੜਾਈ ਮੁਕਾਬਲੇ ਵਾਲੀ ਹੈ। ਕੀ ਤੁਸੀਂ ਜੰਗ ਇਸੇ ਤਰ੍ਹਾਂ ਚੱਲ ਰਹੀ ਹੈ ਅਤੇ ਕਮਲਾ ਹੈਰਿਸ ਮੁਹਿੰਮ ਦੀ ਅਗਵਾਈ ਕਰ ਰਹੀ ਹੈ। ਉਹ ਟਰੰਪ 'ਤੇ ਭਾਰੂ ਹੋ ਰਹੇ ਹਨ। ਇਸ ਲੜੀ ਵਿੱਚ, ਉਸ ਨੇ ਅਗਸਤ ਵਿੱਚ ਟਰੰਪ ਤੋਂ ਵੱਧ ਚੰਦਾ ਇਕੱਠਾ ਕੀਤਾ ਅਤੇ ਇੱਕ ਰਿਕਾਰਡ ਬਣਾਇਆ ਹੈ। ਕਮਲਾ ਹੈਰਿਸ ਨੇ ਅਗਸਤ ਵਿੱਚ 30 ਲੱਖ ਦਾਨੀਆਂ ਤੋਂ 36.1 ਕਰੋੜ ਡਾਲਰ ਦਾਨ ਦੇ ਵਜੋਂ ਇਕੱਠੇ ਕੀਤੇ। ਸਤੰਬਰ ਵਿੱਚ, ਹੈਰਿਸ ਦੀ ਟੀਮ ਨਿਊਯਾਰਕ, ਅਟਲਾਂਟਾ, ਲਾਸ ਏਂਜਲਸ ਅਤੇ ਸੈਨ ਫਰਾਂਸਿਸਕੋ ਵਿੱਚ ਬਹੁਤ ਸਾਰੇ ਪ੍ਰੋਗਰਾਮ ਆਯੋਜਿਤ ਕਰਨ ਲਈ ਪ੍ਰਬੰਧ ਕਰ ਰਹੀ ਹੈ ਜਦੋਂਕਿ ਟਰੰਪ ਕੁਝ ਪਿੱਛੇ ਹਨ। ਟਰੰਪ ਦੀ ਟੀਮ ਨੇ ਖੁਲਾਸਾ ਕੀਤਾ ਕਿ ਉਸਨੇ ਅਗਸਤ ਵਿੱਚ ਸਿਰਫ਼ 13 ਮਿਲੀਅਨ ਡਾਲਰ ਇਕੱਠੇ ਕੀਤੇ ਹਨ।

ਇਸ ਲੜੀ ਵਿੱਚ ਕਮਲਾ ਹੈਰਿਸ ਨੂੰ ਟਰੰਪ ਤੋਂ ਲਗਭਗ ਤਿੰਨ ਗੁਣਾ ਜ਼ਿਆਦਾ ਚੰਦਾ ਮਿਲਿਆ ਹੈ। ਕਮਲਾ ਹੈਰਿਸ ਨੇ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਉਮੀਦਵਾਰੀ ਤੈਅ ਹੋਣ ਤੋਂ ਬਾਅਦ ਪੂਰੇ ਪੈਮਾਨੇ 'ਤੇ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਡੈਮੋਕਰੇਟਿਕ ਅਤੇ ਰਿਪਬਲਿਕਨ ਦੋਵੇਂ ਪਾਰਟੀਆਂ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਜਿੱਤਣ ਲਈ ਜ਼ੋਰਦਾਰ ਪ੍ਰਚਾਰ ਕਰ ਰਹੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬੇਰੁਜ਼ਗਾਰੀ ਤੇ ਮੰਦੀ ਕਾਰਨ 10 ਸਾਲਾਂ ਦੇ ਸਭ ਤੋਂ ਬੁਰੇ ਦੌਰ ਵਿਚੋਂ ਲੰਘ ਰਿਹੈ ਕੈਨੇਡਾ

## ਭਾਰਤੀ ਹੋਏ ਬੁਰੀ ਤਰ੍ਹਾਂ ਪ੍ਰਭਾਵਿਤ

## ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੇ ਕੰਮ ਕਰਨ ਦੇ ਘੰਟੇ ਘਟਾਏ

ਓਟਾਵਾ/ਏ.ਟੀ.ਨਿਊਜ਼: ਪ੍ਰਵਾਸੀਆਂ ਲਈ ਕੈਨੇਡਾ ਹੁਣ ਬੇਰੁਜ਼ਗਾਰੀ ਤੇ ਮੰਦੀ ਕਾਰਨ ਔਖਾ ਸਥਾਨ ਬਣਦਾ ਜਾ ਰਿਹਾ ਹੈ। ਕੈਨੇਡਾ ਵਿੱਚ ਆਉਣ ਵਾਲੇ ਵਿਦੇਸ਼ੀਆਂ ਨੂੰ ਹੁਣ ਕੰਮ ਲੱਭਣ ਵਿੱਚ ਦਿੱਕਤ ਆ ਰਹੀ ਹੈ। ਕੈਨੇਡੀਅਨ ਕੰਪਨੀਆਂ ਨੇ ਭਰਤੀ ਦੀ ਰਫ਼ਤਾਰ ਮੱਠੀ ਕਰ ਦਿੱਤੀ ਹੈ। ਕੈਨੇਡੀਅਨ ਨੈਸ਼ਨਲ ਸਟੈਟਿਸਟਿਕਸ ਏਜੰਸੀ ਨੇ ਦੱਸਿਆ ਕਿ ਅਗਸਤ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 96,400 ਦਾ ਵਾਧਾ ਹੋਇਆ ਹੈ। ਦੇਸ਼ ਦੀ ਕਿਰਤ ਸ਼ਕਤੀ ਵਿੱਚ 82,000 ਤੋਂ ਵੱਧ ਲੋਕ ਸ਼ਾਮਲ ਹੋਏ, ਪਰ ਰੁਜ਼ਗਾਰ ਵਿੱਚ ਸਿਰਫ਼ 22,100 ਨੂੰ ਮਿਲਿਆ।ਕੈਨੇਡਾ ਵਿੱਚ ਨੌਕਰੀਆਂ ਘਟਣ ਕਾਰਨ ਦੇਸ਼ 'ਤੇ ਬੇਰੁਜ਼ਗਾਰਾਂ ਦਾ ਬੋਝ ਵੱਧ ਰਿਹਾ ਹੈ। ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਦੀ ਆਰਥਿਕਤਾ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਹਰ ਛੇ ਕਾਮਿਆਂ ਲਈ ਸਿਰਫ਼ ਇੱਕ ਨੌਕਰੀ ਪੈਦਾ ਕੀਤੀ ਹੈ, ਜੋ ਇੱਕ ਸਾਲ ਵਿੱਚ





ਸਭ ਤੋਂ ਘੱਟ ਦਰ ਹੈ। ਜੇਕਰ ਸਾਲ ਦੀ ਸ਼ੁਰੂਆਤ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਬਹੁਤ ਵੱਡੀ ਗਿਰਾਵਟ ਹੈ। ਉਸ ਸਮੇਂ ਨੌਕਰੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ।

ਪਿਛਲੇ ਸਾਲ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ 11 ਲੱਖ ਵਧੀ ਹੈ। ਬਲੂਮਬਰਗ ਦੀ ਰਿਪੋਰਟ ਅਨੁਸਾਰ ਲਗਭਗ ਅੱਧੇ ਲੋਕਾਂ ਨੇ ਰੁਜ਼ਗਾਰ ਦੀ ਭਾਲ ਕੀਤੀ ਅਤੇ ਉਨ੍ਹਾਂ ਵਿੱਚੋਂ ਸਿਰਫ 54% ਸਫਲ ਹੋਏ। ਇਹ ਅੰਕੜਾ ਮਹਾਮਾਰੀ ਤੋਂ 20 ਸਾਲ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੈ, ਜਦੋਂ ਕੈਨੇਡਾ ਨੇ ਹਰ ਸਾਲ ਆਪਣੀ ਕੰਮਕਾਜੀ ਉਮਰ ਦੀ ਆਬਾਦੀ ਵਿੱਚ 20,000 ਤੋਂ 500,000 ਲੋਕਾਂ ਨੂੰ ਜੋੜਿਆ ਸੀ। ਔਸਤਨ ਦੋ ਤਿਹਾਈ ਲੋਕ ਕੰਮ ਦੀ ਤਲਾਸ਼ ਕਰਦੇ ਸਨ ਅਤੇ ਲਗਭਗ ਸਾਰੇ ਹੀ ਕੰਮ 'ਤੇ ਸਨ। ਕੈਨੇਡੀਅਨ ਜੌਬ ਮਾਰਕੀਟ ਵਿੱਚ ਬਹੁਤ ਜ਼ਿਆਦਾ ਸੁਸਤ ਨਜ਼ਰ ਆ ਰਹੀ ਹੈ। ਅਸਲ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਨੌਕਰੀ ਦੀਆਂ ਪੋਸਟਾਂ ਵਿੱਚ 23% ਦੀ ਕਮੀ ਆਈ ਹੈ। **(ਬਾਕੀ ਸਫ਼ਾ 30 'ਤੇ)**

## ਕੈਨੇਡਾ 'ਚ ਸ਼ਰਨ ਲੈਣ ਦਾ ਦਾਅਵਾ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਹੋਇਆ ਵਾਧਾ

ਟੋਰਾਂਟੋ/ਏ.ਟੀ.ਨਿਊਜ਼: ਬਹੁਤ ਸਾਰੇ ਲੋਕ ਆਪਣੇ ਸੁਫ਼ਨੇ ਪੂਰੇ ਕਰਨ ਲਈ ਕੈਨੇਡਾ ਜਾ ਕੇ ਵਸਣਾ ਚਾਹੁੰਦੇ ਹਨ। ਇਸ ਲਈ ਉਹ ਕੋਈ ਵੀ ਤਰੀਕਾ ਅਪਣਾਉਣ ਲਈ ਤਿਆਰ ਹਨ। ਇਹ ਲੋਕ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਏਅਰਪੋਰਟ 'ਤੇ ਪਹੁੰਚਣ ਮਗਰੋਂ ਉੱਥੇ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਬੇਸ਼ੱਕ ਉਨ੍ਹਾਂ ਨੂੰ ਸ਼ਰਨ ਲੈ ਕੇ ਹੀ ਕਿਉਂ ਨਾ ਰਹਿਣਾ ਪਵੇ। ਲੋਕਾਂ ਦੀ ਇਸੇ ਲਾਲਸਾ ਕਾਰਨ ਕੈਨੇਡਾ ਵਿੱਚ ਸ਼ਰਨ ਲੈਣ ਦਾ ਦਾਅਵਾ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਸਾਲ 2023 ਦੀ ਦੂਸਰੀ ਤਿਮਾਹੀ ਤੋਂ ਸਾਲ 2024 ਦੀ ਇਸੇ ਸਮੇਂ ਵਿੱਚ 500 ਫ਼ੀਸਦੀ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ, ਜੋ ਚਿੰਤਾ ਦਾ ਕਾਰਨ ਹੈ। ਦੂਜੇ ਪਾਸੇ ਕੈਨੇਡਾ ਦੇ ਹਵਾਈ ਅੱਡਿਆਂ 'ਤੇ ਬੰਗਲਾਦੇਸ਼ੀਆਂ ਵੱਲੋਂ ਕੀਤੇ ਗਏ ਦਾਅਵਿਆਂ ਵਿੱਚ 1200 ਫ਼ੀਸਦੀ ਅਤੇ ਨਾਈਜੀਰੀਆਈ ਲੋਕਾਂ ਵੱਲੋਂ ਕੀਤੇ ਗਏ ਦਾਅਵਿਆਂ ਵਿੱਚ 700 ਫ਼ੀਸਦੀ ਤੋਂ ਜ਼ਿਆਦਾ ਵਾਧਾ ਹੋਇਆ ਹੈ। ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕੀਤੀ ਗਈ ਸਖ਼ਤੀ ਦੇ ਬਾਅਦ ਹੀ ਅੰਕੜਿਆਂ ਵਿੱਚ ਵਾਧਾ ਹੋਇਆ ਹੈ, ਜਦਕਿ ਏਜੰਸੀ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਅੰਕੜਿਆਂ ਮੁਤਾਬਕ ਸਾਲ 2024 ਦੀ ਦੂਜੀ ਤਿਮਾਹੀ ਅਪ੍ਰੈਲ ਤੋਂ ਜੂਨ ਤੱਕ **(ਬਾਕੀ ਸਫ਼ਾ 30 'ਤੇ)**

## ਬਾਈਡਨ ਨੇ 4 ਸਾਲ 'ਚ ਲਈਆਂ 532 ਛੁੱਟੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਕੰਮ ਤੋਂ ਸਮਾਂ ਕੱਢ ਕੇ ਕਿਤੇ ਨਾ ਕਿਤੇ ਘੁੰਮਣ ਲਈ ਜਾਂਦੇ ਰਹਿੰਦੇ ਹਨ। ਪਿਛਲੇ ਸਾਲ ਬੀਚ ਤੋਂ ਉਸਦੀ ਬਿਨਾਂ ਕਮੀਜ਼ ਵਾਲੀ ਤਸਵੀਰ ਸਾਹਮਣੇ ਆਈ ਸੀ। ਜਿਸ ਤੋਂ ਬਾਅਦ ਡੋਨਾਲਡ ਟਰੰਪ ਨੇ ਉਨ੍ਹਾਂ 'ਤੇ ਨਿਸ਼ਾਨਾ ਸਾਧਿਆ ਅਤੇ ਉਨ੍ਹਾਂ ਦੀਆਂ ਛੁੱਟੀਆਂ 'ਤੇ ਸਵਾਲ ਖੜ੍ਹੇ ਕੀਤੇ। ਹਾਲ ਹੀ ਵਿੱਚ ਇੱਕ ਰਿਪੋਰਟ ਸਾਹਮਣੇ ਆਈ ਜਿਸ ਵਿੱਚ 81 ਸਾਲਾ ਬਾਈਡੇਨ ਵੱਲੋਂ ਆਪਣੇ ਕਾਰਜਕਾਲ ਦੌਰਾਨ ਲਈਆਂ ਗਈਆਂ ਛੁੱਟੀਆਂ ਦੀ ਸੂਚੀ ਸਾਹਮਣੇ ਆਈ। ਇਸ ਸੂਚੀ ਮੁਤਾਬਕ ਬਾਈਡਨ ਨੇ ਆਪਣੇ 4 ਸਾਲਾਂ ਦੇ ਕਾਰਜਕਾਲ 'ਚ ਇੰਨੀਆਂ ਜ਼ਿਆਦਾ ਛੁੱਟੀਆਂ ਲਈਆਂ, ਜਿਸ ਲਈ ਇੱਕ ਆਮ ਆਦਮੀ ਨੂੰ 48 ਸਾਲ ਲੱਗ ਜਾਣਗੇ।

ਰਾਸ਼ਟਰਪਤੀ ਬਾਈਡੇਨ ਓਨਾ ਹੀ ਸਮਾਂ ਬਾਹਰ ਬਿਤਾਉਂਦੇ ਹਨ ਜਿੰਨਾ



ਸਮਾਂ ਉਹ ਦੇਸ਼ ਨੂੰ ਚਲਾਉਣ ਵਿੱਚ ਲਗਾਉਂਦੇ ਹਨ। ਰਿਪਬਲਿਕਨ ਨੈਸ਼ਨਲ ਕਮੇਟੀ ਦੇ ਅੰਕੜਿਆਂ ਅਨੁਸਾਰ ਔਸਤ ਅਮਰੀਕਨ ਨੂੰ ਸਾਲ ਵਿੱਚ 11 ਦਿਨ ਛੁੱਟੀਆਂ ਮਿਲਦੀਆਂ ਹਨ। ਬਾਈਡਨ ਨੇ 532 ਛੁੱਟੀਆਂ ਲਈਆਂ ਹਨ, ਜਿਸ ਨੂੰ ਲੈਣ ਲਈ ਔਸਤਨ ਇੱਕ ਵਿਅਕਤੀ ਨੂੰ 48 ਸਾਲ ਲੱਗਣਗੇ। ਰਿਪੋਰਟ ਅਨੁਸਾਰ ਬਾਈਡਨ 1326 ਦਿਨਾਂ ਵਿੱਚੋਂ ਲਗਭਗ 40% ਲਈ ਅਹੁਦੇ 'ਤੇ ਰਹੇ ਹਨ।

ਸਾਬਕਾ ਰਾਸ਼ਟਰਪਤੀ ਦੇ ਅਧੀਨ ਵ੍ਹਾਈਟ ਹਾਊਸ ਦੇ ਬਜਟ ਦਫਤਰ ਦੇ ਜਨਰਲ ਸਲਾਹਕਾਰ ਮਾਰਕ ਪਾਓਲੇਟਾ ਨੇ ਵੀ ਬਾਈਡਨ ਦੀ ਛੁੱਟੀ 'ਤੇ ਟਿੱਪਣੀ ਕੀਤੀ। ਉਸ ਨੇ ਕਿਹਾ ਸੀ ਕਿ ਜਦੋਂ ਅਮਰੀਕਾ ਅਤੇ ਦੁਨੀਆਂ ਵਿੱਚ ਅੱਗ ਲੱਗੀ ਸੀ ਉਸ ਵੇਲੇ ਸਮੁੰਦਰ ਤੱਟ 'ਤੇ ਆਪਣੀ ਕੁਰਸੀ 'ਤੇ ਡੂੰਘੀ ਨੀਂਦ ਵਿੱਚ ਸੌਣ ਦੀਆਂ ਤਸਵੀਰਾਂ ਰਾਸ਼ਟਰਪਤੀ ਦੇ ਕੰਮ ਨੂੰ ਦਰਸਾ ਰਹੀਆਂ ਸਨ। ਉਸ ਨੇ ਕਿਹਾ ਕਿ ਸੰਸਾਰ ਇੱਕ ਖ਼ਤਰਨਾਕ ਸਥਿਤੀ ਵਿੱਚ ਹੈ ਅਤੇ ਬਾਈਡਨ ਸਿਰਫ਼ ਛੁੱਟੀਆਂ 'ਤੇ ਜਾਣਾ ਅਤੇ ਘੁੰਮਣਾ ਚਾਹੁੰਦਾ ਹੈ।

ਬਾਈਡੇਨ ਦੇ 40% ਅਹੁਦੇ ਤੋਂ ਬਾਹਰ ਰਹਿਣ ਦਾ ਅੰਕੜਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲੋਂ ਬਹੁਤ ਜ਼ਿਆਦਾ ਹੈ। ਉਸਨੇ ਆਪਣੀ ਪ੍ਰਧਾਨਗੀ ਦਾ 26% ਵਾਸ਼ਿੰਗਟਨ ਤੋਂ ਬਾਹਰ ਨਿੱਜੀ ਦੌਰਿਆਂ 'ਤੇ ਖਰਚ ਕੀਤਾ।

## ਦੁਨੀਆਂ ਦੀ 99 ਫੀਸਦੀ ਆਬਾਦੀ ਪ੍ਰਦੂਸ਼ਿਤ ਹਵਾ 'ਚ ਲੈ ਰਹੀ ਹੈ ਸਾਹ

ਨੈਰੋਬੀ/ਏ.ਟੀ.ਨਿਊਜ਼ : ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਮਨੁੱਖੀ ਸਿਹਤ 'ਤੇ ਇਸ ਦੇ ਪ੍ਰਭਾਵ ਤੋਂ ਇਲਾਵਾ, ਪ੍ਰਦੂਸ਼ਣ ਅਰਥਵਿਵਸਥਾਵਾਂ ਦਾ ਵੀ ਗਲਾ ਘੁੱਟ ਰਿਹਾ ਹੈ। ਇਹ ਸਾਡੇ ਗ੍ਰਹਿ ਨੂੰ ਗਰਮ ਕਰ ਰਿਹਾ ਹੈ, ਜੋ ਜਲਵਾਯੂ ਸੰਕਟ ਨੂੰ ਬਾਲਣ ਜੋੜ ਰਿਹਾ ਹੈ।

ਅੱਜ, 99 ਪ੍ਰਤੀਸ਼ਤ ਤੋਂ ਵੱਧ ਆਬਾਦੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਂਦੀ ਹੈ, ਜਿਸ ਕਾਰਨ ਸਾਲਾਨਾ 80 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ। ਇਨ੍ਹਾਂ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ 700,000 ਤੋਂ ਵੱਧ ਬੱਚੇ ਵੀ ਸ਼ਾਮਲ ਹਨ। ਪ੍ਰਦੂਸ਼ਿਤ ਹਵਾ ਦਾ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਜ਼ਿਆਦਾ ਮਾੜਾ ਪ੍ਰਭਾਵ ਪੈ ਰਿਹਾ ਹੈ ਹਵਾ ਪ੍ਰਦੂਸ਼ਣ ਵਿਸ਼ਵ ਪੱਧਰ 'ਤੇ ਅਗੇਤੀ ਮੌਤ ਦਾ ਦੂਜਾ ਪ੍ਰਮੁੱਖ ਜ਼ੋਖ਼ਮ ਕਾਰਕ ਬਣ ਗਿਆ ਹੈ, ਜੋ ਬਾਲਗਾਂ ਲਈ ਤੰਬਾਕੂ ਨੂੰ ਪਛਾੜਦਾ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੁਪੋਸ਼ਣ ਤੋਂ ਬਾਅਦ ਦੂਜੇ ਨੰਬਰ 'ਤੇ ਹੈ ਹਵਾ ਪ੍ਰਦੂਸ਼ਣ ਦੇ ਵਧ ਰਹੇ ਆਰਥਿਕ, ਵਾਤਾਵਰਣ ਅਤੇ ਹੋਂਦ ਦੇ ਪ੍ਰਭਾਵਾਂ ਦੇ ਬਾਵਜੂਦ, ਅੰਤਰਰਾਸ਼ਟਰੀ ਵਿਕਾਸ ਫੰਡਾਂ ਦਾ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਇਸ ਨਾਲ ਨਜਿੱਠਣ ਲਈ ਸਮਰਪਿਤ ਹੈ। ਇਸ ਕਾਰਨ ਵਿਸ਼ਵ ਨੂੰ ਹਰ ਸਾਲ ਸਿਹਤ ਦੇ ਨੁਕਸਾਨ ਦੇ ਰੂਪ ਵਿੱਚ 8.1 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਸਾਫ਼ ਹਵਾ ਵਿੱਚ ਨਿਵੇਸ਼ ਦੀ ਲੋੜ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਅਗਵਾਈ ਵਿੱਚ, ਇਸ ਸਾਲ ਦੀ ਥੀਮ ਲੋਕਾਂ ਅਤੇ ਗ੍ਰਹਿ ਲਈ ਇੱਕ ਸਿਹਤਮੰਦ ਅਤੇ ਵਧੇਰੇ ਖੁਸ਼ਹਾਲ ਭਵਿੱਖ ਲਈ ਸਾਫ਼ ਹਵਾ ਵਿੱਚ ਨਿਵੇਸ਼ ਕਰਨ 'ਤੇ ਕੇਂਦਰਿਤ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਕਿਹਾ ਕਿ ਸਵੱਛ ਹਵਾ ਵਿੱਚ ਨਿਵੇਸ਼ ਕਰਨ ਲਈ ਸਰਕਾਰਾਂ ਅਤੇ ਕਾਰੋਬਾਰਾਂ ਦੋਵਾਂ ਨੂੰ ਜੈਵਿਕ ਈਂਧਨ ਦੇ ਪੜਾਅ ਤੋਂ ਬਾਹਰ ਦੀ ਲੋੜ ਹੈ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਨੂੰ ਮਜ਼ਬੂਤ ਕਰਨ, ਮਿਆਰਾਂ ਨੂੰ ਲਾਗੂ ਕਰਨ, ਨਵਿਆਉਣਯੋਗ ਊਰਜਾ ਨੂੰ ਉਤਸ਼ਾਹਿਤ ਕਰਨ, ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀਆਂ ਬਣਾਉਣ ਅਤੇ ਮੀਥੇਨ ਸਮੇਤ ਹਾਨੀਕਾਰਕ ਨਿਕਾਸ ਨੂੰ ਘਟਾਉਣ ਦੀ ਵੀ ਲੋੜ ਹੈ।

## ਸ਼ਿਕਾਗੋ ਸ਼ਹਿਰ ਨੇੜੇ ਰੇਲ ਗੱਡੀ 'ਚ ਸੁੱਤੇ ਪਏ 4 ਯਾਤਰੀਆਂ ਦੀ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਸ਼ਿਕਾਗੋ (ਇਲੀਨੋਇਸ) ਸ਼ਹਿਰ ਨੇੜੇ ਵਾਪਰੀ ਗੋਲੀਬਾਰੀ ਦੀ ਇੱਕ ਘਟਨਾ ਵਿੱਚ ਰੇਲ ਗੱਡੀ ਵਿੱਚ ਸੌਂ ਰਹੇ 4 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਫਾਰੈਸਟ ਪਾਰਕ ਡਿਪਟੀ ਚੀਫ ਕ੍ਰਿਸ ਚਿਨ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਾਰੇ ਮ੍ਰਿਤਕ ਰੇਲ ਗੱਡੀ ਵਿੱਚ ਸਵਾਰ ਸਨ ਤੇ ਜਿਸ ਸਮੇਂ ਇਹ ਘਟਨਾ ਵਾਪਰੀ ਰੇਲ ਗੱਡੀ ਫਾਰੈਸਟ ਪਾਰਕ ਖੇਤਰ ਵਿਚੋਂ ਲੰਘ ਰਹੀ ਸੀ। ਉਨ੍ਹਾਂ ਕਿਹਾ ਕਿ ਮਾਰੇ ਗਏ ਯਾਤਰੀਆਂ ਦੇ ਸਮਾਜਿਕ ਰੁਤਬੇ ਬਾਰੇ ਅਜੇ ਉਹ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ ਪਰੰਤੂ ਲੱਗਦਾ ਹੈ ਕਿ ਸਾਰੇ ਮ੍ਰਿਤਕ ਬੇਘਰੇ ਸਨ। ਪੁਲਿਸ ਨੇ ਇਨਾਂ ਸਮੂਹਿਕ ਹੱਤਿਆਵਾਂ ਸਬੰਧੀ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਚਿਨ ਅਨੁਸਾਰ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਹੈ। ਜਾਂਚਕਾਰ , ਸ਼ਿਕਾਗੋ ਟਰਾਂਜਿਟ ਅਥਾਰਟੀ ਨਾਲ ਮਿਲ ਕੇ ਨਿਗਰਾਨ ਕੈਮਰਿਆਂ ਦੀ ਮੱਦਦ ਨਾਲ ਘਟਨਾ ਦੀ ਜਾਂਚ ਕਰ ਰਹੇ ਹਨ । ਪੁਲਿਸ ਨੇ ਕਿਹਾ ਹੈ ਕਿ ਨਿਗਰਾਨ ਕੈਮਰਿਆਂ ਵਿੱਚ ਕੈਦ ਸ਼ੱਕੀ ਦੀ ਪਛਾਣ ਕੀਤੀ ਗਈ ਹੈ ਜਿਸ ਨੂੰ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਤਕਰਬੀਨ ਡੇਢ ਘੰਟੇ ਵਿੱਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਚਿਨ ਨੇ ਕਿਹਾ ਕਿ

ਸ਼ਿਕਾਗੋ ਟਰਾਂਜਿਟ ਅਥਾਰਟੀ ਦੇ ਨਿਗਰਾਨ ਕੈਮਰੇ ਕਮਾਲ ਦੇ ਹਨ ਤੇ ਕੋਈ ਛੋਟੀ ਮੋਟੀ ਘਟਨਾ ਵੀ ਇਨਾਂ ਕੈਮਰਿਆਂ ਤੋਂ ਬਚ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਫਾਰੈਸਟ ਪਾਰਕ ਪੁਲਿਸ, ਸ਼ਿਕਾਗੋ ਪੁਲਿਸ ਤੇ ਸ਼ਿਕਾਗੋ ਟਰਾਂਜਿਟ ਅਥਾਰਟੀ ਨੇ ਮਿਲ ਕੇ ਸ਼ੱਕੀ ਦੀ ਪਛਾਣ ਕੀਤੀ ਤੇ ਉਸ ਨੂੰ ਫੜਿਆ ਹੈ। ਉਨ੍ਹਾਂ ਕਿਹਾ ਕਿ ਸ਼ੱਕੀ ਹਰਲੇਮ ਸਟਾਪ 'ਤੇ ਉਤਰਿਆ ਜਿਥੇ ਉਸ ਨੂੰ ਪੁਲਿਸ ਦੁਆਰਾ ਕਾਬੂ ਕਰ ਲਿਆ ਗਿਆ।

## ਅਮਰੀਕਾ 'ਚ ਵਾਪਰੇ ਸੜਕ ਹਾਦਸੇ ਦੌਰਾਨ 4 ਭਾਰਤੀਆਂ ਦੀ ਮੌਤ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਟੈਕਸਾਸ ਰਾਜ ਦੇ ਡਲਾਸ ਸ਼ਹਿਰ ਨੇੜੇ ਅਨਾ ਵਿਖੇ ਬੀਤੇ ਦਿਨੀ ਹੋਏ ਇੱਕ ਭਿਆਨਕ ਸੜਕ ਹਾਦਸੇ ਵਿੱਚ 4 ਭਾਰਤੀਆਂ ਦੀ ਮੌਤ ਹੋ ਜਾਣ ਦੀ ਖ਼ਬਰ ਹੈ। ਮਾਰੇ ਗਏ ਸਾਰੇ ਭਾਰਤੀ ਇੱਕ ਐਸ. ਯੂ. ਵੀ.ਗੱਡੀ ਵਿੱਚ ਸਵਾਰ ਸਨ ਤੇ ਉਹ ਬੈਂਟਨਵਿਲੇ,



ਅਰਕੰਸਾਸ ਜਾ ਰਹੇ ਸਨ ਜਦੋਂ ਪਿਛੇ ਤੋਂ ਆ ਰਹੇ ਇੱਕ ਤੇਜ ਰਫ਼ਤਾਰ ਟਰੱਕ ਨੇ ਉਨ੍ਹਾਂ ਦੀ ਕਾਰ ਵਿੱਚ ਟੱਕਰ ਮਾਰ ਦਿੱਤੀ। ਟੱਕਰ ਏਨੀ ਜਬਰਦਸਤ ਸੀ ਕਿ ਉਨ੍ਹਾਂ ਦੀ ਕਾਰ ਅੱਗੇ 3 ਹੋਰ ਵਾਹਣਾਂ ਨਾਲ ਟਕਰਾ ਗਈ।

ਟੱਕਰ ਉਪਰੰਤ ਐਸ. ਯੂ. ਵੀ. ਨੂੰ ਅੱਗ ਲੱਗ ਗਈ ਤੇ ਚਾਰੇ ਭਾਰਤੀ ਬੁਰੀ ਤਰਾਂ ਸੜ ਕੇ ਮਰ ਗਏ। ਲਾਸ਼ਾਂ ਏਨੀਆਂ ਸੜ ਚੁੱਕੀਆਂ ਹਨ ਕਿ ਉਨਾਂ ਦਾ ਪਛਾਣ ਕਰਨੀ ਮੁਸ਼ਕਿਲ ਹੈ। ਇਸੇ ਲਈ ਅਧਿਕਾਰੀਆਂ ਨੇ ਕਿਹਾ ਹੈ ਕਿ ਲਾਸ਼ਾਂ ਦੀ ਪਛਾਣ ਵਾਸਤੇ ਡੀ.ਐਨ.ਏ. ਟੈਸਟ ਕੀਤਾ ਜਾਵੇਗਾ। ਅਣ ਅਧਿਕਾਰਤ ਤੌਰ 'ਤੇ ਮ੍ਰਿਤਕਾਂ ਦੀ ਪਛਾਣ ਆਰੀਅਨ ਰਘੂਨਾਥ ਓਰਮਪੱਟੀ, ਫਾਰੂਕ ਸ਼ੇਖ, ਦਰਸ਼ਿਨੀ ਵਾਸੂਦੇਵਨ ਤੇ ਲੋਕੇਸ਼ ਪਾਲਾਚਰਲਾ ਵਜੋਂ ਹੋਈ ਹੈ।

## ਸਕੂਲ 'ਚ ਗੋਲੀਬਾਰੀ ਕਰਨ ਵਾਲੇ 14 ਸਾਲਾ ਵਿਦਿਆਰਥੀ ਦੇ ਪਿਤਾ ਨੂੰ ਕੀਤਾ ਗ੍ਰਿਫ਼ਤਾਰ, ਹੱਤਿਆ ਸਮੇਤ ਹੋਰ ਦੋਸ਼ ਆਇਦ


ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਬੀਤੇ ਦਿਨ ਅਮਰੀਕਾ ਦੇ ਜਾਰਜੀਆ ਰਾਜ ਦੇ ਇੱਕ ਹਾਈ ਸਕੂਲ ਵਿੱਚ ਗੋਲੀਬਾਰੀ ਕਰਨ ਵਾਲੇ ਸ਼ੱਕੀ ਸ਼ੂਟਰ 14 ਸਾਲਾ ਵਿਦਿਆਰਥੀ ਕੋਲਟ ਗਰੇਅ ਦੇ ਪਿਤਾ ਕੋਲਿਨ ਗਰੇਅ (54) ਨੂੰ ਗ੍ਰਿਫ਼ਤਾਰ ਕਰ ਲੈਣ ਤੇ ਉਸ ਵਿਰੁੱਧ ਹੱਤਿਆ ਸਮੇਤ ਹੋਰ ਦੋਸ਼ ਆਇਦ ਕਰਨ ਦੀ ਖ਼ਬਰ ਹੈ। ਅਪਾਲਾਚੀ ਹਾਈ ਸਕੂਲ ਵਿੱਚ ਹੋਈ ਗੋਲੀਬਾਰੀ ਵਿੱਚ 2 ਅਧਿਆਪਕ ਤੇ 2 ਵਿਦਿਆਰਥੀ ਮਾਰੇ ਗਏ ਸਨ ਤੇ 9 ਹੋਰ ਜ਼ਖਮੀ ਹੋ ਗਏ ਸਨ। ਜ਼ਖਮੀਆਂ ਵਿੱਚ 8 ਵਿਦਿਆਰਥੀ ਤੇ ਇੱਕ ਅਧਿਆਪਕ ਸ਼ਾਮਿਲ ਹੈ। ਸ਼ੱਕੀ ਸ਼ੂਟਰ ਕੋਲਟ ਗਰੇਅ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਵਿਰੁੱਧ 4 ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਬਿਊਰੋ ਅਨੁਸਾਰ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਕਰਨ ਦੀ ਸੰਭਾਵਨਾ ਹੈ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਹ ਜਾਣਕਾਰੀ ਦਿੰਦਿਆਂ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਕੋਲਟ ਗਰੇਅ ਸਕੂਲ ਵਿੱਚ ਏ ਆਰ-ਪਲੇਟਫਾਰਮ ਸਟਾਈਲ ਹਥਿਆਰ ਲੈ ਕੇ ਆਇਆ ਸੀ।

# ਸੁਪਰੀਮ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਝਟਕਾ, ਨਵੀਂ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰੀ

## ਕੈਪਟਨ ਤੇ ਬਾਦਲ ਪਰਿਵਾਰ ਦਾ ਵਿਸ਼ਵਾਸ ਪਾਤਰ ਸੀ ਸੈਣੀ

## ਅਦਾਲਤ ਵਿੱਚ ਬਾਦਲ ਸਰਕਾਰ ਨੇ ਸੈਣੀ ਦੇ ਹੱਕ ਵਿੱਚ ਦਿੱਤੀ ਸੀ ਗਵਾਹੀ





ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਝਟਕਾ ਦਿੰਦਿਆਂ ਬਲਵੰਤ ਸਿੰਘ ਮੁਲਤਾਨੀ ਦੇ ਅਗਵਾ ਕਰਨ ਅਤੇ ਹੱਤਿਆ ਦੇ ਮਾਮਲੇ ਵਿੱਚ ਸੈਣੀ ਖ਼ਿਲਾਫ਼ ਦਰਜ ਨਵੀਂ ਐਫ.ਆਈ.ਆਰ. 'ਤੇ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਸੁਮੇਧ ਸੈਣੀ ਨੇ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਸਰਬਉਚ ਅਦਾਲਤ ਨੇ ਪਟੀਸ਼ਨ ਖ਼ਾਰਜ ਕਰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਨੂੰ ਰੱਦ ਕਰਨ ਦਾ ਕੋਈ ਕਾਰਨ ਨਹੀਂ ਹੈ। ਸੈਣੀ ਨੇ ਪਟੀਸ਼ਨ ਵਿਚ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਸਾਜਿਸ਼ ਕੀਤੀ ਅਤੇ ਘਟਨਾ ਦੇ ਦਹਾਕਿਆਂ ਤੋਂ ਬਾਅਦ ਐਫ.ਆਈ.ਆਰ. ਦਰਜ ਕੀਤੀ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਪੰਕਜ ਮਿੱਥਲ ਦੇ ਬੈਂਚ ਨੇ ਮਾਮਲੇ ਦੀ ਪ੍ਰਗਤੀ 'ਤੇ ਖ਼ਾਸ ਤੌਰ 'ਤੇ ਦੋਸ਼ ਪੱਤਰ ਦਾਖ਼ਲ ਕਰਨ ਨੂੰ ਆਪਣੇ ਫ਼ੈਸਲੇ ਦਾ ਆਧਾਰ ਮੰਨਿਆ। ਸੁਪਰੀਮ ਕੋਰਟ ਨੇ ਇਹ ਸਪੱਸ਼ਟ ਕੀਤਾ ਕਿ 8 ਸਤੰਬਰ, 2020 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਪਿਛਲੇ ਫ਼ੈਸਲੇ ਦੀਆਂ ਟਿੱਪਣੀਆਂ 'ਤੇ ਚੱਲ ਰਹੀ ਹੇਠਲੀ ਅਦਾਲਤ ਦੀ ਕਾਰਵਾਈ ਪ੍ਰਭਾਵਿਤ ਨਹੀਂ ਹੋਵੇਗੀ।

ਉਕਤ ਮਾਮਲਾ ਪੰਜਾਬ ਸੰਤਾਪ ਦੇ ਪ੍ਰਭਾਵਿਤ ਸਮੇਂ 1990 ਦੇ ਦਹਾਕੇ ਦਾ ਹੈ। ਉਸ ਦੌਰਾਨ ਸੁਮੇਧ ਸੈਣੀ ਚੰਡੀਗੜ੍ਹ ਦੇ ਐਸ.ਐਸ.ਪੀ. ਸਨ। 1991 'ਚ ਸੈਣੀ 'ਤੇ ਖਾੜਕੂ ਹਮਲਾ ਹੋਇਆ। ਉਸ ਹਮਲੇ ਵਿੱਚ ਸੈਣੀ ਦੀ ਸੁਰੱਖਿਆ 'ਚ ਤਾਇਨਾਤ 4 ਪੁਲਿਸ ਮੁਲਾਜ਼ਮ ਮਾਰੇ ਗਏ ਅਤੇ ਸੈਣੀ ਆਪ ਵੀ ਜ਼ਖ਼ਮੀ ਹੋ ਗਏ। ਉਸੇ ਮਾਮਲੇ ਵਿੱਚ ਪੁਲਿਸ ਨੇ ਸੁਮੇਧ ਸੈਣੀ ਦੇ ਆਦੇਸ਼ 'ਤੇ ਸਾਬਕਾ ਆਈ.ਏ.ਐਸ. ਦੇ ਬੇਟੇ ਬਲਵੰਤ ਸਿੰਘ ਮੁਲਤਾਨੀ ਨੂੰ ਗ੍ਰਿਫ਼ਤਾਰ ਕੀਤਾ। ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ, ਉਨ੍ਹਾਂ ਨੂੰ 11 ਦਸੰਬਰ 1991 ਨੂੰ ਤੜਕੇ 4 ਵਜੇ ਦੇ ਕਰੀਬ ਉਨ੍ਹਾਂ ਦੇ ਮੋਹਾਲੀ ਸਥਿਤ ਆਵਾਸ ਤੋਂ ਪੁਲਿਸ ਨੇ ਹਿਰਾਸਤ ਵਿੱਚ ਲਿਆ ਗਿਆ ਸੀ। ਉਸ ਵੇਲੇ ਕੁਝ ਹੋਰ ਲੋਕਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਸੀ। ਚੰਡੀਗੜ੍ਹ ਪੁਲਿਸ ਨੇ ਦੋ ਦਿਨ ਟਾਰਚਰ ਕਰਨ ਤੋਂ ਬਾਅਦ 13 ਦਸੰਬਰ ਨੂੰ ਐੱਫ.ਆਈ.ਆਰ. ਦਰਜ ਕਰ ਲਈ ਸੀ, ਜਿਸ ਵਿੱਚ ਉਸ ਵੇਲੇ ਦੇ ਚੰਡੀਗੜ੍ਹ ਦੇ ਐੱਸ.ਐੱਸ.ਪੀ. ਸੁਮੇਧ ਸਿੰਘ ਸੈਣੀ 'ਤੇ ਹੋਏ ਹਮਲੇ ਵਿੱਚ ਉਸ ਦਾ ਹੱਥ ਦੱਸਿਆ ਗਿਆ ਸੀ। ਚੰਡੀਗੜ੍ਹ ਪੁਲਿਸ ਦੀ ਹਿਰਾਸਤ ਵਿੱਚ ਕੁਲ 7 ਦਿਨਾਂ ਤੱਕ ਟਾਰਚਰ ਕਰਨ ਤੋਂ ਬਾਅਦ ਬਲਵੰਤ ਨੂੰ ਕਾਦੀਆਂ (ਗੁਰਦਾਸਪੁਰ) ਥਾਣੇ ਲਿਜਾਇਆ ਗਿਆ ਅਤੇ ਉੱਥੇ ਉਸ ਨੂੰ ਫਰਾਰ ਘੋਸ਼ਿਤ ਕਰਕੇ ਉਸ ਖ਼ਿਲਾਫ਼ ਇੱਕ ਹੋਰ ਐਫ.ਆਈ.ਆਰ. ਦਰਜ ਕੀਤੀ ਗਈ।

ਦਸੰਬਰ 1991 ਵਿੱਚ ਬਲਵੰਤ ਦੇ ਪਿਤਾ ਅਤੇ ਆਈ.ਏ.ਐੱਸ. ਅਫ਼ਸਰ ਦਰਸ਼ਨ ਸਿੰਘ ਮੁਲਤਾਨੀ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ ਉਨ੍ਹਾਂ ਦੇ ਬੇਟੇ ਬਲਵੰਤ ਨੂੰ ਅਦਾਲਤ ਵਿੱਚ ਪੁਲਿਸ ਵਲੋਂ ਪੇਸ਼ ਕਰਾਉਣ ਲਈ ਕਿਹਾ ਸੀ। ਪਰ ਅਦਾਲਤ ਨੇ ਇਸ ਦਾਅਵੇ ਦੇ ਆਧਾਰ 'ਤੇ ਪਟੀਸ਼ਨ ਖਾਰਿਜ ਕਰ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ ਤੋਂ ਭੱਜ ਗਿਆ ਸੀ ਅਤੇ ਉਸ ਦੇ ਠਿਕਾਨੇ ਬਾਰੇ ਹੁਣ ਕਿਸੇ ਨੂੰ ਨਹੀਂ ਪਤਾ।

ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸਾਲ 2007 ਵਿੱਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ। 2008 ਵਿੱਚ ਸੀ.ਬੀ.ਆਈ. ਨੇ ਸੁਪਰੀਮ ਕੋਰਟ ਵਿੱਚ ਆਪਣਾ ਹਲਫ਼ਨਾਮਾ ਸੌਂਪਿਆ।

ਸੁਪਰੀਮ ਕੋਰਟ ਵਿੱਚ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਸੈਣੀ ਦੇ ਹੱਕ ਵਿੱਚ ਆਪਣਾ ਪੱਖ ਰਖਦਿਆਂ ਕਿਹਾ ਸੀ ਕਿ ਸੈਣੀ ਵਰਗੇ ਇਮਾਨਦਾਰ ਪੁਲਿਸ ਅਧਿਕਾਰੀ ਨੇ ਪੰਜਾਬ ਤੋਂ ਖਾੜਕੂਵਾਦ ਖ਼ਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ। ਦਸੰਬਰ 2011 ਵਿੱਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਦੀ ਅਪੀਲ ਨੂੰ ਮਨਜ਼ੂਰੀ ਦਿੱਤੀ ਅਤੇ ਹਾਈਕੋਰਟ ਦੇ ਆਦੇਸ਼ਾਂ ਨੂੰ ਗ਼ਲਤ ਘੋਸ਼ਿਤ ਕੀਤਾ।

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ 7 ਮਈ 2020 ਨੂੰ ਮੁੜ ਤੋਂ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਪਲਵਿੰਦਰ ਮੁਲਤਾਨੀ ਵਲੋਂ ਕੇਸ ਲੜ ਰਹੇ ਵਕੀਲ ਪ੍ਰਦੀਪ ਵਿਰਕ ਅਨੁਸਾਰ ਸੈਣੀ ਅਤੇ 7 ਹੋਰਾਂ ਖ਼ਿਲਾਫ਼ ਧਾਰਾ 364, 201, 344, 330 ਅਤੇ 120ਬੀ ਦੇ ਨਾਲ ਅਦਾਲਤ ਦੇ ਹੁਕਮਾਂ ਤੋਂ ਬਾਅਦ ਧਾਰਾ 302 (ਕਤਲ਼ ਦੀ ਧਾਰਾ) ਵੀ ਜੋੜ ਲਈ ਗਈ ਸੀ ਹੁਣ ਸੁਆਲ ਅਦਾਲਤ ਦੀ ਨਿਆਂ ਉੱਪਰ ਹੈ ਕਿ ਅਜਿਹੇ ਬੁਰਛਾਗਰਦ ਪੁਲੀਸ ਅਫਸਰ ਦੇ ਮਾਮਲੇ ਵਿੱਚ ਸਤਾਰਾਂ ਸਾਲ ਬਾਅਦ ਵੀ ਕੇਸ ਲਟਕ ਕਿਉਂ ਰਿਹਾ ਹੈ। ਪੀੜਤ ਪਰਿਵਾਰ ਨੂੰ ਇਨਸਾਫ ਕਿਉਂ ਨਹੀਂ।

### ਸੁਮੇਧ ਸੈਣੀ ਬਾਰੇ ਜਾਣਕਾਰੀ

ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ 1982 ਬੈਚ ਦੇ ਆਈ.ਪੀ.ਐੱਸ. ਅਫ਼ਸਰ ਹਨ। ਸੈਣੀ 6 ਜ਼ਿਲ੍ਹਿਆਂ ਦੇ ਐਸ.ਐਸ.ਪੀ. ਰਹਿ ਚੁੱਕੇ ਹਨ।

ਸੁਮੇਧ ਸੈਣੀ ਬਟਾਲਾ, ਫਿਰੋਜ਼ਪੁਰ, ਲੁਧਿਆਣਾ, ਬਠਿੰਡਾ, ਰੂਪਨਗਰ ਤੇ ਚੰਡੀਗੜ੍ਹ ਦੇ ਐੱਸ.ਐੱਸ.ਪੀ. ਰਹੇ ਹਨ।

ਅਗਸਤ 1991 ਵਿੱਚ ਸੈਣੀ ਚੰਡੀਗੜ੍ਹ ਦੇ ਐੱਸ.ਐੱਸ.ਪੀ. ਸੀ ਉਸ ਦੌਰਾਨ ਉਨ੍ਹਾਂ ਉੱਤੇ ਜਾਨਲੇਵਾ ਹਮਲਾ ਹੋਇਆ। ਇਸ ਹਮਲੇ ਵਿੱਚ ਸੁਮੇਧ ਸੈਣੀ ਤਾਂ ਬਚ ਗਏ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ।

ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀ.ਬੀ.ਆਈ. ਕੇਸ ਵੀ ਲੰਬਾ ਸਮਾਂ ਚੱਲਿਆ।

ਵਿਨੋਦ ਦੀ ਮਾਂ ਨੇ ਸੁਮੇਧ ਸੈਣੀ ਖ਼ਿਲਾਫ਼ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਸਾਲ 1994 ਤੋਂ ਜਾਰੀ ਅਦਾਲਤੀ ਕਾਰਵਾਈ ਅਜੇ ਵੀ ਜਾਰੀ ਹੈ। ਚੰਡੀਗੜ੍ਹ ਵਿੱਚ ਉਹ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਅਤੇ ਬਠਿੰਡਾ ਵਿੱਚ ਐੱਸ.ਐੱਸ.ਪੀ. ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿੱਚ ਇੱਕ ਇੰਜਨੀਅਰ ਨਾਲ ਖਿੱਚਧੂਹ ਕਰਨ ਕਰਕੇ ਵਿਵਾਦਾਂ ਵਿੱਚ ਆਏ ਸਨ।

### ਕੌਣ ਸੀ ਬਲਵੰਤ ਸਿੰਘ ਮੁਲਤਾਨੀ ?



ਬਲਵੰਤ ਸਿੰਘ ਮੁਲਤਾਨੀ ਤਤਕਾਲੀ ਆਈ.ਏ.ਐੱਸ. ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਸਨ।

ਬਲਵੰਤ ਸਿੰਘ ਚੰਡੀਗੜ੍ਹ ਇੰਡਸਟ੍ਰਿਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕੌਰਪੋਰੇਸ਼ਨ (ਸਿਟਕੋ) ਵਿੱਚ ਕੰਮ ਕਰਦੇ ਸਨ।

ਬਲਵੰਤ ਨੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੋਈ ਸੀ ਅਤੇ ਉਹ ਮਈ, 1989 ਤੋਂ ਚੰਡੀਗੜ੍ਹ ਵਿੱਚ ਹੀ ਸਿਟਕੋ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਕੰਮ ਕਰ ਰਹੇ ਸਨ।

31 ਦਸੰਬਰ, 1991 ਤੱਕ ਉਨ੍ਹਾਂ ਨੂੰ ਐਸ.ਡੀ.ਓ ਵਜੋਂ ਤਰੱਕੀ ਦਿੱਤੀ ਜਾਣੀ ਸੀ।

ਉਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਗ੍ਰਿਫ਼ਤਾਰੀ ਵੇਲੇ ਉਹ 28 ਸਾਲਾਂ ਦੇ ਸਨ।

ਕੈਪਟਨ ਤੇ ਬਾਦਲ ਦੋਵਾਂ ਦੇ ਰਹੇ ਭਰੋਸੇਮੰਦ

ਸਾਬਕਾ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਦੇ ਕਰੀਬੀ ਸਮਝੇ ਜਾਂਦੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ।

2007 ਤੋਂ ਬਾਅਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿੱਚ ਰਹੇ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ 2012 ਤੋਂ 2015 ਤੱਕ ਪੰਜਾਬ ਪੁਲਿਸ ਮੁਖੀ ਦੇ ਰਹੇ।

2009 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀ.ਐੱਸ. ਠਾਕੁਰ ਨੇ ਸੈਣੀ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ ਸੀ।

ਸੁਮੇਧ ਸਿੰਘ ਸੈਣੀ, ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਭਰੋਸੇਯੋਗ ਅਫ਼ਸਰ ਸਨ।

ਅਕਾਲੀ ਸਰਕਾਰ ਦੌਰਾਨ ਕੈਪਟਨ 'ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ ਸਨ। ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦੇ ਮੁਖੀ (2007-12) ਸਨ। ਕੈਪਟਨ ਅਮਰਿੰਦਰ ਸਿੰਘ ਦੇ ਸਰਕਾਰ ਵਿੱਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿੱਚ ਕਲੋਜ਼ਰ ਰਿਪੋਰਟ ਜਮਾਂ ਕਰਵਾ ਦਿੱਤੀ ਗਈ ਸੀ।

ਇਸ ਦੇ ਖ਼ਿਲਾਫ਼ ਸੈਣੀ ਨੇ ਲੁਧਿਆਣਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਅਰਜ਼ੀ ਦਾਇਰ ਕਰ ਦਿੱਤੀ।

14 ਅਕਤੂਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖਾਂ ਵੱਲੋਂ ਪ੍ਰਦਰਸ਼ਨ, ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ ਹੋਇਆ। ਇਸੇ ਦਿਨ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਦੀ ਸ਼ਹਾਦਤ ਹੋ ਗਈ ਸੀ।

ਇਸ ਤੋਂ ਬਾਅਦ ਸਰਕਾਰ 'ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ।

# ਕਰਜ਼ਾ ਚੜ੍ਹਨ ਕਾਰਨ ਤੇ ਮੋਦੀ ਸਰਕਾਰ ਦੀ ਬੇਰੁਖੀ ਕਾਰਨ ਪੰਜਾਬ ਵਿੱਤੀ ਸੰਕਟ 'ਚ ਘਿਰਿਆ

## ਕੈਗ ਦੀ ਰਿਪੋਰਟ ਨੇ ਪੰਜਾਬੀਆਂ ਦੀ ਨੀਂਦ ਉਡਾਈ

## ਬਾਦਲ ਦਲ 'ਆਪ' ਸਰਕਾਰ ਖ਼ਿਲਾਫ਼ ਮੋਰਚਾ ਲਗਾਉਣ ਦੀ ਤਿਆਰੀ ਵਿੱਚ

ਪੰਜਾਬ ਵਿੱਤੀ ਸੰਕਟ ਵਿੱਚ ਫਸ ਗਿਆ ਹੈ। ਦੂਜੇ ਪਾਸੇ ਕੇਂਦਰ ਸਰਕਾਰ ਵੀ ਸੂਬੇ ਦੀ ਬਾਂਹ ਫੜਨ ਲਈ ਤਿਆਰ ਨਜ਼ਰ ਨਹੀਂ ਆ ਰਹੀ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਵਿੱਚ ਖੋਲੇ ਖ਼ੁਲਾਸਿਆਂ ਨੇ ਨੀਂਦ ਉਡਾ ਦਿੱਤੀ ਹੈ।

ਕੈਗ ਦੀ ਰਿਪੋਰਟ ਹਾਲ ਹੀ ਵਿੱਚ ਵਿਧਾਨ ਸਭਾ ਅੰਦਰ ਪੇਸ਼ ਕੀਤੀ ਗਈ ਸੀ। ਸੂਬੇ ਦੇ ਕੁੱਲ ਰਾਜ ਘਰੇਲੂ ਉਤਪਾਦ ਦਾ ਜਨਤਕ ਕਰਜ਼ਾ ਵਧ ਕੇ 44 ਫੀਸਦੀ ਹੋ ਗਿਆ ਹੈ, ਜੋ 20 ਫੀਸਦੀ ਹੋਣਾ ਚਾਹੀਦਾ ਹੈ।

ਉਧਰ, ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੈਗ ਦੀ ਰਿਪੋਰਟ 'ਤੇ ਚਿੰਤਾ ਜ਼ਾਹਰ ਕਰਦਿਆਂ ਕੇਂਦਰ ਤੋਂ ਐਸ.ਓ.ਐਸ. ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਸਾਹਨੀ ਨੇ ਕਿਹਾ ਕਿ ਜੀ.ਡੀ.ਪੀ. ਦਾ ਮਾਲੀਆ ਘਾਟਾ 2 ਫੀਸਦੀ ਹੋਣਾ ਚਾਹੀਦਾ ਸੀ। ਇਹ ਵੀ ਦੁੱਗਣਾ ਹੋ ਕੇ 4 ਫੀਸਦੀ ਹੋ ਗਿਆ ਹੈ। ਪੰਜਾਬ ਸਿਰ ਪਹਿਲਾਂ ਹੀ 2.82 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ ਤੇ ਦੋ ਸਾਲਾਂ ਵਿੱਚ ਸੂਬੇ ਸਿਰ 90 ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾ ਚੜ੍ਹ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਸੂਬਾ ਸਰਕਾਰ ਨੂੰ ਮਾਲੀਏ ਦਾ 22 ਫੀਸਦੀ ਵਿਆਜ ਵਜੋਂ ਅਦਾ ਕਰਨਾ ਪੈ ਰਿਹਾ ਹੈ। ਅਜਿਹੀ ਨਾਜ਼ੁਕ ਸਥਿਤੀ ਵਿੱਚ ਪੰਜਾਬ ਦੇ ਮਾਲੀਏ ਵਿੱਚ 11 ਫੀਸਦੀ ਦਾ ਵਾਧਾ ਹੋਇਆ ਹੈ ਪਰ ਖਰਚੇ 13 ਫੀਸਦੀ ਵਧ ਗਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਤੇ ਲੋਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਇਹ ਵਿੱਤੀ ਘਾਟਾ ਸਿਰਫ਼ ਪੰਜਾਬ ਦਾ ਨਹੀਂ ਸਗੋਂ ਪੂਰੇ ਦੇਸ਼ ਦਾ ਹੈ। ਪੰਜਾਬ ਭਾਰਤ ਦਾ ਵੱਖਰਾ ਹਿੱਸਾ ਨਹੀਂ ਹੈ। ਪੰਜਾਬ ਭਾਰਤ ਦਾ ਦਿਲ ਹੈ ਤੇ ਦੇਸ਼ ਦੀ ਫੂਡ ਬਾਸਕੇਟ ਹੈ। ਸੰਸਦ ਮੈਂਬਰ ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਸੰਸਦ ਵਿੱਚ ਬੇਨਤੀ ਕੀਤੀ ਸੀ ਕਿ ਪੰਜਾਬ ਦਾ ਜੋ 8500 ਕਰੋੜ ਰੁਪਏ ਦਾ ਫੰਡ ਕੇਂਦਰ ਕੋਲ ਬਕਾਇਆ ਹੈ, ਉਸ ਨੂੰ ਰਿਲੀਜ਼ ਕੀਤਾ ਜਾਵੇ। ਇਸ ਵਿੱਚ 5600 ਕਰੋੜ ਰੁਪਏ ਪੇਂਡੂ ਵਿਕਾਸ ਫੰਡ ਲਈ, 1000 ਕਰੋੜ ਰੁਪਏ ਨੈਸ਼ਨਲ ਹੈਲਥ ਮਿਸ਼ਨ ਲਈ, 1837 ਕਰੋੜ ਰੁਪਏ ਸਪੈਸ਼ਲ ਅਸਿਸਟੈਂਟ ਟੂ ਸਟੇਟ ਫਾਰ ਕੈਪੀਟਲ ਇਨਵੈਸਟਮੈਂਟ ਪੂੰਜੀ, ਜਿਸ ਰਾਹੀਂ ਸੜਕਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ, ਜਾਰੀ ਕੀਤਾ ਜਾਏ। ਪੰਜਾਬ ਨੂੰ ਹਰ ਸਾਲ 650 ਕਰੋੜ ਰੁਪਏ ਕੈਸ਼ ਕ੍ਰੈਡਿਟ ਲਿਮਟ ਦੇ ਵੀ ਅਦਾ ਕਰਨੇ ਪੈ ਰਹੇ ਹਨ। ਸਾਹਨੀ ਨੇ ਦੱਸਿਆ ਕਿ ਕੇਂਦਰ ਨੇ ਪਿਛਲੇ ਹਫਤੇ ਰਾਜਪੁਰਾ ਪਟਿਆਲਾ ਇੰਡਸਟਰੀਅਲ ਜ਼ੋਨ ਪੰਜਾਬ ਨੂੰ ਦਿੱਤਾ ਹੈ। ਇਸ ਲਈ 1102 ਏਕੜ ਜ਼ਮੀਨ ਖਾਲੀ ਪਈ ਹੈ ਤੇ ਇਸ ਦੇ ਫੰਡ ਵੀ ਜਾਰੀ ਕਰ ਦਿੱਤੇ ਜਾਣ ਤਾਂ ਚੰਗਾ ਹੋਵੇਗਾ। ਪੰਜਾਬ ਨੂੰ ਵਿੱਤੀ ਸੰਕਟ ਵਿੱਚੋਂ ਬਾਹਰ ਕੱਢਣ ਲਈ ਕੇਂਦਰ ਨੂੰ ਕੈਬਨਿਟ ਐਸ.ਓ.ਐਸ. ਕਮੇਟੀ ਬਣਾਉਣੀ ਚਾਹੀਦੀ ਹੈ, ਤਾਂ ਜੋ ਪੰਜਾਬ ਨੂੰ ਭਵਿੱਖ ਵਿੱਚ ਹਨੇਰੇ ਵੱਲ ਜਾਣ ਤੋਂ ਬਚਾਇਆ ਜਾ ਸਕੇ।

ਭਗਵੰਤ ਮਾਨ ਸਰਕਾਰ ਨੇ ਕਰਜ਼ੇ ਦਾ ਪੰਜਾਬੀਆਂ ਉੱਪਰ ਬੋਝ ਪਾਇਆ

ਪੰਜਾਬ ਵਿੱਚ ਆਪ ਦੀ ਸਰਕਾਰ ਦਾ ਅੱਧਾ ਕਾਰਜਕਾਲ ਮੁੱਕਣ ਜਾ ਰਿਹਾ ਹੈ ਪਰ ਹਾਲੇ ਤੱਕ ਇਹ ਰਾਜ ਦੀ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੋਈ ਠੋਸ ਰੂਪ-ਰੇਖਾ ਨੂੰ ਅਮਲ ਵਿੱਚ ਲਿਆਉਣ ਦੇ ਸਮਰੱਥ ਨਹੀਂ ਹੋ ਸਕੀ ਸੀ। ਸਬਸਿਡੀਆਂ ਕਰ ਕੇ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਖ਼ਜ਼ਾਨੇ ਦੀ ਹਾਲਤ ਤਰਸਯੋਗ ਬਣੀ ਪਈ ਹੈ। ਰਾਜ ਦੇ ਵਿੱਤੀ ਸਰੋਤਾਂ ਬਾਰੇ ਕੈਗ ਦੀ ਰਿਪੋਰਟ ਜੋ ਕਿ ਇਸੇ ਹਫ਼ਤੇ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ, ਮੁਤਾਬਿਕ 2018 ਤੋਂ 2023 ਤੱਕ ਰਾਜ ਦੀਆਂ ਕੁੱਲ ਸਬਸਿਡੀਆਂ ਦਾ 68 ਫ਼ੀਸਦੀ ਹਿੱਸਾ ਬਿਜਲੀ ਸਬਸਿਡੀਆਂ ਦੇ ਖਾਤੇ ਵਿੱਚ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਮਾਹਿਰਾਂ ਜਿਨ੍ਹਾਂ ਵਿੱਚ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਵੀ ਸ਼ਾਮਿਲ ਸਨ, ਨੇ ਬਿਜਲੀ ਸਬਸਿਡੀਆਂ ਨੂੰ ਤਰਕਸੰਗਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਤਾਂ ਕਿ ਪੰਜਾਬ ਦੀ ਵਿੱਤੀ ਹਾਲਤ ਨੂੰ ਸੁਧਾਰਿਆ ਜਾ ਸਕੇ। ਹਾਲਾਂਕਿ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਰਾਜ ਦੀ ਸਿਆਸੀ ਲੀਡਰਸ਼ਿਪ ਇਹ ਕਦਮ ਚੁੱਕਣ 'ਚ ਝਿਜਕਦੀ ਰਹੀ ਜੋ ਕਿ ਆਰਥਿਕ ਸੰਕਟ ਦਾ ਕਾਰਨ ਹੈ। 'ਕੈਗ' ਦੀ ਰਿਪੋਰਟ ਵਿੱਚ ਵੀ ਰਾਜ ਦੇ ਖ਼ਰਚਿਆਂ ਤੇ ਆਮਦਨੀ ਵਿਚਕਾਰਲੇ ਫ਼ਰਕ ਨੂੰ ਉਭਾਰਿਆ ਗਿਆ ਹੈ ਤੇ ਲੰਮੇਂ ਸਮੇਂ ਤੋਂ ਬਰਕਰਾਰ ਇਸ ਅੰਤਰ 'ਤੇ ਫ਼ਿਕਰ ਜ਼ਾਹਿਰ ਕੀਤਾ ਗਿਆ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਪੰਜਾਬ ਸਰਕਾਰ ਨੇ ਇੱਕ ਵਾਰ ਫਿਰ ਲੋਕਾਂ ਨੂੰ ਵੱਡਾ ਝਟਕਾ ਦਿੱਤਾ ਹੈ ਅਤੇ ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਆਪਣੇ ਢਾਈ ਸਾਲਾਂ ਦੇ ਪ੍ਰਸ਼ਾਸਨ ਵਿੱਚ ਮਾਨ ਸਰਕਾਰ ਨੇ ਤਿੰਨ ਵਾਰ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਇਜ਼ਾਫ਼ਾ ਕੀਤਾ ਹੈ। ਪਹਿਲੀ ਵਾਰ ਤਿੰਨ ਫਰਵਰੀ, 2023 ਨੂੰ ਪੈਟਰੋਲ ਅਤੇ ਡੀਜ਼ਲ ਦੀ ਕੀਮਤ 90 ਪੈਸੇ ਵਧਾਈ ਗਈ ਸੀ। ਫਿਰ 11 ਜੂਨ, 2023 ਨੂੰ ਪੈਟਰੋਲ ਦੀਆਂ ਕੀਮਤਾਂ ਵਿੱਚ 92 ਪੈਸੇ ਅਤੇ ਡੀਜ਼ਲ ਦੀ ਕੀਮਤ ਵਿੱਚ 90 ਪੈਸੇ ਦਾ ਵਾਧਾ ਕੀਤਾ ਗਿਆ ਸੀ। ਹੁਣ ਤੀਸਰੀ ਵਾਰ ਪੈਟਰੋਲ 61 ਪੈਸੇ ਅਤੇ ਡੀਜ਼ਲ 92 ਪੈਸੇ ਪ੍ਰਤੀ ਲੀਟਰ ਮਹਿੰਗਾ ਕੀਤਾ ਗਿਆ ਹੈ। ਇਹ ਸਪੱਸ਼ਟ ਹੈ ਕਿ ਸਰਕਾਰ ਖ਼ੁਦ ਆਰਥਿਕ ਬੋਝ ਹੇਠ ਦੱਬੀ ਮਹਿਸੂਸ ਕਰਨ ਲੱਗੀ ਹੈ। (ਬਾਕੀ ਸਫ਼ਾ 30 'ਤੇ)

# ਕੀ ਭਾਰਤ 'ਚ ਸਿੱਖ ਨੂੰ ਪੱਗ ਬੰਨ੍ਹਣ ਜਾਂ ਗੁਰਦੁਆਰੇ ਜਾਣ ਦੀ ਖੁੱਲ੍ਹ ਹੈ ?: ਰਾਹੁਲ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਫੇਰੀ 'ਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਵਿਚ ਲੜਾਈ ਸਿਆਸਤ ਨੂੰ ਲੈ ਕੇ ਨਹੀਂ ਬਲਕਿ ਧਾਰਮਿਕ ਆਜ਼ਾਦੀ ਤੇ ਧਾਰਮਿਕ ਪਛਾਣ ਬਾਰੇ ਹੈ। ਉਨ੍ਹਾਂ ਕਿਹਾ ਕਿ ਲੜਾਈ ਇਸ ਗੱਲ ਦੀ ਹੈ ਕਿ ਕੀ ਇੱਕ ਸਿੱਖ ਨੂੰ ਭਾਰਤ ਵਿਚ ਪੱਗ ਬੰਨ੍ਹਣ, ਗੁਰਦੁਆਰੇ ਜਾਣ ਤੇ ਕੜਾ ਪਾਉਣ ਦੀ ਇਜਾਜ਼ਤ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਭਾਰਤ ਵਿੱਚ ਹਾਲੀਆ ਲੋਕ ਸਭਾ ਚੋਣਾਂ ਨੇ 'ਮੋਦੀ ਦੇ ਵਿਚਾਰ' ਤੇ ਪ੍ਰਧਾਨ ਮੰਤਰੀ ਵੱਲੋਂ ਪੈਦਾ ਕੀਤੇ 'ਖੌਫ਼' ਨੂੰ ਖ਼ਤਮ ਕਰ ਦਿੱਤਾ ਹੈ ਤੇ ਇਹ ਹੁਣ 'ਇਤਿਹਾਸ' ਦੀਆਂ ਗੱਲਾਂ ਹਨ। ਲੋਕ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਚੀਜ਼ਾਂ ਬਦਲ ਗਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਜੀ ਵਾਰ ਸਰਕਾਰ ਜ਼ਰੂਰ ਬਣਾਈ ਪਰ ਭਾਜਪਾ ਆਪਣੇ ਦਮ 'ਤੇ ਸਰਕਾਰ ਬਣਾਉਣ ਵਿੱਚ ਨਾਕਾਮ ਰਹੀ। ਸ੍ਰੀ ਗਾਂਧੀ ਨੇ ਆਰ.ਐੱਸ.ਐੱਸ. ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਸੰਘ ਕੁਝ ਧਰਮਾਂ, ਭਾਸ਼ਾਵਾਂ ਤੇ ਭਾਈਚਾਰਿਆਂ ਨੂੰ ਤੁੱਛ ਮੰਨਦਾ ਹੈ ਤੇ ਲੜਾਈ ਇਸੇ ਚੀਜ਼ ਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਰਾਖਵਾਂਕਰਨ ਨੂੰ ਖ਼ਤਮ ਕਰਨ ਬਾਰੇ ਉਦੋਂ ਸੋਚੇਗੀ, ਜਦੋਂ ਭਾਰਤ ਵਿੱਚ ਰਾਖਵਾਂਕਰਨ ਦੇ ਲਿਹਾਜ਼ ਨਾਲ ਨਿਰਪੱਖਤਾ ਹੋਵੇਗੀ।

ਵਾਸ਼ਿੰਗਟਨ ਡੀ.ਸੀ. ਦੇ ਵਰਜੀਨੀਆ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੇ ਰੂ.ਬ.ਰੂ. ਹੁੰਦਿਆਂ ਰਾਹੁਲ ਗਾਂਧੀ ਨੇ ਦਰਸ਼ਕਾਂ ਵਿੱਚ ਬੈਠੇ ਇੱਕ ਸਿੱਖ, ਜਿਸ ਨੇ ਆਪਣਾ ਨਾਮ ਬਲਿੰਦਰ ਸਿੰਘ ਦੱਸਿਆ, ਨੂੰ ਸੰਬੋਧਨ ਹੁੰਦਿਆਂ ਕਿਹਾ, "ਲੜਾਈ ਇਸ ਗੱਲ ਦੀ ਹੈ ਕਿ ਕੀ ਭਾਰਤ ਵਿੱਚ ਇੱਕ ਸਿੱਖ ਨੂੰ ਪੱਗ ਬੰਨਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ ਜਾਂ ਇੱਕ ਸਿੱਖ ਹੋਣ ਦੇ ਨਾਤੇ ਭਾਰਤ ਵਿੱਚ ਕੜਾ ਪਾਉਣ ਦੀ ਖੁੱਲ੍ਹ ਹੈ ਜਾਂ ਉਹ ਇੱਕ ਸਿੱਖ ਵਜੋਂ ਗੁਰਦੁਆਰੇ ਵਿੱਚ ਜਾ ਸਕਦਾ ਹੈ। ਸਾਰੀ ਲੜਾਈ ਇਸੇ ਗੱਲ ਦੀ ਹੈ ਤੇ ਨਾ ਸਿਰਫ ਸਿੱਖਾਂ ਲਈ ਬਲਕਿ ਸਾਰੇ ਧਰਮਾਂ ਲਈ।" ਉਨ੍ਹਾਂ ਕਿਹਾ, 'ਸਭ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਨੂੰ ਇਹ ਸਮਝਣਾ ਹੋਵੇਗਾ ਕਿ ਲੜਾਈ ਕਿਸ ਗੱਲ ਬਾਰੇ ਹੈ। ਲੜਾਈ ਸਿਆਸਤ ਨੂੰ ਲੈ ਕੇ ਨਹੀਂ ਹੈ। ਇਹ ਤਾਂ ਮਹਿਜ਼ ਉਪਰਲਾ ਦਿਖਾਵਾ ਹੈ।"



ਰਾਹੁਲ ਗਾਂਧੀ ਨੇ ਆਰ.ਐੱਸ.ਐੱਸ. ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਹ ਵੰਨ ਸੁਵੰਨਤਾ ਵਿੱਚ ਯਕੀਨ ਨਹੀਂ ਰੱਖਦੀ। ਕਾਂਗਰਸ ਆਗੂ ਨੇ ਕਿਹਾ, "ਆਰ.ਐੱਸ.ਐੱਸ. ਬੁਨਿਆਦੀ ਤੌਰ 'ਤੇ ਇਹ ਕਹਿ ਰਹੀ ਹੈ ਕਿ ਕੁਝ ਰਾਜ ਹੋਰਨਾਂ ਰਾਜਾਂ ਦੇ ਮੁਕਾਬਲੇ ਨੀਵੇਂ ਹਨ, ਕੁਝ ਧਰਮ ਹੋਰਨਾਂ ਧਰਮਾਂ ਦੇ ਮੁਕਾਬਲੇ ਤੁੱਛ ਹਨ, ਅਤੇ ਕੁਝ ਭਾਈਚਾਰੇ ਹੋਰਨਾਂ ਭਾਈਚਾਰਿਆਂ ਦੇ ਮੁਕਾਬਲੇ ਹੇਠਲੇ ਦਰਜੇ ਦੇ ਹਨ। ਸਾਰੀ ਲੜਾਈ ਇਸੇ ਗੱਲ ਦੀ ਹੈ।

(ਬਾਕੀ ਸਫ਼ਾ 30 'ਤੇ)


## ਭਾਜਪਾ ਦੀ ਆਲੋਚਨਾ ਕਰਨ ਦਾ ਮਤਲਬ ਦੇਸ਼ ਨੂੰ ਭੰਡਣਾ ਨਹੀਂ: ਕਾਂਗਰਸ

ਨਵੀਂ ਦਿੱਲੀ/ਏ.ਟੀ.ਨਿਊਜ਼: ਕਾਂਗਰਸ ਨੇ ਰਾਹੁਲ ਗਾਂਧੀ ਵੱਲੋਂ ਅਮਰੀਕਾ ਵਿੱਚ ਕੀਤੀਆਂ ਟਿੱਪਣੀਆਂ ਲਈ ਭਾਜਪਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਨੂੰ ਖ਼ੁਦ ਨੂੰ 'ਦੇਸ਼' ਨਹੀਂ ਸਮਝਣਾ ਚਾਹੀਦਾ।


ਲੋਕ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਨੇ ਆਖਿਆ ਕਿ ਉਹ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨੀ ਜਾਰੀ ਰੱਖੇਗੀ। ਭਾਜਪਾ ਵੱਲੋਂ ਰਾਹੁਲ ਗਾਂਧੀ 'ਤੇ ਹਮਲੇ ਬਾਰੇ ਕਾਂਗਰਸ ਦੇ ਮੀਡੀਆ ਤੇ ਪ੍ਰਚਾਰ ਵਿੰਗ ਦੇ ਮੁਖੀ ਪਵਨ ਖੇੜਾ ਨੇ ਆਖਿਆ, "ਭਾਜਪਾ ਕਦੋਂ ਤੋਂ ਭਾਰਤ ਬਣ ਗਈ ਹੈ ਕਿ ਭਾਜਪਾ ਦੀ ਨਿਖੇਧੀ ਕਰਨ ਦਾ ਮਤਲਬ ਦੇਸ਼ ਦੀ ਨਿਖੇਧੀ ਕਰਨਾ ਹੈ। ਭਾਜਪਾ ਅਤੇ ਨਰਿੰਦਰ ਮੋਦੀ ਨੂੰ ਇਸ ਗਲਤਫਹਿਮੀ 'ਚ ਨਹੀਂ ਰਹਿਣਾ ਚਾਹੀਦਾ ਕਿ ਉਨ੍ਹਾਂ ਦੀ ਆਲੋਚਨਾ ਕਰਨੀ ਦੇਸ਼ ਦੀ ਆਲੋਚਨਾ ਕਰਨ ਵਾਂਗ ਹੈ। ਇਹ ਗਲਤ ਧਾਰਨਾ ਹੈ" ਖੇੜਾ ਨੇ ਆਖਿਆ, "ਜਦੋਂ ਉਹ (ਭਾਜਪਾ) ਭਾਰਤ ਦੇ ਨਿਰਮਾਤਾਵਾਂ ਦੀ ਨਿਖੇਧੀ ਕਰਦੇ ਹਨ ਤਾਂ ਉਹ ਕਿਸ ਨੂੰ ਭੰਡਦੇ ਹਨ? ਅਸੀਂ ਉਨ੍ਹਾਂ ਦੀਆਂ ਨੀਤੀਆਂ ਦੀ ਆਲੋਚਨਾ ਕਰਾਂਗੇ, ਸਵਾਲ ਉਠਾਵਾਂਗੇ। ਇਹ ਸਾਡਾ ਕੰਮ ਹੈ। ਉਨ੍ਹਾਂ ਨੂੰ ਕੀ ਇਤਰਾਜ਼ ਹੈ?"

## ਸਿੱਖਾਂ ਦੀ ਨਸਲਕੁਸ਼ੀ ਕਰਵਾਉਣ ਵਾਲਿਆਂ ਨੂੰ ਭਾਈਚਾਰੇ ਦੀ ਫ਼ਿਕਰ ਹੋਣ ਲੱਗੀ: ਭਾਜਪਾ

ਨਵੀਂ ਦਿੱਲੀ/ਏ.ਟੀ.ਨਿਊਜ਼: ਸਿੱਖ ਭਾਈਚਾਰੇ ਬਾਰੇ ਕੀਤੀ ਟਿੱਪਣੀ ਲਈ ਰਾਹੁਲ ਗਾਂਧੀ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਭਾਜਪਾ ਨੇ ਕਿਹਾ ਕਿ 1984 ਵਿੱਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਲੋਕਾਂ ਨੂੰ ਭੜਕਾ ਕੇ ਸਿੱਖਾਂ ਦੀ ਨਸਲਕੁਸ਼ੀ ਕਰਵਾਉਣ ਵਾਲਿਆਂ ਨੂੰ ਹੁਣ ਸਿੱਖਾਂ ਦੀ ਫ਼ਿਕਰ ਹੋਣ ਲੱਗੀ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਰਾਹੁਲ ਗਾਂਧੀ ਦੇਸ਼ ਤੋਂ ਬਾਹਰ ਰਹਿ ਰਹੇ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਬੇਬੁਨਿਆਦ ਬਿਆਨ ਦੇ ਰਹੇ ਹਨ। ਪੁਰੀ ਨੇ ਕਿਹਾ, "ਮੈਂ ਪਿਛਲੇ 60 ਸਾਲਾਂ ਤੋਂ 'ਪੱਗ' ਬੰਨ੍ਹਦਾ ਤੇ ਹੱਥ ਵਿੱਚ ਕੜਾ ਪਾਉਂਦਾ ਹਾਂ ਤੇ ਅੱਜ ਤੱਕ ਮੈਨੂੰ ਅਜਿਹਾ ਇੱਕ ਵਿਅਕਤੀ ਨਹੀਂ ਟਕਰਿਆਂ ਜਿਸ ਨੇ 'ਪੱਗ' ਬੰਨਣ ਤੇ ਕੜਾ ਪਾਉਣ ਨੂੰ ਲੈ ਕੇ ਕੋਈ ਸ਼ਿਕਾਇਤ ਕੀਤੀ ਹੋਵੇ। ਰਾਹੁਲ ਗਾਂਧੀ ਦੇ ਪਿਤਾ (ਰਾਜੀਵ ਗਾਂਧੀ) ਦੇ ਸਮਿਆਂ ਵਿੱਚ ਗਿਣਮਿੱਥ ਕੇ (ਸਿੱਖਾਂ ਦਾ) ਕਤਲੇਆਮ ਕੀਤਾ ਗਿਆ ਸੀ। ਸਾਡੇ 3000 ਤੋਂ ਵੱਧ ਲੋਕ ਮਾਰੇ ਗਏ ਸਨ। ਅਜਿਹਾ ਨਹੀਂ ਹੈ ਕਿ ਉਹ (ਰਾਹੁਲ) ਇਸ ਤੋਂ ਅਣਜਾਣ ਹਨ, ਉਹ ਪਿਛਲੇ ਲੰਮੇ ਸਮੇਂ ਤੋਂ ਸਿਆਸਤ ਵਿੱਚ ਹਨ। ਲਿਹਾਜ਼ਾ ਉਨ੍ਹਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੇ ਉਹ ਦੇਸ਼ ਦੇ ਅੰਦਰ ਜਾਂ ਬਾਹਰ ਹਨ ਤੇ ਅਜਿਹੇ ਬਿਆਨ ਦਿੰਦੇ ਹਨ ਤਾਂ ਫਿਰ ਉਨ੍ਹਾਂ ਦਾ ਹੀ ਮਖੌਲ ਉੱਡੇਗਾ। ਇਸ ਬਿਆਨ ਦੀ ਨਿਖੇਧੀ ਕਰਨੀ ਬਣਦੀ ਹੈ।" ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਗਾਂਧੀ ਤੇ ਉਨ੍ਹਾਂ ਦੀ ਪਾਰਟੀ 'ਤੇ 'ਤੁਸ਼ਟੀਕਰਨ ਦੀ ਸਿਆਸਤ' ਦਾ ਦੋਸ਼ ਲਾਇਆ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਗਾਂਧੀ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਗਾਂਧੀ ਪਰਿਵਾਰ ਨੂੰ ਸਿੱਖਾਂ ਪ੍ਰਤੀ ਬਹੁਤ ਨਫ਼ਰਤ ਹੈ। ਸਿਰਸਾ ਨੇ ਕਿਹਾ, "ਰਾਹੁਲ ਗਾਂਧੀ ਦੇ ਸਿੱਖਾਂ ਖ਼ਿਲਾਫ਼ ਅਜਿਹੇ ਬਿਆਨ ਕੋਈ ਨਵੀਂ ਗੱਲ ਨਹੀਂ ਹੈ। ਗਾਂਧੀ ਪਰਿਵਾਰ ਨੂੰ ਸਿੱਖਾਂ ਪ੍ਰਤੀ ਬਹੁਤ ਨਫ਼ਰਤ ਹੈ। ਕੋਈ ਵੀ ਸਾਡੀਆਂ ਪੱਗਾਂ, ਗੁਰਦੁਆਰੇ ਹਟਾਉਣ ਬਾਰੇ ਨਹੀਂ ਸੋਚ ਸਕਦਾ।" ਭਾਜਪਾ ਐੱਮ.ਪੀ. ਮਨੋਜ ਤਿਵਾੜੀ ਤੇ ਜਗਦੰਬਿਕਾ ਪਾਲ, ਆਗੂ ਸ਼ਹਿਜ਼ਾਦ ਪੂਨਾਵਾਲਾ, ਪਾਰਟੀ ਦੇ ਜਨਰਲ ਸਕੱਤਰ ਦੁਸ਼ਯੰਤ ਕੁਮਾਰ ਗੌਤਮ ਨੇ ਵੀ ਰਾਹੁਲ ਦੇ ਬਿਆਨ ਦੀ ਨਿਖੇਧੀ ਕੀਤੀ ਹੈ।



## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com









# ਸ਼ਹਿਰ ਤੇਰਾਚੀਨਾ ਦੀਆਂ ਗਲੀਆਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਜੈਕਾਰੇ ਨਾਲ ਗੂੰਜੀਆਂ

ਰੋਮ/ਏ.ਟੀ.ਨਿਊਜ਼: ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੁਨੀਆਂ ਭਰ ਵਿੱਚ ਵਿਸ਼ਾਲ ਧਾਰਮਿਕ ਸਮਾਗਮ ਤੇ ਨਗਰ ਕੀਰਤਨ ਸਿੱਖ ਸੰਗਤਾਂ ਵੱਲੋਂ ਬਹੁਤ ਹੀ ਜੋਸ਼ੇ-ਖਰੋਸ਼ ਤੇ ਸ਼ਰਧਾ ਭਾਵਨਾ ਨਾਲ ਜਾ ਰਹੇ ਹਨ ਜਿਨ੍ਹਾਂ ਵਿੱਚ ਸੰਗਤਾਂ ਦੇ ਵਿਸ਼ਾਲ ਇਕੱਠ ਹਾਜ਼ਰੀ ਭਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਨਤਮਸਤਕ ਹੋ ਰਹੀਆਂ ਹਨ। ਇਸ ਮਹਾਨ ਤੇ ਇਤਿਹਾਸ ਦਿਹਾੜੇ ਨੂੰ ਸਮਰਪਿਤ ਲਾਸੀਓ ਸੂਬੇ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਚਾਰ ਲਈ ਦਿਨ-ਰਾਤ ਸੇਵਾ ਵਿੱਚ ਜੁੜੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ(ਲਾਤੀਨਾ) ਵੱਲੋਂ ਵੀ ਵਿਸ਼ਾਲ ਨਗਰ ਕੀਤਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸ਼ਹਿਰ ਤੇਰਾਚੀਨਾ ਵਿਖੇ ਸਜਾਇਆ ਗਿਆ, ਜਿਸ ਦੀ ਅਗਵਾਈ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਨੇ ਕੀਤੀ। ਭਾਵੇਂ ਇਸ ਦੁਪਿਹਰ ਤਪੀ ਹੋਈ ਸੀ ਪਰ ਅਕਾਲ ਪੁਰਖ ਦੀ ਮੌਜ ਅਨੁਸਾਰ ਸੰਗਤਾਂ ਦਾ ਗੁਰੂ ਪ੍ਰਤੀ ਉਤਸ਼ਾਹ ਤੇ ਸ਼ਰਧਾ ਜੈਕਾਰਿਆਂ ਦੇ ਰੂਪ ਪ੍ਰਤੱਖ ਹੋ ਰਹੀ ਸੀ । ਗੁਰੂ ਦੇ ਜੈਕਾਰੇ ਛੱਡਦਾ ਨਗਰ ਕੀਰਤਨ ਤੇਰਾਚੀਨਾ ਸ਼ਹਿਰ ਦੀ ਪ੍ਰਕਰਮਾ ਕਰਦਾ ਹੋਇਆ ਸੰਪੂਰਨ ਹੋਇਆ। ਇਸ ਮੌਕੇ ਸੰਗਤਾਂ ਲਈ ਸੇਵਾਦਾਰਾਂ ਵੱਲੋਂ ਠੰਡੇ-ਮਿੱਠੇ ਜਲ ਦੀਆਂ ਛਬੀਲਾਂ, ਮਿਲਕ ਬਦਾਮ, ਛੋਲੇ, ਸਮੋਸੇ, ਆਈਸ ਕਰੀਮ ਤੇ ਫਲਾਂ ਦੀ ਚਾਟ ਦੇ ਅਤੁੱਟ ਭੰਡਾਰੇ ਵਰਤਾਏ ਗਏ। ਇਸ ਨਗਰ ਕੀਰਤਨ ਮੌਕੇ ਪ੍ਰਸਿੱਧ ਰਾਗੀ, ਢਾਡੀ, ਕੀਰਤਨੀਏ ਤੇ ਕਥਾਵਾਚਕਾਂ ਨੇ ਹਾਜ਼ਰੀ ਕਰਦਿਆਂ ਮਹਾਨ ਸਿੱਖ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ। ਇਟਲੀ ਦੇ ਪ੍ਰਸਿੱਧ ਕਵੀਸ਼ਰ ਜੱਥੇ ਗਿਆਨੀ ਤਰਸੇਮ ਸਿੰਘ ਪਾਤਰਾ ਨੇ ਆਪਣੀ ਦਮਦਾਰ ਤੇ ਬੁਲੰਦ ਆਵਾਜ਼ ਵਿੱਚ ਗੁਰੂ ਨਾਨਕ ਦੇ ਘਰ ਦੀਆਂ ਸਿਫ਼ਤਾਂ ਕਰਦਿਆਂ ਸੰਗਤਾਂ ਦੀ ਸੁਰਤ ਨੂੰ ਗਗਨਮੰਡਲ ਦੀ ਸੈਰ ਕਰਵਾ ਦਿੱਤੀ। ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ ਭਾਈ ਗੁਰਵਿੰਦਰ ਸਿੰਘ ਤੇ ਹੈੱਡ ਗ੍ਰੰਥੀ ਭਾਈ ਸਤਨਾਮ ਸਿੰਘ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਹੁਰਾਂ ਵੀ



(ਬਾਕੀ ਸਫ਼ਾ 30 'ਤੇ)

# ਬਾਬੇ ਨਾਨਕ ਦੇ ਵਿਆਹ ਪੁਰਬ ਮੌਕੇ ਬਟਾਲਾ 'ਚ ਕੱਢਿਆ ਬਾਰਾਤ ਰੂਪੀ ਨਗਰ ਕੀਰਤਨ





ਬਟਾਲਾ/ਏ.ਟੀ.ਨਿਊਜ਼: ਸ੍ਰੀ ਗੁਰੂ ਨਾਨਕ ਦੇਵ ਜੀ ਦੇ 537 ਵੇਂ ਵਿਆਹ ਪੁਰਬ ਨੂੰ ਲੈ ਕੇ ਵੱਡੀ ਗਿਣਤੀ 'ਚ ਸੰਗਤ ਬਟਾਲਾ ਦੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਅਤੇ ਸ੍ਰੀ ਕੰਧ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੀ। ਜਿਥੇ ਬੀਤੇ ਦਿਨ ਸੁਲਤਾਨਪੁਰ ਲੋਧੀ ਤੋਂ ਇਕ ਬਾਰਾਤ ਰੂਪੀ ਮਹਾਨ ਨਗਰ ਕੀਰਤਨ ਦੇਰ ਰਾਤ ਬਟਾਲਾ ਪਹੁੰਚਿਆ।

ਇਸ ਸਥਾਨ 'ਤੇ ਅੱਜ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਲੈ ਕੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਜੋ ਮਾਤਾ ਸੁਲੱਖਣੀ ਜੀ ਦਾ ਜਨਮ ਅਸਥਾਨ ਅਤੇ ਉਥੇ ਹੀ ਗੁਰੂ ਨਾਨਕ ਸਾਹਿਬ ਦੇ ਅਨੰਦ ਕਾਰਜ ਹੋਏ ਸਨ। ਇਸ ਧਾਰਮਿਕ ਅਸਥਾਨ ਤੋਂ ਇੱਕ ਮਹਾਨ ਨਗਰ ਕੀਰਤਨ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਆਰੰਭ ਹੋਇਆ ਅਤੇ ਪੂਰਾ ਦਿਨ ਇਹ ਨਗਰ ਕੀਰਤਨ ਬਟਾਲਾ ਦੇ ਬਾਜ਼ਾਰਾਂ 'ਚ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਸੰਪੂਰਨ ਹੋਇਆ।

ਇਸ ਦੌਰਾਨ ਨਗਰ ਕੀਰਤਨ 'ਚ ਪੰਜਾਬ ਪੁਲਿਸ ਬੈਂਡ ਅਤੇ ਗੱਤਕਾ ਪਾਰਟੀਆਂ ਨੇ ਆਪਣੇ ਜੌਹਰ ਦਿਖਾਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਇਸ ਨਗਰ ਕੀਰਤਨ 'ਚ ਪਹੁੰਚੇ ਅਤੇ ਧਾਰਮਿਕ ਅਤੇ ਰਾਜਨੀਤਿਕ ਆਗੂ ਵੀ ਨਗਰ ਕੀਰਤਨ 'ਚ ਨਤਮਸਤਕ ਹੋਣ ਪਹੁੰਚੇ ਉਥੇ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਉਪਦੇਸ਼ਾਂ ਨਾਲ ਹਰ ਸਿੱਖ ਨੂੰ ਜੋੜਨ ਦੀ ਲੋੜ ਹੈ।

# ਪਰਥ: ਬੇਅਦਬੀ ਖ਼ਿਲਾਫ਼ ਸਿੱਖਾਂ ਵੱਲੋਂ ਮੈਲਬਰਨ 'ਚ ਰੋਸ ਮਾਰਚ

ਮੈਲਬਰਨ/ਏ.ਟੀ.ਨਿਊਜ਼ :ਆਸਟਰੇਲੀਆ ਦੇ ਸ਼ਹਿਰ ਪਰਥ 'ਚ ਬੀਤੇ ਦਿਨੀਂ ਗੁਟਕਾ ਸਾਹਿਬ ਦੀ ਕੀਤੀ ਗਈ ਬੇਅਦਬੀ ਖ਼ਿਲਾਫ਼ ਸਿੱਖ ਭਾਈਚਾਰੇ ਨੇ ਮੈਲਬਰਨ ਵਿੱਚ ਮੁੱਖ ਚੌਕ ਤੋਂ ਸਟੇਟ ਲਾਇਬਰੇਰੀ ਤੱਕ ਰੋਸ ਮਾਰਚ ਕੀਤਾ। ਇਸ ਦੌਰਾਨ ਉਨ੍ਹਾਂ ਗ੍ਰਿਫ਼ਤਾਰ ਮੁਲਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਸੁਪਰੀਮ ਸਿੱਖ ਕੌਂਸਲ ਆਫ ਆਸਟਰੇਲੀਆ ਦੇ ਕਾਰਕੁਨ ਤੇ ਵਕੀਲ ਹਰਕੀਰਤ ਸਿੰਘ ਅਜਨੋਹਾ ਨੇ ਕਿਹਾ ਕਿ ਮੁਲਜ਼ਮ 'ਤੇ ਇਸ ਦੋਸ਼ 'ਚ ਲਾਈ ਗਈ ਧਾਰਾ ਦੀ ਮਦ ਕਮਜ਼ੋਰ ਹੈ, ਜਦਕਿ ਮੁਲਜ਼ਮ 'ਤੇ ਆਇਦ ਇਸੇ ਕਾਨੂੰਨ ਦੀ ਇੱਕ ਹੋਰ ਮਦ ਅਜਿਹੇ ਜੁਰਮ ਲਈ ਵੱਧ ਸਜ਼ਾ ਦਿੱਤੇ ਜਾਣ ਦੀ ਹਾਮੀ ਭਰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਮੁਲਕ 'ਚ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ ਲਿਆਉਣ ਦੀ ਮੰਗ ਵੀ ਕੀਤੀ।




ਸ਼ਹਿਰ ਦੇ ਮੁੱਖ ਚੌਕ ਤੋਂ ਚੱਲੇ ਇਸ ਮਾਰਚ ਦੌਰਾਨ ਸ਼ਹਿਰ ਦੇ ਮੁੱਖ ਖੇਤਰ 'ਚ ਆਵਾਜਾਈ ਪ੍ਰਭਾਵਿਤ ਰਹੀ ਅਤੇ ਵੱਡੀ ਗਿਣਤੀ 'ਚ ਪਹੁੰਚੇ ਸਿੱਖ ਭਾਈਚਾਰੇ ਨੇ ਸ਼ਾਂਤਮਈ ਰੋਸ ਮਾਰਚ ਕੀਤਾ। ਇਸ ਤੋਂ ਇਲਾਵਾ ਮੁਲਕ ਦੇ ਹੋਰਾਂ ਸ਼ਹਿਰਾਂ 'ਚ ਵੀ ਸਿੱਖਾਂ ਨੇ ਇਸ ਘਟਨਾ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਜ਼ਿਕਰਯੋਗ ਹੈ ਕਿ ਪਰਥ ਦੇ ਗੁਰੂਘਰ ਦੇ ਬਾਹਰ ਕੁਝ ਹਫਤੇ ਪਹਿਲਾਂ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਸੁੱਟੇ ਗਏ ਸਨ ਅਤੇ ਇਸ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਸੀ। ਇਸ ਮਾਮਲੇ ਵਿੱਚ ਪੁਲੀਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।

# ਕੈਬਨਿਟ ਮੰਤਰੀਆਂ ਤੋਂ ਬਾਅਦ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰਾਂ ਦੀ ਹੋ ਸਕਦੀ ਹੈ ਪੇਸ਼ੀ

## ਬੀਬੀ ਜਾਗੀਰ ਕੌਰ ਨੇ ਕਿਹਾ ਕਿ ਬਾਦਲ ਪਰਿਵਾਰ ਹੀ ਗੁਨਾਹਗਾਰ, ਕੋਈ ਪੰਥ ਵਿਰੋਧੀ ਫ਼ੈਸਲੇ ਵਿੱਚ ਮੈਂ ਸ਼ਾਮਲ ਨਹੀਂ

## 18 ਸਤੰਬਰ ਤੋਂ ਬਾਅਦ ਹੋਵੇਗੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ



ਬਘੇਲ ਸਿੰਘ ਧਾਲੀਵਾਲ
99142-58142

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਕਾਲੀ ਦਲ ਨਾਲ ਸਬੰਧਿਤ ਮਾਮਲੇ ਨੂੰ ਵਿਚਾਰਨ ਲਈ 18 ਸਤੰਬਰ ਨੂੰ ਸ਼ਤਾਬਦੀ ਸਮਾਰੋਹ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦਣ ਜਾ ਰਹੇ ਹਨ। ਚਰਚਾ ਹੈ ਕਿ ਸਾਬਕਾ ਕੈਬਨਿਟ ਮੰਤਰੀਆਂ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇ ਕੇ ਨਿੱਜੀ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਸੀ ਅਤੇ ਉਪਰੋਕਤ ਸਮੇਂ ਰਹੇ ਸਾਬਕਾ ਸਿੱਖ ਕੈਬਨਿਟ ਮੰਤਰੀਆਂ ਪਾਸੋਂ 15 ਦਿਨ ਦੇ ਅੰਦਰ ਸਪੱਸ਼ਟੀਕਰਨ ਮੰਗਿਆ ਸੀ। ਜਿਥੇ ਸੁਖਬੀਰ ਸਿੰਘ ਬਾਦਲ ਨੇ ਪੇਸ਼ ਹੋ ਕੇ ਲਿਖਤੀ ਪੱਤਰ ਦਿੱਤਾ ਸੀ, ਉਥੇ ਹੀ ਹੁਣ ਤੱਕ ਬਿਕਰਮ ਸਿੰਘ ਮਜੀਠੀਆ, ਡਾਕਟਰ ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਸੁੱਚਾ ਸਿੰਘ ਲੰਗਾਹ, ਮਨਪ੍ਰੀਤ ਸਿੰਘ ਬਾਦਲ, ਸੋਹਣ ਸਿੰਘ ਥੰਡਲ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ ਆਪਣਾ ਸਪੱਸ਼ਟੀਕਰਨ ਦੇ ਚੱਕੇ ਹਨ।ਹਾਲੇ ਤੱਕ ਇਹਨਾਂ ਵਿਚੋਂ ਡਾ. ਉਪਿੰਦਰਜੀਤ ਕੌਰ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜਨਮੇਜਾ ਸਿੰਘ, ਹੀਰਾ ਸਿੰਘ ਗਾਬੜੀਆ, ਸਰਵਣ ਸਿੰਘ ਫਿਲੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ ਸਪਸ਼ਟੀਕਰਨ ਦੇਣ ਨਹੀਂ ਪਹੁੰਚੇ।

ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ 2007 ਤੋਂ 23 ਜੁਲਾਈ 2024 ਤੱਕ ਜਾਂ 2007 ਤੋਂ 2017 ਤੱਕ ਰਹੇ ਕੋਰ ਕਮੇਟੀ ਮੈਂਬਰਾਂ ਨੂੰ ਵੀ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣਾ ਪੈ ਸਕਦਾ ਹੈ। ਇਹ ਵੀ ਚਰਚਾ ਹੈ ਕਿ ਜੇਕਰ ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਵੱਜੋਂ ਤਨਖਾਹੀਆ ਕਰਾਰ ਦਿੱਤਾ ਹੈ ਅਤੇ ਉੱਪ ਮੁੱਖ ਮੰਤਰੀ ਦੇ ਸਾਥੀ ਕੈਬਨਿਟ ਮੰਤਰੀਆਂ ਪਾਸੋਂ ਸਪਸ਼ਟੀਕਰਨ ਮੰਗਿਆ ਜਾ ਸਕਦਾ ਹੈ ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਰਹੇ ਕੋਰ ਕਮੇਟੀ ਦੇ ਮੈਂਬਰਾਂ ਪਾਸੋਂ ਸਪਸ਼ਟੀਕਰਨ ਕਿਉਂ ਨਹੀਂ ਮੰਗਿਆ ਜਾ ਸਕਦਾ।

ਇਥੋਂ ਤੱਕ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਹੋਈਆਂ ਗਲਤੀਆਂ ਲਈ ਮਾਫੀ ਮੰਗਣ ਅਤੇ ਪਸ਼ਚਾਤਾਪ ਕਰਨ ਲਈ ਕਈ ਵਾਰ ਕੋਰ ਕਮੇਟੀ ਵਿੱਚ ਚਰਚਾ ਹੋ ਚੱਕੀ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਅਕਾਲੀ ਆਗੂਆਂ ਬੀਬੀ ਜਾਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ , ਸੁਰਜੀਤ ਸਿੰਘ ਰੱਖੜਾ, ਕਰਨੈਲ ਸਿੰਘ ਪੰਜੋਲੀ, ਭਾਈ ਮਨਜੀਤ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਸਰਵਨ ਸਿੰਘ ਫਿਲੌਰ ਨੇ ਪਹਿਲੀ ਜੁਲਾਈ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਲਿਖਤੀ ਪੱਤਰ ਦੇ ਕੇ 2007 ਤੋਂ 2017 ਤੱਕ ਅਕਾਲੀ ਸਰਕਾਰ ਦਰਮਿਆਨ ਹਰੇਕ ਗਲਤੀ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾ ਕੇ ਆਪ ਵੀ ਇਸ ਵਿੱਚ ਸ਼ਾਮਲ ਹੋਣ ਦਾ ਕਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਧਾਰਮਿਕ ਰਹੁ ਰੀਤਾਂ ਅਨੁਸਾਰ ਕਾਰਵਾਈ ਕਰਨ ਦੀ ਗੁਹਾਰ ਲਗਾਈ ਸੀ, ਪੱਤਰ ਦੇਣ ਵਾਲਿਆਂ ਵਿੱਚ ਬਹੁਤ ਸਾਰੇ ਕੋਰ ਕਮੇਟੀ ਮੈਂਬਰ ਹਨ।

ਬੀਬੀ ਜਾਗੀਰ ਕੌਰ ਨੇ ਬਾਦਲ ਪਰਿਵਾਰ ਨੂੰ ਦੋਸ਼ੀ ਠਹਿਰਾਇਆ

ਬੀਬੀ ਜਗੀਰ ਕੌਰ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੇ ਸਪਸ਼ਟੀਕਰਨ ਵਿੱਚ ਲਿਖਿਆ ਕਿ ਮੈਂ 2007 ਤੋਂ 2012 ਦੀ ਸਰਕਾਰ ਸਮੇਂ ਵਿਧਾਨ ਸਭਾ ਦੀ ਮੈਂਬਰ ਨਹੀਂ ਸੀ ਇਸ ਕਰਕੇ ਮੈਂ ਕੈਬਨਿਟ ਦਾ ਹਿੱਸਾ ਨਹੀਂ ਸੀ । 2012 ਤੋਂ 2017 ਦੀ ਸਰਕਾਰ ਵਿੱਚ ਮੈਂ 14 ਮਾਰਚ 2012 ਨੂੰ ਬਤੌਰ ਕੈਬਨਿਟ ਮੰਤਰੀ ਸਹੁੰ ਚੁੱਕੀ ਸੀ ਅਤੇ 30 ਮਾਰਚ 2012 ਨੂੰ ਕੈਬਨਿਟ ਮੰਤਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਕੇਵਲ 16 ਦਿਨ ਹੀ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੀ।

(ਬਾਕੀ ਸਫ਼ਾ 31 'ਤੇ)

## ਮਨਪ੍ਰੀਤ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਅਨੁਸਾਰ ਪਤਿਤ ਹੋਣ ਕਰਕੇ ਬੁਲਾਉਣਾ ਗਲਤ : ਬੀਬੀ ਕਿਰਨਜੋਤ ਕੌਰ

ਬੀਤੇ ਦਿਨੀਂ ਬਾਦਲ ਪਰਿਵਾਰ ਦੀ ਰਵਾਇਤ ਨੂੰ ਪਾਲਦਿਆਂ ਮਨਪ੍ਰੀਤ ਸਿੰਘ ਬਾਦਲ ਨੇ ਬੰਦ ਲਿਫਾਫੇ ਵਿੱਚ ਸਪੱਸ਼ਟੀਕਰਨ ਸੌਂਪਿਆ ਸੀ। ਮਨਪ੍ਰੀਤ ਸਿੰਘ ਬਾਦਲ ਅਕਾਲੀ ਸਰਕਾਰ ਸਮੇਂ 2007 ਤੋਂ 2011 ਤੱਕ ਮੰਤਰੀ ਰਹੇ ਸਨ, ਜਿਸ ਕਰਕੇ ਉਨ੍ਹਾਂ ਕੋਲੋਂ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸਪੱਸ਼ਟੀਕਰਨ ਮੰਗਿਆ ਸੀ।

ਜਦ ਕਿ ਮਨਪ੍ਰੀਤ ਸਿੰਘ ਬਾਦਲ ਪਤਿਤ ਹਨ, ਉਨ੍ਹਾਂ ਦਾ ਮਸਲਾ ਅਕਾਲ ਤਖਤ ਸਾਹਿਬ ਤੋਂ ਨਹੀਂ ਵਿਚਾਰਿਆ ਜਾ ਸਕਦਾ।ਇਹ ਗੱਲ ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਨੇ ਕਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਧਾਂਤਕ ਗਲਤੀ ਹੈ।ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦਾ ਪਾਲਣ ਹੋਣਾ ਚਾਹੀਦਾ ਸੀ।ਯਾਦ ਰਹੇ ਕਿ ਮਨਪ੍ਰੀਤ ਸਿੰਘ ਬਾਦਲ ਨੇ ਗਿੱਦੜਬਾਹਾ ਇਲੈਕਸ਼ਨ ਲਈ ਅੰਮ੍ਰਿਤ ਛਕਿਆ ਸੀ।ਬਾਅਦ ਵਿੱਚ ਉਸਨੇ ਦਾੜ੍ਹੀ ਕਤਲ ਕਰਾ ਦਿੱਤੀ ਸੀ।ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਨਾ ਪਤਿਤ ਅਕਾਲ ਤਖ਼ਤ ਸਾਹਿਬ ਹਾਜਰ ਹੋ ਸਕਦਾ ਹੈ ਨਾ ਉਸਦੀ ਦੇਗ ਪ੍ਰਵਾਨ ਹੋ ਸਕਦੀ ਹੈ।ਸਿੱਖ ਰਹਿਤ-ਮਰਿਆਦਾ ਵਿੱਚ ਤਨਖ਼ਾਹੀਏ ਇਹ ਹਨ- ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ ਆਦਿ ਪੰਥ ਵਿਰੋਧੀਆਂ ਜਾਂ ਨੜੀ-ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ। ਇੱਥੇ ਵਰਤਣ ਦਾ ਮਤਲਬ ਰੋਟੀ-ਬੇਟੀ ਦੀ ਸਾਂਝ ਹੈ। ਹੋਰ ਵੀ ਕਈ ਅਮਲਾਂ ਨਾਲ ਸਿੱਖ ਤਨਖ਼ਾਹੀਆ ਹੋ ਜਾਂਦਾ ਹੈ। ਪਰ ਚਾਰ ਬੱਜਰ ਕੁਰਹਿਤਾਂ 'ਚੋਂ ਕੋਈ ਵੀ ਇੱਕ ਕਰਨ ਵਾਲਾ ਭਾਵ ਕੇਸਾਂ ਦੀ ਬੇਅਦਬੀ, ਕੁਠਾ (ਮੁਸਲਮਾਨੀ ਤਰੀਕੇ ਨਾਲ ਬਣਿਆ) ਮਾਸ ਖਾਣਾ, ਪਰ ਇਸਤਰੀ/ਮਰਦ ਗਮਨ ਜਾਂ ਤੰਬਾਕੂ ਦੀ ਵਰਤੋਂ, ਪਤਿਤ ਹੋ ਜਾਂਦਾ ਹੈ ਅਤੇ ਆਪਣੇ-ਆਪ ਸਿੱਖੀ ਤੋਂ ਬਾਹਰ ਹੋ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਨਕੋਦਰ ਬੇਅਦਬੀ ਕਾਂਡ ਕਾਰਨ ਸੁਖਬੀਰ ਬਾਦਲ ਤੇ ਉਸਦੇ ਜੋਟੀਦਾਰ ਮੁੜ ਫਸੇ

## ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਲਈ ਵਾਪਸ

## ਵਾਰ-ਵਾਰ ਸਿੱਖ ਪੰਥ ਪ੍ਰਤੀ ਗੁਨਾਹ ਦੁਹਰਾ ਰਹੇ ਨੇ ਬਾਦਲਕੇ

## ਜਥੇਦਾਰ ਮੌਨ ਕਿਉਂ, ਬਾਦਲਕਿਆਂ ਦੀਆਂ ਸਰਗਰਮੀਆਂ ਉੱਪਰ ਪਾਬੰਦੀਆਂ ਕਿਉਂ ਨਹੀਂ ?

## ਕੀ ਪੰਥ ਦੇ ਗੁਨਾਹਗਾਰ ਚਲਾਉਣਗੇ ਅਕਾਲੀ ਦਲ ? ਜਥੇਦਾਰ ਜੁਆਬ ਦੇਣ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਜਥੇਦਾਰ ਅਕਾਲ ਤਖਤ ਸਮੇਤ ਸਿੰਘ ਸਾਹਿਬਾਨ ਬਾਦਲ ਧੜੇ ਖ਼ਿਲਾਫ਼ ਨਰਮ ਵਰਤਾਰਾ ਅਪਨਾਅ ਰਹੇ ਹਨ। ਇਨ੍ਹਾਂ ਦੀਆਂ ਸਿਆਸੀ ਗਤੀਵਿਧੀਆਂ ਉੱਪਰ ਇਨ੍ਹਾਂ ਬਿਲਕੁਲ ਪਾਬੰਦੀਆਂ ਨਹੀਂ ਲਗਾਈਆਂ ਜਦ ਕਿ ਇਹ ਸਿੱਖ ਪੰਥ ਦੇ ਦੋਸ਼ੀ ਹਨ, ਜਿਨ੍ਹਾਂ ਕਾਰਨ ਸਿੱਖ ਪੰਥ ਦਾ ਘਾਣ ਹੋਇਆ ਹੈ। ਜਦ ਕਿ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਮਹੇਸ਼ ਸਿੰਘ ਗਰੇਵਾਲ ਸੌਦਾ ਸਾਧ ਦੀ ਮੁਆਫੀ ਵਿੱਚ ਪਿਉ-ਪੁੱਤ ਬਾਦਲ ਦੇ ਖਾਸ ਜੋਟੀਦਾਰ ਰਹੇ ਹਨ।

ਹੁਣ ਬਾਦਲਕਿਆਂ ਨੇ ਆਪਣੇ ਚਹੇਤੇ ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਰਾਹੀਂ ਸਿੰਘ ਸਾਹਿਬਾਨਾਂ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ ਹੈ ਕਿ ਇਕ ਪੱਤਰ ਭੇਜਕੇ ਮੰਗ ਕੀਤੀ ਹੈ ਕਿ ਜਿਹੜੇ ਕਾਂਗਰਸੀ, ਆਪ ਆਗੂ ਚੋਣਾਂ ਦੌਰਾਨ ਸੌਦਾ ਸਾਧ ਕੋਲ ਵੋਟਾਂ ਮੰਗਣ ਗਏ ਸਨ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਪੇਸ਼ ਕੀਤਾ ਜਾਵੇ। ਜਦਕਿ ਇਹਨਾਂ ਸਭ ਦੀ ਪੇਸ਼ੀ ਹੋ ਚੁੱਕੀ ਹੈ।

ਦਰਬਾਰਾ ਸਿੰਘ ਗੁਰੂ ਨਕੋਦਰ ਬੇਅਦਬੀ ਕਾਂਡ ਦਾ ਦੋਸ਼ੀ ?

ਸੁਖਬੀਰ ਬਾਦਲ ਦੀ ਸਿੱਖ ਪੰਥ ਨੂੰ ਠੇਸ ਪਹੁੰਚਾਉਣ ਦੀ ਦੂਜੀ ਗੁਨਾਹਗਾਰ ਵਜੋਂ ਪ੍ਰਕਿਰਿਆ ਦਰਬਾਰਾ ਸਿੰਘ ਗੁਰੂ ਨੂੰ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦਾ ਸਕੱਤਰ ਲਗਾਉਣਾ ਸੀ, ਜਿਸ ਉੱਪਰ ਨਕੋਦਰ ਬੇਅਦਬੀ ਕਾਂਡ ਦੌਰਾਨ ਸਿੱਖਾਂ ਉਪਰ ਗੋਲੀਕਾਂਡ ਦੇ ਦੋਸ਼ ਲੱਗੇ ਸਨ। ਇਹ ਸਪਸ਼ਟ ਹੈ ਕਿ ਦਰਬਾਰਾ ਸਿੰਘ ਗੁਰੂ ਬਾਦਲ ਪਰਿਵਾਰ ਦੇ ਅਤਿ ਨੇੜੇ ਹੈ। ਵੱਡੀ ਗੱਲ ਇਹ ਹੈ ਕਿ ਸੁਖਬੀਰ ਬਾਦਲ ਸਿੱਖ ਪੰਥ ਵਿਰੁੱਧ ਲਗਾਤਾਰ ਅਪਰਾਧ ਕਰ ਰਹੇ ਹਨ, ਪਰ ਸਿੰਘ ਸਾਹਿਬਾਨ ਸੁਖਬੀਰ ਬਾਦਲ ਸਮੇਤ ਇਹਨਾਂ ਦੇ ਜੋਟੀਦਾਰ ਦੀਆਂ ਗਤੀਵਿਧੀਆਂ ਉੱਪਰ ਪਾਬੰਦੀਆਂ ਨਹੀਂ ਲਗਾ ਰਹੇ। ਜਦ ਕਿ ਇਹ ਜ਼ਰੂਰੀ ਸੀ।

ਬੀਤੇ ਦਿਨੀਂ ਸਾਕਾ ਨਕੋਦਰ ਕਾਂਡ ਨਾਲ ਜੁੜੇ ਦਰਬਾਰਾ ਸਿੰਘ ਗੁਰੂ ਨਿਯੁਕਤੀ ਦੇ ਖ਼ਿਲਾਫ਼ ਨਕੋਦਰ ਕਾਂਡ ਦੇ ਸ਼ਹੀਦ ਰਵਿੰਦਰ ਸਿੰਘ ਲਿਤਰਾਂ ਦੇ ਮਾਪਿਆਂ ਨੇ ਜਥੇਦਾਰ ਨੂੰ ਚਿੱਠੀ ਲਿਖਕੇ ਬੇਨਤੀ ਕੀਤੀ ਸੀ ਕਿ ਸੁਖਬੀਰ ਬਾਦਲ ਦੀ ਸਜ਼ਾ ਸਬੰਧੀ ਆਪਣਾ ਫ਼ੈਸਲਾ ਲੈਣ ਸਮੇਂ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਦਰਬਾਰਾ ਸਿੰਘ ਗੁਰੂ ਬਾਰੇ ਬਾਦਲਕਿਆਂ ਦਾ ਯੂ ਟਰਨ

ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਆਈ.ਏ.ਐੱਸ.ਅਧਿਕਾਰੀ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ 'ਤੇ ਇਸੇ ਕਾਰਨ ਯੂ-ਟਰਨ ਲੈ ਲਿਆ ਹੈ। ਪਾਰਟੀ ਨੇ ਕਾਰਜਕਾਰੀ ਪ੍ਰਧਾਨ ਸ: ਬਲਵਿੰਦਰ ਸਿੰਘ ਭੂੰਦੜ ਦੇ ਸਲਾਹਕਾਰ ਵਜੋਂ ਕੀਤੀ ਗਈ ਉਨ੍ਹਾਂ ਦੀ ਨਿਯੁਕਤੀ ਵਾਪਸ ਲੈ ਲਈ ਹੈ।

ਕੀ ਕਹਿੰਦੇ ਨੇ ਦਰਬਾਰਾ ਸਿੰਘ ਗੁਰੂ

ਦੂਜੇ ਪਾਸੇ ਦਰਬਾਰਾ ਸਿੰਘ ਗੁਰੂ ਦਾ ਕਹਿਣਾ ਸੀ ਕਿ ਉਹ ਨਾ ਤਾਂ ਮੌਕੇ 'ਤੇ ਮੌਜੂਦ ਸਨ ਅਤੇ ਨਾ ਹੀ ਉਨ੍ਹਾਂ ਗੋਲੀ ਚਲਾਉਣ ਲਈ ਕੋਈ ਹੁਕਮ ਜਾਂ ਪ੍ਰਵਾਨਗੀ ਦਿੱਤੀ ਸੀ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਤਾਂ ਪੁਲਿਸ ਦੇ ਅਧਿਕਾਰੀਆਂ ਵੱਲੋਂ ਗੋਲੀ ਚਲਾਉਣ ਤੋਂ ਬਾਅਦ ਵੀ ਸੂਚਿਤ ਨਹੀਂ ਕੀਤਾ ਗਿਆ ਸੀ। ਉਨ੍ਹਾਂ ਨੇ 1986 ਦੇ ਨਕੋਦਰ ਪੁਲਿਸ ਕੇਸ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋ ਇਨਕਾਰ ਕੀਤਾ ਹੈ।

ਦਰਬਾਰਾ ਸਿੰਘ ਗੁਰੂ ਇਹਨਾਂ ਸਵਾਲਾਂ ਦੇ ਜਵਾਬ ਦੇਵੇ:






1. ਤੁਸੀਂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸੀ ਪਰ 2 ਫਰਵਰੀ, 1986 ਨੂੰ ਤੁਸੀਂ ਜਲੰਧਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਦੇ ਰੂਪ ਵਿੱਚ ਕੰਮ ਨਹੀਂ ਕਰ ਰਹੇ ਸੀ ? ਕੀ ਤੁਸੀਂ ਗੁਰੂ ਗ੍ਰੰਥ ਸਾਹਿਬ ਦੇ 5 ਸਰੂਪਾਂ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਗੁਰਦੁਆਰੇ ਵਿੱਚ 2 ਫਰਵਰੀ 1986 ਨੂੰ ਸ਼ਰਾਰਤੀ ਤੱਤਾਂ ਵਲੋਂ ਅਗਨ ਭੇਟ ਕੀਤੇ ਜਾਣ ਤੋਂ ਬਾਅਦ ਨਕੋਦਰ ਦੀਆਂ ਘਟਨਾਵਾਂ 'ਤੇ ਨਜ਼ਰ ਰੱਖਣ ਲਈ ਥਾਪੇ ਨਹੀਂ ਸੀ ਗਏ ?

2. ਡਿਪਟੀ ਜ਼ਿਲ੍ਹਾ ਮੈਜਿਸਟਰੇਟ ਵਜੋਂ, ਕੀ ਤੁਸੀਂ 3 ਫਰਵਰੀ 1986 ਨੂੰ ਨਕੋਦਰ ਵਿਖੇ ਕਰਫਿਊ ਆਰਡਰ 'ਤੇ ਦਸਤਖਤ ਨਹੀਂ ਕੀਤੇ ਸਨ ?

3. ਭਾਵੇਂ ਕਿ ਗੁਰੂ ਗ੍ਰੰਥ ਸਾਹਿਬ ਦੇ 5 ਸਰੂਪਾਂ ਨੂੰ ਅੱਗ ਲਗਾਉਣ ਕਾਰਨ ਸ਼ਹਿਰ ਵਿੱਚ ਤਣਾਅ ਸੀ, ਫਿਰ ਵੀ ਤੁਸੀਂ ਸਿੱਖ ਸੰਗਤਾਂ ਅਤੇ ਸਿੱਖ ਆਗੂਆਂ ਵਲੋਂ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਜਾਂ ਆਰਜ਼ੀ ਹਿਰਾਸਤ ਵਿੱਚ ਲੈਣ ਦਾ ਹੁਕਮ ਨਹੀਂ ਦਿੱਤਾ ? ਅਜਿਹਾ ਕਰਨ ਲਈ ਕੀ ਕਾਰਨ ਸੀ ?

4. ਨਕੋਦਰ ਕਸਬੇ ਵਿੱਚ ਤਣਾਅ ਹੋਣ ਦੇ ਨਾਤੇ, 3 ਫਰਵਰੀ ਨੂੰ ਸ਼ਰਾਰਤ ਕਰਨ ਵਾਲੇ ਅਤੇ ਸਮਾਜ-ਵਿਰੋਧੀ ਤੱਤਾਂ ਨੂੰ ਮਾਰਚ ਕਰਨ ਦੀ ਆਗਿਆ ਦੇਣ ਲਈ ਤੁਹਾਡੀ ਕੀ ਮਜਬੂਰੀ ਸੀ, ਉਦੋਂ ਵੀ ਜਦੋਂ ਧਾਰਾ 144 ਪਹਿਲਾਂ ਹੀ ਸ਼ਹਿਰ ਵਿੱਚ ਲਾਗੂ ਕੀਤਾ ਗਿਆ ਸੀ ?

5. 4 ਫਰਵਰੀ 1986 ਨੂੰ, ਕੀ ਤੁਸੀਂ ਜਾਂ ਤੁਹਾਡੇ ਮਤਹਿਤ ਕਿਸੇ ਵੀ ਅਫਸਰ ਨੇ ਸੰਗਤ ਦੇ ਵਿਰੋਧ ਪ੍ਰਦਰਸ਼ਨ ਮਾਰਚ ਦੇ ਰਸਤੇ ਨੂੰ ਬਦਲਣ ਲਈ ਕਿਹਾ ਸੀ, ਸਿੱਖ ਸੰਗਤਾਂ ਅਤੇ ਕੱਟੜਪੰਥੀਆਂ ਵਿਚਕਾਰ ਟਕਰਾਅ ਪੈਦਾ ਕਰਨ ਦੇ ਸਪੱਸ਼ਟ ਇਰਾਦੇ ਨਾਲ ਅਜਿਹਾ ਕਿਉਂ ਤੇ ਕਿਸਦੇ ਇਸ਼ਾਰੇ 'ਤੇ ਕੀਤਾ ਗਿਆ ?

6. ਕੀ ਤੁਸੀਂ 4-5 ਫਰਵਰੀ, 1986 ਨੂੰ ਸਥਾਨਿਕ ਹਸਪਤਾਲ ਦੇ ਅਧਿਕਾਰੀਆਂ ਨੂੰ ਅੱਧੀ ਰਾਤ ਨੂੰ ਮ੍ਰਿਤਕਾਂ ਦੀਆਂ ਲਾਸ਼ਾਂ 'ਤੇ ਪੋਸਟ ਮਾਰਟਮ ਕਰਨ ਦਾ ਹੁਕਮ ਨਹੀਂ ਦਿੱਤਾ ਸੀ ? ਕੀ ਪੋਸਟਮਾਰਟਮ ਦੇ ਹੁਕਮ 'ਤੇ ਤੁਹਾਡੇ ਦਸਤਖ਼ਤ ਨਹੀਂ ਹਨ ? ਇਥੋਂ ਤੱਕ ਇਨ੍ਹਾਂ ਚਾਰ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਸਕਾਰ ਕਰਨ ਤੋਂ ਪਹਿਲਾਂ ਆਖਰੀ ਵਾਰ ਦੇਖਣ ਦੀ ਵੀ ਦੀ ਇਜਾਜ਼ਤ ਨਹੀਂ ਦਿੱਤੀ ਸੀ।

8. ਪੋਸਟ ਮਾਰਟਮ ਰਿਪੋਰਟ ਅਨੁਸਾਰ, ਸਿਰਫ 2 ਪੀੜਤਾਂ ਦੀ ਪਛਾਣ ਹੋਈ ਸੀ। ਤੀਸਰੇ ਪੀੜਤ ਰਵਿੰਦਰ ਸਿੰਘ ਲਿੱਤਰਾਂ ਦਾ ਪਿਤਾ ਬਲਦੇਵ ਸਿੰਘ ਜੋ ਕਿ ਪੈਦਲ ਪਹੁੰਚਣ 'ਚ ਕਾਮਯਾਬ ਰਹੇ, ਨੇ ਆਪਣੇ ਪੁੱਤਰ ਦੀ ਪਛਾਣ 5 ਫਰਵਰੀ ਦੀ ਸਵੇਰ ਨੂੰ ਕੀਤੀ ਅਤੇ ਉਸ ਦੇ ਦਾਹ-ਸਸਕਾਰ ਲਈ ਆਪਣੇ ਪੁੱਤਰ ਦੇ ਮ੍ਰਿਤਕ ਸਰੀਰ ਦਾ ਦਾਅਵਾ ਕੀਤਾ। ਪੀੜਤ ਦਾ ਮ੍ਰਿਤਕ ਸਰੀਰ ਉਸਦੇ ਪਿਤਾ ਨੂੰ ਕਿਉਂ ਨਹੀਂ ਸੌਂਪਿਆ ਗਿਆ ?

9. ਚੌਥੇ ਪੀੜਤ ਦੇ ਅੰਤਿਮ ਸਸਕਾਰ ਕਰਨ ਵਾਲੇ ਸਰੀਰ ਦੀ ਪਛਾਣ ਅਜੇ ਵੀ ਇੱਕ ਭੇਦ ਹੈ। ਸ਼ਮਸ਼ਾਨ ਘਾਟ ਵਿੱਚ 1-13ਫਰਵਰੀ 1986 ਦੀ ਮਿਆਦ ਦੇ ਦੌਰਾਨ ਅੰਤਮ ਸਸਕਾਰ ਦੇ ਸੰਬੰਧ ਵਿੱਚ ਕੋਈ ਰਿਕਾਰਡ ਨਹੀਂ ਹੈ। ਜ਼ਿਲ੍ਹਾ ਮੈਜਿਸਟ੍ਰੇਟ ਹੋਣ ਦੇ ਨਾਤੇ ਤੁਸੀਂ ਚੌਥੇ ਅਣਪਛਾਤੇ ਪੀੜਤ ਦੀ ਪਛਾਣ ਦਾ ਪਤਾ ਕਰਨ ਲਈ ਕੀ ਕੋਸ਼ਿਸ਼ ਕੀਤੀ ? ਉਸ ਸਮੇਂ ਦੇ ਅੰਤਮ ਸਸਕਾਰ ਦੇ ਰਜਿਸਟਰ ਵਿੱਚ ਕੁਝ ਵੀ ਦਰਜ ਨਹੀ ਹੈ, ਜਦੋਂ ਕਿ ਇਹ ਕਾਨੂੰਨੀ ਜਰੂਰਤ ਹੈ। ਕਿਸਨੇ ਅੰਤਮ ਸਸਕਾਰ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਰਜਿਸਟਰ ਵਿੱਚ ਕੁਝ ਨਹੀਂ ਲਿਖਣਾ ? ਇਹ ਮੰਨਦੇ ਹੋਏ ਕਿ ਇਸ ਸਮੇਂ ਦੌਰਾਨ ਕੋਈ ਹੋਰ ਮੌਤਾਂ ਨਹੀਂ ਹੋਈਆਂ, ਪੁਲਿਸ ਨੇ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਨਾਂ ਦਾ ਵੀ ਜ਼ਿਕਰ ਕਿਉਂ ਨਹੀਂ ਕੀਤਾ ਗਿਆ ?

10. ਇੱਕ ਇੰਟਰਵਿਊ ਵਿੱਚ ਤੁਸੀਂ ਦਾਅਵਾ ਕੀਤਾ ਹੈ ਕਿ ਸੀ.ਆਰ.ਪੀ.ਐਫ. ਦੇ ਐੱਸ.ਪੀ. (ਅਪਰੇਸ਼ਨ) ਅਸ਼ਵਨੀ ਕੁਮਾਰ ਸ਼ਰਮਾ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੂੰ ਦੱਸਿਆ ਕਿ ਹਾਲਾਂਕਿ ਡੀ.ਸੀ. ਇਕ ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਸੀ, ਉਸ ਨੇ ਗੋਲੀ ਚਲਾਉਣ ਦੀ ਆਗਿਆ ਲੈਣ ਲਈ ਕੋਈ ਯਤਨ ਨਹੀਂ ਕੀਤੇ। ਸਵਾਲ ਉਠਦਾ ਹੈ ਕਿ ਕੀ ਇਹ ਜਾਣ-ਬੁੱਝ ਕੇ ਕਿਹਾ ਗਿਆ ਸੀ ? ਜੇ ਨਹੀਂ, ਤਾਂ ਫਿਰ ਐਸ. ਪੀ. (ਅਪਰੇਸ਼ਨ) ਖ਼ਿਲਾਫ਼ ਕਿਹੜੀ ਵਿਭਾਗੀ ਕਾਰਵਾਈ ਕੀਤੀ ਗਈ ਸੀ ? ਤੁਸੀਂ ਅਗਲੇ ਦਿਨ ਕੀ ਕੀਤਾ ? ਕੀ ਤੁਸੀਂ ਰਾਜ ਦੇ ਮੁੱਖ ਸਕੱਤਰ ਨੂੰ ਇਕ ਅੰਦਰੂਨੀ ਗੁਪਤ ਰਿਪੋਰਟ ਭੇਜੀ ਸੀ ਜਿਸ ਬਾਰੇ ਤੁਹਾਡੇ ਮੁਤਹਿਤ ਅਫ਼ਸਰ ਨੇ ਕੀ ਕੀਤਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ?

11. ਜਸਟਿਸ ਗੁਰਨਾਮ ਸਿੰਘ ਪੈਨਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ ਤੁਹਾਡੇ ਅਤੇ ਤੁਹਾਡੇ ਮੁਤਾਹਿਤ ਅਫਸਰਾਂ ਨੇ ਨਕੋਦਰ ਸ਼ਹਿਰ ਦੇ ਬਾਹਰ ਸ਼ੇਰਪੁਰ ਪੁਲ 'ਤੇ ਸਿੱਖ ਸੰਗਤ ਦੇ ਇਕੱਠ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਸੰਗਤ ਅਤੇ ਐੱਸ ਪੀ (ਅਪਰੇਸ਼ਨ) ਨੇ ਦਾਅਵਾ ਕੀਤਾ ਕਿ ਉਹ ਲਗਾਤਾਰ ਏ.ਡੀ.ਸੀ. ਅਤੇ ਐਸ. ਐਸ. ਪੀ. ਨੂੰ ਇਕੱਠ ਅਤੇ ਉਥੇ ਹੋਏ ਭਾਸ਼ਣਾਂ ਬਾਰੇ ਜਾਣਕਾਰੀ ਦਿੰਦੇ ਰਹੇ ਪਰ ਉਨ੍ਹਾਂ ਨੂੰ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ। ਤੁਹਾਡੇ ਪ੍ਰਸ਼ਾਸਨ ਨੇ ਕੋਈ ਨਿਰਦੇਸ਼ ਕਿਉਂ ਜਾਰੀ ਨਹੀਂ ਕੀਤਾ ?

12. ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੀ ਰਿਪੋਰਟ- 'ਨਕੋਦਰ 'ਚ ਇੱਕ ਸ਼ਰਾਰਤ', ਮੀਡੀਆ ਦੀਆਂ ਰਿਪੋਰਟਾਂ ਅਤੇ ਅੱਖੀਂ ਦੇਖਣ ਵਾਲੇ ਮੌਕੇ ਦੇ ਗਵਾਹ ਦੱਸਦੇ ਹਨ ਕਿ ਇੱਕ ਪੀੜਤ ਹਰਮਿੰਦਰ ਸਿੰਘ ਚਲੂਪਰ ਜੋ ਆਪਣੀ ਸੁਰੱਖਿਆ ਲਈ ਭੱਜਿਆ ਸੀ, ਤੇ ਪੁਲਿਸ ਨੇ ਉਸਨੂੰ ਹਿਰਾਸਤ ਵਿੱਚ ਲਿਆ ਅਤੇ ਐਸ ਐਚ ਓ ਜਸਕੀਰਤ ਸਿੰਘ ਚਾਹਲ ਨੇ ਆਪਣੇ ਸਰਵਿਸ ਰਿਵਾਲਵਰ ਦੇ ਨਾਲ ਪੁਆਇੰਟ ਬਲੈਂਕ ਰੇਂਜ ਤੋਂ ਗੋਲੀ ਮਾਰੀ ਅਤੇ ਉਸ ਸਮੇਂ ਐਸ ਪੀ (ਡੀ) ਸਵਰਨ ਸਿੰਘ ਘੋਟਨਾ ਉਸ ਦੇ ਨਾਲ ਸੀ। ਉਸ ਦੀ ਪੋਸਟ ਮਾਰਟਮ ਰਿਪੋਰਟ ਵੀ ਇਹ ਦਰਸਾਉਂਦੀ ਹੈ। ਕੀ ਤੁਸੀਂ ਇਸ 'ਤੇ ਕੁਝ ਰੋਸ਼ਨੀ ਪਾ ਸਕਦੇ ਹੋ ? ਐਸ.ਐਚ.ਓ. ਚਾਹਲ ਜਾਂ ਐਸ ਪੀ (ਡੀ) ਸਵਰਨ ਸਿੰਘ ਘੋਟਨਾ ਵਿਰੁੱਧ ਕੀ ਕਾਰਵਾਈ ਕੀਤੀ ਗਈ ?

13. ਤੁਹਾਡੀ ਕਾਰਜਕਾਰੀ ਡਿਪਟੀ ਕਮਿਸ਼ਨਰ ਅਤੇ ਇਜ਼ਹਾਰ ਆਲਮ ਐੱਸ ਐੱਸ ਪੀ ਜਲੰਧਰ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੁਆਰਾ ਗਵਾਹ ਵਜੋਂ ਗਵਾਹੀ ਲਈ ਗਈ ਸੀ। ਨਕੋਦਰ ਪੁਲਿਸ ਗੋਲੀਬਾਰੀ ਨਾਲ ਸੰਬੰਧਤ ਕੁਝ ਵੀ ਤੁਸੀਂ ਕਿਵੇਂ ਭੁੱਲ ਸਕਦੇ ਹੋ ?

ਚਰਨਜੀਤ ਸਿੰਘ ਅਟਵਾਲ ਹਾਲਾਂ ਕਿ ਨਕੋਦਰ ਪੁਲਿਸ ਗੋਲੀਬਾਰੀ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹਨ, ਪਰ ਉਨ੍ਹਾਂ ਨੂੰ 5 ਮਾਰਚ 2001 ਨੂੰ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਰੱਖੇ ਜਾਣ ਸਮੇਂ ਸਪੀਕਰ ਦੇ ਤੌਰ 'ਤੇ ਆਪਣੀ ਭੂਮਿਕਾ ਨੂੰ ਸਪੱਸ਼ਟ ਕਰਨਾ ਪੈਣਾ ਹੈ।

ਸਿੱਖ ਪੰਥ ਨੂੰ ਨਿਆਂ ਦੇ ਹਿੱਤ ਵਿੱਚ, ਕੀ ਤੁਸੀਂ ਪੀੜਤ ਪਰਿਵਾਰਾਂ ਨੂੰ ਦੱਸ ਸਕਦੇ ਹੋ ਕਿ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਭਾਗ 2 ਕਿੱਥੇ ਹੈ ?

ਇਹ ਸਵਾਲ ਸਿੱਖ ਪੰਥ ਵੱਲੋਂ ਵਾਰ-ਵਾਰ ਪੱਛਣੇ ਚਾਹੀਦੇ ਹਨ।

# ਅਕਾਲੀ ਆਗੂਆਂ ਦੀ ਬਿਆਨਬਾਜ਼ੀ ਦਾ ਜਥੇਦਾਰ ਨੇ ਲਿਆ ਸਖ਼ਤ ਨੋਟਿਸ

## ਇੱਕ ਦੂਜੇ ਖ਼ਿਲਾਫ਼ ਬਿਆਨਬਾਜ਼ੀ ਨਾ ਕਰਨ ਦੀ ਦਿੱਤੀ ਹਦਾਇਤ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਵਿਚਾਰੇ ਜਾ ਰਹੇ ਮਾਮਲੇ ਦੇ ਸਬੰਧ ਵਿੱਚ ਵੱਖ-ਵੱਖ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਅਤੇ ਇੱਕ-ਦੂਜੇ ਦੇ ਖ਼ਿਲਾਫ਼ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਅਤੇ ਸਰਬਉੱਚਤਾ ਦੇ ਵਿਰੁੱਧ ਹੈ, ਕਿਉਂਕਿ ਜਦੋਂ ਤੱਕ ਇਹ ਮਾਮਲਾ ਵਿਚਾਰ ਅਧੀਨ ਹੈ ਤਦ ਤੱਕ ਇਸ 'ਤੇ ਕਿਸੇ ਤਰ੍ਹਾਂ ਦੀਆਂ ਵੀ ਟਿੱਪਣੀਆਂ ਉਚਿਤ ਨਹੀਂ ਹਨ।



ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿੱਚ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਿੱਖ ਸਿਆਸਤ ਨਾਲ ਜੁੜੇ ਆਗੂਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਸਤਿਕਾਰ, ਸਿਧਾਂਤ ਅਤੇ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ ਇਕ-ਦੂਜੇ ਦੇ ਵਿਰੁੱਧ ਬਿਆਨਬਾਜ਼ੀ ਤੁਰੰਤ ਬੰਦ ਕੀਤੀ ਜਾਵੇ।

ਜੇਕਰ ਸਿੱਖ ਸਿਆਸੀ ਆਗੂ ਬਾਜ਼ ਨਾ ਆਏ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੀ ਉਲੰਘਣਾ ਕਰਨ ਵਾਲੇ ਆਗੂਆਂ ਦੇ ਖ਼ਿਲਾਫ਼ ਪੰਥਕ ਰਹੁ-ਰੀਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਅਕਾਲੀ ਸੰਕਟ ਦੇ ਹੱਲ ਲਈ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਕੀ ਹੋਵੇ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ







ਹੁਣ ਸਿਰਫ਼ ਸੰਕਟ ਬਾਦਲ ਪਰਿਵਾਰ ਦਾ ਹੀ ਨਹੀਂ, ਅਕਾਲ ਤਖ਼ਤ ਦਾ ਜਥੇਦਾਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸਿੱਖ ਪੰਥ ਸੰਕਟ ਵਿੱਚ ਫਸ ਗਿਆ ਹੈ। ਜੇਕਰ ਸਿੰਘ ਸਾਹਿਬਾਨ ਸੁਖਬੀਰ ਬਾਦਲ ਨੂੰ ਬਚਾਉਣ ਲਈ ਕੋਈ ਫੈਸਲਾ ਕਰਨਗੇ ਤਾਂ ਇਹ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਨਾ ਸ਼੍ਰੋਮਣੀ ਅਕਾਲੀ ਦਲ ਬਚੇਗਾ ਨਾ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ। ਇਥੋਂ ਤਕ ਸ਼੍ਰੋਮਣੀ ਕਮੇਟੀ, ਸਿੱਖ ਪੰਥ ਸੰਕਟਾਂ ਵਿੱਚ ਫਸ ਜਾਵੇਗਾ, ਕਿਉਂਕਿ ਉਸਦੀ ਲੀਡਰਸ਼ਿਪ ਨਹੀਂ ਉੱਸਰੇਗੀ। ਦਾਗੀ, ਗੁਨਾਹਗਾਰ ਲੀਡਰਸ਼ਿਪ ਸਿੱਖ ਪੰਥ ਦੀ ਅਗਵਾਈ ਨਹੀਂ ਕਰ ਸਕਦੀ। ਜਿੰਨਾਂ ਕੌਮਾਂ ਦੀ ਰਾਜਨੀਤੀ ਖਤਮ ਹੋ ਜਾਂਦੀ ਉਨ੍ਹਾਂ ਦਾ ਸੱਭਿਆਚਾਰ, ਬੋਲੀ, ਹੋਂਦ ਅੱਗੇ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ। ਅੱਗੇ ਤੁਸੀਂ ਦੇਖ ਚੁੱਕੇ ਹੋ ਦਿੱਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ,ਪਟਨਾ ਤੇ ਹਜ਼ੂਰ ਸਾਹਿਬ ਦੀ ਕਮੇਟੀ ਵਿੱਚ ਸਰਕਾਰੀ ਦਖਲ ਹੈ। ਸ਼੍ਰੋਮਣੀ ਕਮੇਟੀ ਦਾ ਹਸ਼ਰ ਵੀ ਅਜਿਹਾ ਹੋ ਸਕਦਾ ਜੇ ਮਸਲੇ ਅਕਾਲ ਤਖ਼ਤ ਸਾਹਿਬ ਤੋਂ ਹਲ਼ ਨਾ ਹੋਏ।

ਹੈਰਾਨੀ ਦੀ ਗੱਲ ਹੈ ਕਿ ਇਸ ਸੰਕਟ ਦੌਰਾਨ ਸਿੰਘ ਸਾਹਿਬਾਨ ਨੇ ਇੱਕ ਵੀ ਮੀਟਿੰਗ ਸਿੱਖ ਚਿੰਤਕਾਂ ਦੀ ਨਹੀਂ ਸੱਦੀ ਕਿ ਇਸ ਸੰਕਟ ਦੇ ਹੱਲ ਦਾ ਰਸਤਾ ਕੀ ਕੱਢਿਆ ਜਾਵੇ ? ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਸੰਕਟ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੱਡੇ ਬਾਦਲ ਦੇ ਪ੍ਰਭਾਵ ਅਧੀਨ ਗੁਲਾਮੀ ਤਹਿਤ ਰਚ ਕੇ ਸੌਦਾ ਸਾਧ ਨੂੰ ਮਾਫ਼ ਕਰਕੇ ਸਿੱਖ ਕੌਮ ਨੂੰ ਇਨ੍ਹਾਂ ਗੰਭੀਰ ਤੇ ਖਤਰਨਾਕ ਹਾਲਾਤਾਂ ਵਿੱਚ ਪਹੁੰਚਾਇਆ ਸੀ।

ਕੀ ਸਿੰਘ ਸਾਹਿਬਾਨ ਗਿਆਨੀ ਗੁਰਬਚਨ ਸਿੰਘ ਨੂੰ ਤਨਖ਼ਾਹੀਆ ਐਲਾਨ ਕੇ, ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਫਖਰੇ ਕੌਮ ਖ਼ਿਤਾਬ ਵਾਪਸ ਲੈ ਕੇ ਇਹ ਗਲਤੀ ਤੇ ਗੁਨਾਹ ਨੂੰ ਸੁਧਾਰਨਗੇ ? ਕੀ ਉਹ ਸਿੱਖ ਪੰਥ ਦਾ ਨੁਮਾਇੰਦਾ ਇਕੱਠ ਸੱਦਣਗੇ ?

ਕੀ ਕਰਨ ਸਿੰਘ ਸਾਹਿਬਾਨ

ਅਸੀਂ ਸੁਝਾਅ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਕੀਤੀ ਜਾਵੇ। ਇਸ ਦੇ ਲਈ ਪੰਜ ਮੈਂਬਰੀ ਪੰਥਕ ਫੇਜ਼ ,ਵਿਚਾਰਧਾਰਾ ਵਾਲੀ ਕਮੇਟੀ ਬਣੇ ਜੋ ਇਹ ਮਸਲੇ ਸੁਲਝਾਏ ਤੇ ਸ਼੍ਰੋਮਣੀ ਅਕਾਲੀ ਦਲ ਲਈ ਪੁਨਰ ਭਰਤੀ ਕਰਕੇ ਜਰਨਲ ਇਜਲਾਸ ਬੁਲਾਕੇ ਅਕਾਲੀ ਦਲ ਦੀ ਪੁਨਰ ਸਿਰਜਣਾ, ਖ਼ੁਦਮੁਖ਼ਤਿਆਰੀ ਏਜੰਡਾ ਤਿਆਰ ਕਰੇ। ਅਸੀਂ ਇਸ ਲਈ ਅਕਾਲ ਤਖ਼ਤ ਨੂੰ ਬੇਨਤੀ ਰੂਪ ਵਿੱਚ ਲਿਖਤੀ ਸੁਝਾਅ ਦੇ ਨਾਲ ਪੰਜ ਮੈਂਬਰ ਦਸੇ ਸਨ ਜਿਵੇਂ ਬਾਬਾ ਸਰਬਜੋਤ ਸਿੰਘ ਬੇਦੀ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ, ਸਰਦਾਰ ਗੁਰਤੇਜ ਸਿੰਘ ਆਈ.ਏ.ਐਸ., ਸੁਖਦੇਵ ਸਿੰਘ ਭੌਰ, ਹਰਵਿੰਦਰ ਸਿੰਘ ਫੂਲਕਾ ਪਰ ਸਾਡੀ ਬੇਨਤੀ ਉਪਰ ਹਾਲੇ ਤੱਕ ਗੌਰ ਨਹੀਂ ਹੋਇਆ।

ਹੁਣ ਸੁਆਲ ਹਰੇਕ ਸਿੱਖ ਦੇ ਮਨ ਵਿੱਚ ਹੈ ਕਿ ਸਿੰਘ ਸਾਹਿਬਾਨ ਕੀ ਕਰਨ ? ਜਿਸ ਨਾਲ ਉਹ ਸਿੱਖ ਪੰਥ ਵਿੱਚ ਨਾਇਕ ਬਣ ਸਕਣ।

1. ਸਿੱਖ ਕਦਰਾਂ-ਕੀਮਤਾਂ ਨਾਲ ਮੁੜ ਜੋੜਿਆ ਜਾਵੇ:

ਅਕਾਲੀ ਦਲ ਨੂੰ ਉਸਦੇ 1920 ਵਾਲੇ ਸਥਾਪਿਤ ਸਿਧਾਂਤਾਂ ਅਤੇ ਮੂਲ ਸਿੱਖ ਕਦਰਾਂ-ਕੀਮਤਾਂ ਜਿਵੇਂ ਕਿ ਖ਼ਾਲਸਾ ਜੀ ਦੇ ਬੋਲਬਾਲੇ, ਨਿਆਂ, ਸਮਾਨਤਾ ,ਸਾਂਝੀਵਾਲਤਾ, ਜਾਤੀ ਰਹਿਤ ਸਮਾਜ ਤੇ ਸੰਗਠਨ ਅਤੇ ਮਨੁੱਖਤਾ ਦੀ ਸੇਵਾ ਵਲ ਮੋੜਨਾ ਚਾਹੀਦਾ ਹੈ।

2. ਧੜਿਆਂ ਨੂੰ ਇੱਕ ਜੁੱਟ ਕੀਤਾ ਜਾਵੇ

ਅਕਾਲੀ ਦਲ ਦੇ ਧੜਿਆਂ ਨੂੰ ਇਕ ਜੁੱਟ ਕਰਨ ਦੀ ਪਹਿਲ਼ ਹੋਵੇ। ਸਿੱਖ ਆਵਾਜ਼ ਨੂੰ ਮਜ਼ਬੂਤ ਕਰਨ ਲਈ ਹੋਰ ਸਿੱਖ ਜਥੇਬੰਦੀਆਂ ਅਤੇ ਸਮਾਨ ਸੋਚ ਵਾਲੀਆਂ ਪਾਰਟੀਆਂ ਨਾਲ ਪੁਲ ਬਣਾਇਆ ਜਾਵੇ ਤੇ ਨਵੀਂ ਭਰਤੀ ਸ਼ੁਰੂ ਕੀਤੀ ਜਾਵੇ। ਜਨਰਲ ਇਜਲਾਸ ਬੁਲਾਕੇ ਅਕਾਲੀ ਦਲ ਦੀ ਪੁਨਰ ਸਿਰਜਣਾ ਕੀਤੀ ਜਾਵੇ।

3. ਸਿੱਖ ਨੌਜਵਾਨਾਂ ਨੂੰ ਜੋੜਿਆ ਜਾਵੇ

ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਸਿੱਖ ਨੌਜਵਾਨਾਂ ਦੀ ਭਰਤੀ ਲਈ ਉੱਦਮ ਕੀਤਾ ਜਾਵੇ। ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਜਾਣ ਅਤੇ ਉਹਨਾਂ ਨੂੰ ਅਕਾਲੀ ਦਲ ਦੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਸ਼ਾਮਲ ਕੀਤਾ ਜਾਵੇ।

4. ਵਿਵਾਦਾਂ ਨੂੰ ਸਿਆਣਪ ਨਾਲ ਹੱਲ ਕੀਤਾ ਜਾਵੇ

ਅਕਾਲੀ ਦਲ ਦੇ ਆਲੇ-ਦੁਆਲੇ ਦੇ ਵਿਵਾਦਾਂ ਅਤੇ ਆਲੋਚਨਾਵਾਂ ਨੂੰ ਪਾਰਦਰਸ਼ੀ ਢੰਗ ਨਾਲ ਹੱਲ ਕੀਤਾ ਜਾਵੇ, ਗੁਨਾਹਗਾਰ ਲੀਡਰਸ਼ਿਪ ਨੂੰ ਅਗਵਾਈ ਨਾ ਦਿੱਤੀ ਜਾਵੇ। ਜਵਾਬਦੇਹੀ ਅਤੇ ਪਾਰ-ਦਰਸ਼ਤਾ ਨੂੰ ਸੰਗਤ ਸਾਹਮਣੇ ਪ੍ਰਦਰਸ਼ਿਤ ਕੀਤਾ ਜਾਵੇ। ਬੰਦ ਕਮਰਿਆਂ ਵਿੱਚ ਅਕਾਲੀ ਲੀਡਰਸ਼ਿਪ ਦੇ ਦੋਸ਼ਾਂ ਬਾਰੇ ਸੁਣਵਾਈ ਨਾ ਹੋਵੇ।

5. ਸਮੂਹਿਕ ਪੰਥਕ ਰਾਜਨੀਤੀ ਨੂੰ ਉਤਸ਼ਾਹਿਤ ਕੀਤਾ ਜਾਵੇ

ਜਾਤ, ਨਸਲ ਜਾਂ ਧਰਮ ਦੀ ਪਰਵਾਹ ਕੀਤੇ ਬਿਨਾਂ, ਸਾਰੇ ਸਿੱਖਾਂ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀ, ਸਾਂਝੀਵਾਲਤਾ ਵਾਲੀ ਅਕਾਲੀ ਰਾਜਨੀਤੀ ਨੂੰ ਉਤਸ਼ਾਹਿਤ ਤੇ ਪ੍ਰਮੋਟ ਕੀਤਾ ਜਾਵੇ। ਜ਼ਮੀਨੀ ਪੱਧਰ ਦੇ ਭਾਈਚਾਰਿਆਂ ਕਿਸਾਨੀ ,ਦਲਿਤ ਮਜ਼ਦੂਰਾਂ ਨਾਲ ਸੰਪਰਕ ਮਜ਼ਬੂਤ ਕੀਤਾ ਜਾਵੇ, ਉਨ੍ਹਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਨੂੰ ਸਮਝਿਆ ਜਾਵੇ ਤੇ ਸੰਗਠਨ ਵਿੱਚ ਪਰੋਇਆ ਜਾਵੇ।

6. ਅਕਾਲੀ ਦਲ ਵਿੱਚ ਸਿੱਖ ਪਛਾਣ ਨੂੰ ਪ੍ਰਫੁੱਲਤ ਕੀਤਾ ਜਾਵੇ

ਵਿਭਿੰਨਤਾ ਅਤੇ ਸਾਂਝੀਵਾਲਤਾ ਨੂੰ ਅਪਣਾਉਂਦੇ ਹੋਏ, ਅਕਾਲੀ ਦਲ ਵਿੱਚ ਸਿੱਖ ਪਛਾਣ, ਸੱਭਿਆਚਾਰ ਅਤੇ ਵਿਰਾਸਤ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਅਕਾਲੀ ਦਲ ਦੀਆਂ ਕਾਰਵਾਈਆਂ ਸਿੱਖ ਕਦਰਾਂ-ਕੀਮਤਾਂ ਨਾਲ ਮੇਲ ਖਾਂਦੀਆਂ ਹੋਣ। ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਅਕਾਲੀ ਦਲ ਕਾਰਜ ਹੋਵੇ ਤੇ ਪੰਥਕ ਜਜ਼ਬਾ ਜਗਾਇਆ ਜਾਵੇ। ਸਿੱਖ ਕੌਮ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮਾਜਿਕ ਅਤੇ ਆਰਥਿਕ ਚਿੰਤਾਵਾਂ ਨੂੰ ਹੱਲ ਕਰਨ ’ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਅਕਾਲੀ ਦਲ ਅੰਦਰ ਸਿੱਖ ਔਰਤਾਂ, ਦਲਿਤਾਂ ਅਤੇ ਹੋਰ ਹਾਸ਼ੀਏ ’ਤੇ ਪਏ ਸਮੂਹਾਂ ਦੀ ਪ੍ਰਤੀਨਿਧਤਾ ਅਤੇ ਸ਼ਕਤੀਕਰਨ ਨੂੰ ਯਕੀਨੀ ਬਣਾਇਆ ਜਾਵੇ।

7. ਅਕਾਲੀ ਦਲ ਸਿੱਖ ਕੌਮ ਦੇ ਅੰਦਰ ਸਿੱਖਿਆ, ਜਾਗਰੂਕਤਾ ਅਤੇ ਆਲੋਚਨਾਤਮਿਕ ਸੋਚ ਨੂੰ ਉਤਸ਼ਾਹਿਤ ਕੀਤਾ ਜਾਵੇ। ਵੱਖ-ਵੱਖ ਖੇਤਰਾਂ ਵਿੱਚ ਸਿੱਖਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਉਜਾਗਰ ਕੀਤਾ ਜਾਵੇ ਤੇ ਪ੍ਰਚਾਰਿਆ ਜਾਵੇ।

8.ਅਕਾਲੀ ਦਲ ਸਾਰੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਸੇਧ ਲਈ ਜਾਵੇ।

ਯਾਦ ਰਹੇ, ਸਿੱਖ ਕੌਮ ਅਤੇ ਅਕਾਲੀ ਦਲ ਨੂੰ ਸੇਧ ਦੇਣ ਵਿੱਚ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਅਹਿਮ ਹੈ ਤੇ ਇਤਿਹਾਸਕ ਹੈ। ਇਹ ਕਦਮ ਚੁੱਕ ਕੇ ਉਹ ਪਾਰਟੀ ਨੂੰ ਮੁੜ ਸੁਰਜੀਤ ਕਰਨ ਅਤੇ ਸਿੱਖ ਕੌਮ ਦੀ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰ ਸਕਦੇ ਹਨ। ਸਿੱਖ ਸੰਕਟ ਦਾ ਹਲ਼ ਕੀਤਾ ਜਾ ਸਕਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਕਬਾਲ ਸਿੰਘ ਲਾਲਪੁਰਾ ’ਤੇ ਕਾਰਵਾਈ ਦੀ ਅਪੀਲ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਵੱਲੋਂ ਸਿੱਖੀ ਦੀ ਅੱਡਰੀ ਹੋਂਦ ਹਸਤੀ ਨੂੰ ਸਨਾਤਨ ਨਾਲ ਰਲਗੱਡ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ’ਤੇ ਪੰਥਕ ਰਵਾਇਤਾਂ ਅਨੁਸਾਰ ਕਰੜੀ ਕਾਰਵਾਈ ਕਰਨ।

ਉਨ੍ਹਾਂ ਆਖਿਆ ਕਿ ਲਾਲਪੁਰਾ ਨੇ ਬੀਤੇ ਦਿਨੀਂ ਦਿੱਲੀ ਵਿਖੇ ਇਕ ਸਮਾਗਮ ਦੌਰਾਨ ਸਿੱਖ ਧਰਮ ਦੇ ਸਿਧਾਂਤਾਂ ਅਤੇ ਪਾਵਨ ਗੁਰਬਾਣੀ ਦੀ ਵਿਚਾਰਧਾਰਾ ਦੇ ਵਿਰੁੱਧ ਜਾ ਕੇ ਮਨਘੜਤ ਬਿਆਨਬਾਜੀ ਕੀਤੀ ਹੈ, ਜਿਸ ਨਾਲ ਸਿੱਖ ਕੌਮ ਦੇ ਨਿਆਰੇਪਨ ਅਤੇ ਇਸ ਦੀ ਮੌਲਿਕਤਾ ਨੂੰ ਸੱਟ ਵੱਜੀ ਹੈ। ਲਾਲਪੁਰਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਕਹਿਣਾ ਆਰ.ਐੱਸ.ਐੱਸ. ਅਤੇ ਭਾਜਪਾ ਦੇ ਉੱਚ ਆਗੂਆਂ ਨੂੰ ਖ਼ੁਸ਼ ਕਰਨ ਦੀ ਘਟੀਆ ਹਰਕਤ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਲਾਲਪੁਰਾ ਦੀ ਅਜਿਹੀ ਬਿਆਨਬਾਜ਼ੀ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਸਿੱਖ ਕੌਮ ਦਾ ਘੋਰ ਨਿਰਾਦਰ ਹੈ, (ਬਾਕੀ ਸਫ਼ਾ 31 ’ਤੇ)

## ਪੰਜਾਬ ਵੱਲੋਂ ਕੇਂਦਰ ਤੋਂ ਕਰਜ਼ਾ ਹੱਦ ਵਧਾਉਣ ਦੀ ਮੰਗ

### ਹੋਰ ਕਰਜ਼ਾ ਚੁੱਕ ਕੇ ਆਪਣੇ ਖ਼ਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ ਪੰਜਾਬ ਸਰਕਾਰ

ਚੰਡੀਗੜ੍ਹ/ਏ.ਟੀ.ਨਿਊਜ਼:ਪੰਜਾਬ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ ਆਪਣੀ ਕਰਜ਼ਾ ਹੱਦ ਵਿੱਚ 10 ਹਜ਼ਾਰ ਕਰੋੜ ਦੇ ਵਾਧੇ ਦੀ ਮੰਗ ਕੀਤੀ ਹੈ। ਕੇਂਦਰੀ ਵਿੱਤ ਮੰਤਰਾਲੇ ਨੂੰ ਭੇਜੇ ਪੱਤਰ ਵਿੱਚ 10 ਹਜ਼ਾਰ ਕਰੋੜ ਦੀ ਵਾਧੂ ਕਰਜ਼ਾ ਹੱਦ ਨੂੰ ਪ੍ਰਵਾਨਗੀ ਦੇਣ ਲਈ ਕਿਹਾ ਗਿਆ ਹੈ। ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਨੇ ਪੱਤਰ ਵਿੱਚ ਆਪਣੇ ਖ਼ਰਚਿਆਂ ਦੀ ਪੂਰਤੀ ਦਾ ਹਵਾਲਾ ਦਿੱਤਾ ਹੈ। ਸੂਬਾ ਸਰਕਾਰ ਨੂੰ ਜਾਪਦਾ ਹੈ ਕਿ ਮੌਜੂਦਾ ਸਾਲਾਨਾ ਕਰਜ਼ਾ ਹੱਦ ਨਾਲ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਭਰਪਾਈ ਨਹੀਂ ਹੋਵੇਗੀ। ਪੰਜਾਬ ਸਰਕਾਰ ਹੋਰ ਕਰਜ਼ਾ ਚੁੱਕ ਕੇ ਆਪਣੇ ਖ਼ਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। ਸਾਲ 2024-25 ਲਈ ਪੰਜਾਬ ਦੀ ਕਰਜ਼ਾ ਹੱਦ 30,464.92 ਕਰੋੜ ਰੁਪਏ ਹੈ ਜਿਸ ’ਚੋਂ ਜੁਲਾਈ ਤੱਕ ਸਰਕਾਰ ਨੇ 13,094 ਕਰੋੜ ਦਾ ਕਰਜ਼ਾ ਚੁੱਕ ਲਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ 10 ਹਜ਼ਾਰ ਕਰੋੜ ਦੀ ਕਰਜ਼ਾ ਹੱਦ ਦੀ ਲੋੜ ਮਹਿਸੂਸ ਕੀਤੀ ਹੈ। ਵਿੱਤੀ ਸਾਲ 2023-24 ਵਿੱਚ ਸੂਬਾ ਸਰਕਾਰ ਦੀ ਕਰਜ਼ਾ ਲੈਣ ਦੀ ਹੱਦ 45,730 ਕਰੋੜ ਰੁਪਏ ਸੀ। ਕੇਂਦਰ ਸਰਕਾਰ ਨੇ ਪਿਛਲੇ ਸਾਲ ਇੱਕ ਦਫ਼ਾ ਪੰਜਾਬ ਦੀ ਕਰਜ਼ਾ ਹੱਦ ਵਿੱਚ 2387 ਕਰੋੜ ਰੁਪਏ ਦੀ ਕਟੌਤੀ ਕੀਤੀ ਸੀ। ਅਗਸਤ ਮਹੀਨੇ ਹੋਈ ਕੈਬਨਿਟ ਮੀਟਿੰਗ ਵਿੱਚ ਕੇਂਦਰੀ ਵਿੱਤ ਮੰਤਰਾਲੇ ਨੂੰ ਕਰਜ਼ਾ ਹੱਦ ਵਧਾਉਣ ਲਈ ਪੱਤਰ ਲਿਖੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਜਿਸ ਮਗਰੋਂ ਸੂਬਾ ਸਰਕਾਰ ਨੇ ਇਹ ਪੱਤਰ ਵਿੱਤ ਮੰਤਰਾਲੇ ਨੂੰ ਭੇਜ ਦਿੱਤਾ ਹੈ। ਸੂਬਾ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ ’ਚ ਕਰਜ਼ਾ ਮਿਲਿਆ ਹੈ ਜਿਸ ਨੂੰ ਵਾਪਸ ਕੀਤਾ ਜਾਣਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਾਲ 69,867 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਜਾਣੀ ਹੈ ਅਤੇ 23,900 ਕਰੋੜ ਰੁਪਏ ਤਾਂ ਕੇਵਲ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ਵਿੱਚ ਚਲੇ ਜਾਣੇ ਹਨ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਨੇ ਪੰਜਾਬ ਦੇ ਵਿੱਤੀ ਸੰਕਟ ਦੇ ਮੱਦੇਨਜ਼ਰ ਸਖ਼ਤ ਫ਼ੈਸਲੇ ਵੀ ਕੀਤੇ ਹਨ (ਬਾਕੀ ਸਫ਼ਾ 30 ’ਤੇ)



### ਵਿੱਤ ਮੰਤਰਾਲੇ ਨੇ ਹੁੰਗਾਰਾ ਨਾ ਭਰਿਆ ਤਾਂ ਪ੍ਰਧਾਨ ਮੰਤਰੀ ਕੋਲ ਮੁੱਦਾ ਰੱਖਣਗੇ ਮਾਨ

ਕੇਂਦਰੀ ਵਿੱਤ ਮੰਤਰਾਲੇ ਨੇ ਕਰਜ਼ਾ ਹੱਦ ਵਿੱਚ ਵਾਧੇ ਲਈ ਕੋਈ ਹੁੰਗਾਰਾ ਨਾ ਭਰਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਇਹ ਮਾਮਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾ ਸਕਦੇ ਹਨ। ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਕੇਂਦਰ ਨੇ ਪੰਜਾਬ ਦੇ ਕੌਮੀ ਸਿਹਤ ਮਿਸ਼ਨ ਅਤੇ ਪੇਂਡੂ ਵਿਕਾਸ ਫ਼ੰਡ ਦੇ ਬਕਾਏ ਜਾਰੀ ਨਹੀਂ ਕੀਤੇ ਹਨ ਅਤੇ ਜੀ.ਐੱਸ.ਟੀ. ਦੇ ਲਾਗੂ ਹੋਣ ਤੋਂ ਬਾਅਦ ਮੁਆਵਜ਼ਾ ਵੀ ਬੰਦ ਕਰ ਦਿੱਤਾ ਹੈ। ਇਸੇ ਤਰ੍ਹਾਂ 15ਵੇਂ ਵਿੱਤ ਕਮਿਸ਼ਨ ਦੁਆਰਾ ਦਿੱਤੀ ਗਈ ਮਾਲੀਆ ਘਾਟਾ ਗ੍ਰਾਂਟ ਚਾਲੂ ਵਿੱਤੀ ਸਾਲ ਲਈ ਘੱਟ ਕੇ 1995 ਕਰੋੜ ਰੁਪਏ ਰਹਿ ਗਈ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ





ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਮਨੁੱਖਤਾ ਨੂੰ ਕਰਤਾ ਪੁਰਖ ਨਾਲ ਜੁੜਨ ਤੇ ਉੱਤਮ ਜੀਵਨ ਜੀਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਸਾਂਝੀਵਾਲਤਾ ਅਤੇ ਸਦਭਾਵਨਾ ਦਾ ਸੁਨੇਹਾ ਦਿੰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਮਨੁੱਖਤਾ ਨੂੰ ਸਰਬਸਾਂਝਾ ਪਾਵਨ ਗ੍ਰੰਥ ਬਖ਼ਸ਼ਿਸ਼ ਕੀਤਾ ਜਿਸ ਦਾ ਸਥਾਨ ਪੂਰੀ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਵਿਲੱਖਣ ਤੇ ਨਿਰਾਲਾ ਹੈ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਹਰ ਸਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾਂ ਪਹਿਲੇ ਪ੍ਰਕਾਸ਼ ਪੁਰਬ ਮੌਕੇ 4 ਸਤੰਬਰ ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਖ਼ਾਲਸਈ ਜਾਹੋ-ਜਲਾਲ ਨਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਨੂੰ 40 ਟਨ ਦੇਸੀ ਤੇ ਵਿਦੇਸ਼ੀ ਫੁੱਲਾਂ ਨਾਲ ਸਜਾਇਆ ਗਿਆ। ਇਹ ਫੁੱਲ ਪੰਜ ਟਰੱਕਾਂ 'ਚ ਭਰ ਕੇ ਲਿਆਂਦੇ ਗਏ ਸਨ। ਇਹ ਵਿਲੱਖਣ ਸਜਾਵਟ ਯਕੀਨੀ ਤੌਰ 'ਤੇ ਸੰਗਤ ਲਈ ਖਿੱਚ ਦਾ ਕੇਂਦਰ ਬਣੀ ਰਹੀ। ਹਰ ਸਾਲ ਸੰਗਤ ਹੀ ਫੁੱਲਾਂ ਦੀ ਸੇਵਾ ਕਰਦੀ ਹੈ। ਇਸ ਵਾਰ ਇਹ ਫੁੱਲ ਮਲੇਸ਼ੀਆ, ਥਾਈਲੈਂਡ, ਹਾਲੈਂਡ ਦੇ ਨਾਲ-ਨਾਲ ਬੈਂਗਲੋਰ, ਕੋਲਕਾਤਾ, ਮੁੰਬਈ, ਪੂਣੇ ਜਿਹੇ ਸ਼ਹਿਰਾਂ ਤੋਂ ਲਿਆਂਦੇ ਗਏ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਖ਼ੂਬਸੂਰਤ ਦੀਪਮਾਲਾ ਵੀ ਸੰਗਤ ਲਈ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਰਹੀ।

## ਤਾਲਿਬਾਨ ਦੇ ਕਬਜ਼ੇ ਤੋਂ ਭਾਰਤ ਪੁੱਜੇ 230 ਅਫ਼ਗਾਨ ਸਿੱਖ ਕੈਨੇਡਾ ਜਾ ਕੇ ਵਸੇ



ਜਲੰਧਰ/ਏ.ਟੀ.ਨਿਊਜ਼: 2021 'ਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਭਾਰਤ ਆਏ 350 ਅਫਗਾਨ ਸਿੱਖਾਂ 'ਚੋਂ 230 ਸਿੱਖ ਕੈਨੇਡਾ ਵਿੱਚ ਵਸ ਗਏ ਹਨ। ਇੱਕ ਰਿਪੋਰਟ ਮੁਤਾਬਕ ਭਾਰਤ ਤੋਂ ਕੈਨੇਡਾ ਪਹੁੰਚਣ ਵਾਲੇ ਅਫਗਾਨ ਸਿੱਖਾਂ ਦੀ ਪ੍ਰਾਈਵੇਟ ਸਪਾਂਸਰ ਅਤੇ ਸਿੱਖ ਫਾਊਂਡੇਸ਼ਨ ਵੱਲੋਂ ਮਦਦ ਕੀਤੀ ਜਾ ਰਹੀ ਹੈ। ਸੰਸਥਾ ਅਤੇ ਵਿਅਕਤੀਗਤ ਤੌਰ 'ਤੇ ਸਪਾਂਸਰ ਉਨ੍ਹਾਂ ਨੂੰ ਕੈਨੇਡਾ ਪਹੁੰਚਣ ਦੇ ਪਹਿਲੇ ਸਾਲ ਲਈ ਮਹੀਨਾਵਾਰ ਵਜ਼ੀਫਾ, ਰਿਹਾਇਸ਼, ਕਰਿਆਨੇ ਦਾ ਸਾਮਾਨ, ਮੋਬਾਈਲ ਫੋਨ ਅਤੇ ਬੱਚਿਆਂ ਲਈ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਫਗਾਨ ਸਿੱਖ ਕੈਨੇਡਾ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਕਰ ਰਹੇ ਹਨ ਅਤੇ ਉਹ ਤਿੰਨ ਸਾਲ ਬਾਅਦ ਇੱਥੇ ਨਾਗਰਿਕਤਾ ਲਈ ਅਪਲਾਈ ਕਰਨ ਜਾ ਰਹੇ ਹਨ।

ਖ਼ਾਲਸਾ ਦੀਵਾਨ ਵੈੱਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਫਤਿਹ ਸਿੰਘ ਦੇ ਹਵਾਲੇ ਨਾਲ ਇੱਕ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 120 ਅਫਗਾਨ ਸਿੱਖ ਅਜੇ ਵੀ ਕੈਨੇਡਾ ਦੇ ਵੀਜ਼ਿਆਂ ਦੀ ਉਡੀਕ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਰਹਿ ਰਹੇ 80 ਦੇ ਕਰੀਬ ਲੋਕਾਂ ਨੇ ਆਪਣੇ ਦਸਤਾਵੇਜ਼ ਤਿਆਰ ਕਰ ਲਏ ਹਨ ਪਰ ਉਨ੍ਹਾਂ ਨੂੰ ਵੀਜ਼ਾ ਲੈਣ ਲਈ ਜਨਵਰੀ 2025 ਤੱਕ ਉਡੀਕ ਕਰਨੀ ਪਵੇਗੀ।

## ਬਾਬਾ ਮੱਖਣ ਸ਼ਾਹ ਲੁਬਾਣਾ ਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ 'ਚ ਗੁ. ਸ੍ਰੀ ਮੰਜੀ ਸਾਹਿਬ ਵਿਖੇ ਸਮਾਗਮ ਕਰਵਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਪੰਥਕ ਸ਼ਖ਼ਸੀਅਤਾਂ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਅਨਿੰਨ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੇ ਜੀਵਨ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਸਿੱਖਾਂ ਦਾ ਸਿੱਖ ਇਤਿਹਾਸ ਅੰਦਰ ਅਹਿਮ ਸਥਾਨ ਹੈ, ਜਿਸ 'ਤੇ ਸਿੱਖ ਕੌਮ ਮਾਣ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਮੱਖਣ ਸ਼ਾਹ ਤੇ ਭਾਈ ਲੱਖੀ ਸ਼ਾਹ ਦੇ ਜੀਵਨ ਤੋਂ ਪ੍ਰੇਰਣਾ ਲੈਂਦਿਆਂ ਗੁਰਸਿੱਖੀ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਸਿੱਖ ਸ਼ਖ਼ਸੀਅਤਾਂ ਦੀ ਯਾਦ ਮਨਾਉਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਸੰਗਤਾਂ ਨੂੰ ਆਪਣੇ ਵਡੇਰਿਆਂ ਦੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਜੀਵਨ ਸੇਧਾਂ ਨਿਰਧਾਰਤ ਕਰਨ ਦੀ ਅਪੀਲ ਕੀਤੀ। ਇਸੇ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ ਸ. ਦਲੇਰ ਸਿੰਘ ਨੇ ਸ਼੍ਰੋਮਣੀ ਕਮੇਟੀ ਦਾ ਸਮਾਗਮ ਕਰਨ ਲਈ ਧੰਨਵਾਦ ਕੀਤਾ। ਇਸ ਤੋਂ ਇਲਾਵਾ ਅਮਰੀਕਾ ਤੋਂ ਪੁਜੇ ਸ. ਅਮਰੀਕ ਸਿੰਘ ਮੋਰਥਲੀ, ਸ. ਰਘਬੀਰ ਸਿੰਘ ਬੱਬੀ, ਸ. ਸੁਖਜਿੰਦਰ ਸਿੰਘ ਟੀਟੂ, ਸ. ਸਤਨਾਮ ਸਿੰਘ ਟਾਹਲੀ, ਬਾਬਾ ਜਸਪਾਲ ਸਿੰਘ, ਸ. ਪਰਵਿੰਦਰ ਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ ਨੇ ਨਿਭਾਈ। ਸਮਾਗਮ ਦੌਰਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

## ਬੀਬੀ ਜਗੀਰ ਕੌਰ ਤੇ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪਿਆ ਆਪੋ-ਆਪਣਾ ਸਪੱਸ਼ਟੀਕਰਨ





ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਨਾਲ ਸਬੰਧਿਤ ਬੀਬੀ ਜਗੀਰ ਕੌਰ ਅਤੇ ਪਰਮਿੰਦਰ ਸਿੰਘ ਢੀਂਡਸਾ ਨੇ ਪਿਛਲੇ ਦਿਨੀਂ ਆਪੋ-ਆਪਣਾ ਸਪੱਸ਼ਟੀਕਰਨ ਇੱਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪਿਆ। ਦੋਹਾਂ ਆਗੂਆਂ ਨੇ ਆਖਿਆ ਕਿ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਜੋ ਵੀ ਆਦੇਸ਼ ਹੋਵੇਗਾ ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਤੋਂ ਇਲਾਵਾ ਸਾਬਕਾ ਮੰਤਰੀ ਸੋਹਨ ਸਿੰਘ ਠੰਡਲ ਨੇ ਵੀ ਆਪਣਾ ਸਪੱਸ਼ਟੀਕਰਨ ਅਕਾਲ ਤਖ਼ਤ ਦੇ ਸਕੱਤਰੇਤ ਨੂੰ ਸੌਂਪਿਆ ਹੈ। ਉਪਰੰਤ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ 2007 ਤੋਂ ਲੈ ਕੇ 2017 ਤੱਕ ਅਕਾਲੀ ਵਜ਼ਾਰਤ ਵੇਲੇ ਸਿਰਫ 16 ਦਿਨ ਮੰਤਰੀ ਰਹੇ ਸਨ। 2007 ਤੋਂ ਲੈ ਕੇ 2012 ਤੱਕ ਉਹ ਨਾ ਤਾਂ ਵਿਧਾਇਕ ਸਨ ਅਤੇ ਨਾ ਹੀ ਮੰਤਰੀ। 2012 ਵਿੱਚ ਉਹ 14 ਮਾਰਚ ਨੂੰ ਮੰਤਰੀ ਬਣੇ ਸਨ ਅਤੇ 30 ਮਾਰਚ ਨੂੰ ਅਸਤੀਫਾ ਦੇ ਦਿੱਤਾ ਸੀ। ਇਨ੍ਹਾਂ 16 ਦਿਨਾਂ ਦੌਰਾਨ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਨਾ ਤਾਂ ਕੋਈ ਵਿਵਾਦਤ ਫੈਸਲਾ ਲਿਆ ਸੀ ਅਤੇ ਨਾ ਹੀ ਕੋਈ ਫੈਸਲਾ ਵਿਚਾਰਿਆ ਗਿਆ ਸੀ।

ਅਕਾਲੀ ਸਰਕਾਰ ਵੇਲੇ ਵਿੱਤ ਮੰਤਰੀ ਰਹੇ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ ਅਤੇ ਸ੍ਰੀ ਅਕਾਲ ਤਖ਼ਤ ਵੱਲੋਂ ਇਸ ਮਾਮਲੇ ਵਿੱਚ ਜੋ ਵੀ ਆਦੇਸ਼ ਹੋਵੇਗਾ ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ।

## ਸਮਾਜ ਵਿਰੋਧੀ ਅਨਸਰ ਕੋਝੀਆਂ ਹਰਕਤਾਂ ਤੋਂ ਬਾਜ ਆਉਣ : ਜਥੇਦਾਰ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ਾਂ ਵਿੱਚ ਟਿਕਟਾਕ ਵਰਗੇ ਸੋਸ਼ਲ ਮੀਡੀਆ ਮੰਚਾਂ 'ਤੇ ਸਿੱਖ ਅਤੇ ਮੁਸਲਮਾਨਾਂ ਦੇ ਭੇਸ ਅਤੇ ਨਾਵਾਂ ਵਾਲੇ ਖਾਤੇ ਬਣਾ ਕੇ ਸਿੱਖ ਅਤੇ ਇਸਲਾਮ ਧਰਮ ਵਿਚਾਲੇ ਟਕਰਾਅ ਪੈਦਾ ਕਰਨ ਦੇ ਨੀਚਤਾ ਭਰੇ ਰੁਝਾਨ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਆਖਿਆ ਹੈ ਕਿ ਕਿਸੇ ਵੀ ਦੂਜੇ ਧਰਮ ਅਤੇ ਉਨ੍ਹਾਂ ਦੇ ਪੀਰ-ਪੈਗੰਬਰਾਂ ਦੇ ਖ਼ਿਲਾਫ਼ ਅਪਮਾਨਜਨਕ ਸੋਚ ਰੱਖਣ ਵਾਲਾ ਮਨੁੱਖ ਕਿਸੇ ਵੀ ਧਰਮ ਦਾ ਪੈਰੋਕਾਰ ਨਹੀਂ ਹੋ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਕੀਤੇ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਕੋਲ ਕੁਝ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਵਿਦੇਸ਼ਾਂ ਵਿੱਚ ਕੁੱਝ ਸਿੱਖਾਂ ਦੇ ਨਾਵਾਂ ਅਤੇ ਤਸਵੀਰਾਂ ਵਾਲੇ ਟਿਕਟਾਕ ਖਾਤੇ ਬਣਾ ਕੇ ਇਸਲਾਮ ਧਰਮ ਦੇ ਖ਼ਿਲਾਫ਼ ਅਤੇ ਕੁਝ ਮੁਸਲਮਾਨਾਂ ਦੇ ਨਾਵਾਂ ਅਤੇ ਤਸਵੀਰਾਂ ਵਾਲੇ ਟਿਕਟਾਕ ਖਾਤਿਆਂ ਤੋਂ ਸਿੱਖ ਧਰਮ ਦੇ ਖ਼ਿਲਾਫ਼ ਬੇਹੱਦ ਅਪਮਾਨਜਨਕ ਅਤੇ ਨਫਰਤ ਭਰਿਆ ਕੂੜ ਪ੍ਰਚਾਰ ਹੋ ਰਿਹਾ ਹੈ। ਇਹ ਸਭ ਕੁਝ ਨਾ ਤਾਂ ਕੋਈ ਸੱਚਾ ਸਿੱਖ ਕਰ ਰਿਹਾ ਹੈ ਅਤੇ ਨਾ ਹੀ ਸੱਚਾ ਮੁਸਲਮਾਨ, ਬਲਕਿ ਇਹ ਕਿਸੇ ਸਮਾਜ ਵਿਰੋਧੀ ਸ਼ਕਤੀ ਦੀ ਡੂੰਘੀ ਸਾਜ਼ਿਸ਼ ਤਹਿਤ ਦੋਵਾਂ ਧਰਮਾਂ ਨੂੰ ਆਪਸ ਵਿਚ ਲੜਾਉਣ ਦੀਆਂ ਨੀਚਤਾ ਭਰੀਆਂ ਹਰਕਤਾਂ ਦਾ ਹਿੱਸਾ ਹੈ।

ਉਨ੍ਹਾਂ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਅਜਿਹੇ ਗੁੰਮਰਾਹਕੁੰਨ ਅਤੇ ਖ਼ਤਰਨਾਕ ਕੂੜ ਪ੍ਰਚਾਰ ਤੋਂ ਸੁਚੇਤ ਰਹਿੰਦਿਆਂ ਦਸ ਗੁਰੂ ਸਾਹਿਬਾਨ ਦੇ ਆਸ਼ੇ ਮੁਤਾਬਿਕ ਆਪਣੇ ਧਰਮ ਵਿੱਚ ਪ੍ਰਪੱਕ ਰਹਿਣ ਤੇ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਕਰਨ ਦਾ ਆਦੇਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੇ ਮੁਸਲਮਾਨ ਭਾਈਚਾਰੇ ਨੂੰ ਵੀ ਆਗਾਹ ਹੋਣ ਦੀ ਲੋੜ ਹੈ ਅਤੇ ਜਿਹੜਾ ਵੀ ਕੋਈ ਸੋਸ਼ਲ ਮੀਡੀਆ ਦੇ ਕਿਸੇ ਮੰਚ 'ਤੇ ਸਿੱਖ ਭੇਸ ਜਾਂ ਨਾਮ ਦੇ ਜ਼ਰੀਏ ਇਸਲਾਮ ਧਰਮ ਦੇ ਖ਼ਿਲਾਫ਼ ਗਲਤ ਬਿਆਨਬਾਜ਼ੀ ਕਰਦਾ ਹੈ, ਉਸ ਨੂੰ ਸਿੱਖ ਨਾ ਸਮਝਿਆ ਜਾਵੇ ਅਤੇ ਉਸ ਦੇ ਜਵਾਬ ਵਿੱਚ ਸਿੱਖ ਧਰਮ ਦੇ ਖ਼ਿਲਾਫ਼ ਬੋਲਣ ਦੀ ਬਜਾਇ ਇਸ ਅਦਿੱਖ ਡੂੰਘੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਕਾਨੂੰਨੀ ਤਰੀਕੇ ਨਾਲ ਇਸ ਨਫਰਤ ਭਰੇ ਪ੍ਰਚਾਰ ਨੂੰ ਰੋਕਣ ਦੇ ਯਤਨ ਕੀਤੇ ਜਾਣ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸਿੱਖ ਧਰਮ ਇਸ ਸਾਜ਼ਿਸ਼ ਨੂੰ ਨੰਗਾ ਕਰਨ ਲਈ ਹਰ ਤਰੀਕੇ ਨਾਲ ਮੁਸਲਮਾਨ ਭਾਈਚਾਰੇ ਦੇ ਨਾਲ ਖੜ੍ਹਾ ਹੈ ਅਤੇ ਦੁਵੱਲੀ ਨਫਰਤ ਪੈਦਾ ਕਰਨ ਵਾਲੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਮੁਸਲਮਾਨ ਭਾਈਚਾਰੇ ਨੂੰ ਵੀ ਸਿੱਖ ਕੌਮ ਨਾਲ ਸਹਿਯੋਗ ਕਰਨਾ ਚਾਹੀਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ...


ਪੰਜਾਬ ਅੱਜ ਵੀ ਲੜ ਰਿਹੈ। ਅੱਜ ਵੀ ਭੀੜਾਂ ਆਪ ਮੁਹਾਰੇ ਇਕੱਠੀਆਂ ਹੋ ਰਹੀਆਂ ਨੇ। ਇਹ ਭੀੜਾਂ ਅੱਜ ਦੇ ਸਮੇਂ ਦੇ ਵਿੱਚ ਕਿਸਾਨੀ ਧਰਨਿਆਂ ਵਿੱਚ ਹੋ ਰਹੀਆਂ ਨੇ ਕਿਉਂਕਿ ਕਿਸਾਨ ਆਪਣੇ ਹੱਕਾਂ ਲਈ ਲੜ ਰਿਹਾ। ਬਾਕੀ ਤਾਂ ਕੁਰਸੀਆਂ ਪਿੱਛੇ ਦੀ ਲੜਾਈ ਹੈ। ਅੱਜ ਵੀ ਅੰਦੋਲਨ ਵਿੱਚ ਹਨ ਕਿਸਾਨ ਤੇ ਕਿਸਾਨ ਜਥੇਬੰਦੀਆਂ। ਸਰਕਾਰਾਂ ਬਸ ਭੋਗਾਂ ਤੇ ਵਿਆਹਾਂ ਜੋਗੀਆਂ ਰਹਿ ਗਈਆਂ ਨੇ। ਸਰਕਾਰ ਚੁਣੀ ਜਾਂਦੀ ਹੈ ਉਹ ਲੋਕਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਕਰਦੀ, ਸਗੋਂ ਅਗਲੀ ਚੋਣ ਕਿਸ ਤਰ੍ਹਾਂ ਜਿੱਤਣੀ ਹੈ ਉਸ ਦੇ ਢਕਵੰਜ ਵਿੱਚ ਜੁਟ ਜਾਂਦੀ ਹੈ। ਲੰਘੇ ਦਿਨਾਂ ’ਚ ਕਿਸਾਨ ਸੈਕਟਰ 34 ਵਿੱਚ ਪੰਜ ਦਿਨਾਂ ਦੇ ਲਈ ਬੜੇ ਜੋਸ਼ ਦੇ ਨਾਲ ਪੰਜਾਬ ਦੀ ਰਾਜਧਾਨੀ ਤੇ ਸਿਆਸੀ ਰੰਗ ਵਿੱਚ ਜਗਮਗਾ ਰਹੀ ਚੰਡੀਗੜ੍ਹ ਵਿੱਚ ਪਹੁੰਚੇ। ਮਟਕਾ ਚੌਂਕ ਦੇ ਲਾਗੇ ਪਹੁੰਚ ਕੇ ਉਹਨਾਂ ਸਵਾਲ ਕੀਤਾ ਸਿਆਸਤ ਨੂੰ ਕਿ ਸੁਣਿਆ ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ, ਖੇਤੀਬਾੜੀ ’ਤੇ ਨਿਰਭਰ ਹੈ ਤੇ ਸਰਕਾਰਾਂ ਫਿਕਰ ਵੀ ਬਹੁਤ ਕਰਦੀਆਂ ਨੇ ਖੇਤੀ ਦਾ ਤੇ ਫਿਰ ਸਾਡੇ ਸੜਕਾਂ ਦੇ ਉੱਤੇ ਡੇਰੇ ਕਿਉਂ ਲਗਵਾਏ ਹੋਏ ਨੇ ? ਤੇ ਨਾਲ ਹੀ ਪਿੰਡਾਂ ਤੋਂ ਚਲਦੀ ਸਰਕਾਰ ਕਹਾਉਣ ਵਾਲਿਆਂ ਨੂੰ ਕਿਹਾ ਕਿ ਦਿਖਾਓ ਤੁਹਾਡੀ ਖੇਤੀ ਨੀਤੀ ਕਿਹੜੀ ਹੈ ? ਪਰ ਪੰਜਾਬ ਸਰਕਾਰ ਨੇ ਕਿਹਾ ਕਿ ਤੁਸੀਂ ਖੇਤੀ ਨੀਤੀ ਮੰਗਦੇ ਹੋ ਅਸੀਂ ਤਾਂ ਤੁਹਾਨੂੰ ਇਨਕਲਾਬ ਹੀ ਦੇਣਾ ਹੈ। ਖ਼ੈਰ ਇਹ ਤਾਂ ਹਾਸੇ ਦੀਆਂ ਗੱਲਾਂ ਨੇ। ਭਗਵੰਤ ਮਾਨ ਨੇ ਥੋੜਾ ਜਿਹਾ ਸੰਜੀਦਾ ਹੋ ਕੇ ਕਿਹਾ ਕਿ ਤੁਸੀਂ 30 ਸਤੰਬਰ ਤੱਕ ਉਡੀਕ ਕਰੋ ਖੇਤੀ ਨੀਤੀ ਤਿਆਰ ਹੈ ਥੋੜੀ ਪਾਲਿਸ਼ ਕਰਨ ਵਾਲੀ ਹੈ ਤੇ ਤੁਹਾਡੀ ਸਲਾਹ ਵੀ ਲੈਣੀ ਹੈ, ਉਹ ਵੀ ਰਹਿ ਗਈ ਹੈ। ਧਰਨਾ ਸਮਾਪਤ ਕਰੋ ਤੇ 30 ਸਤੰਬਰ ਨੂੰ ਖੇਤੀ ਨੀਤੀ ਦਾ ਡਰਾਫ਼ਟ ਦੇਵਾਂਗੇ। ਕਿਸਾਨ ਵਿਚਾਰਾ ਹੋਂਦ ਦੀ ਲੜਾਈ ਲੜਦਾ ਕਦੇ ਸ਼ੰਭੂ ਬਾਰਡਰ, ਕਦੇ ਟਿੱਕਰੀ, ਕਦੇ ਸਿੰਘੂ ਬਾਰਡਰ ’ਤੇ ਬਹਿੰਦਾ ਹੈ ਤੇ ਕਦੇ ਕਿਧਰੇ ਹੋਰ ਬੈਠਣ ਦੀਆਂ ਘਾੜਤਾਂ ਘੜਦੈ ਪਰ ਚੰਡੀਗੜ੍ਹ ਵੀ ਜ਼ਰੂਰੀ ਸੀ। ਪਰ ਚੰਡੀਗੜ੍ਹ ਦੇ ਲੋਕਾਂ ਨੂੰ ਤਾਂ ਬੜੀ ਤਕਲੀਫ਼ ਹੋਈ ਕਿਸਾਨਾਂ ਦੇ ਧਰਨੇ ਤੋਂ ਅਖੇ ਇਹਨਾਂ ਨੇ ਭੀੜ ਕਰ ਦਿੱਤੀ ਹੈ। ਭਲੇਮਾਣਸੋ, ਪੈਕਿਟਾਂ ਵਿੱਚ ਮਿਲਦੀਆਂ ਚੀਜ਼ਾਂ ਇਹਨਾਂ ਕਿਸਾਨਾਂ ਦੇ ਹੱਥਾਂ ਵਿਚੋਂ ਹੀ ਹੋ ਕੇ ਨਿਕਲਦੀਆਂ ਨੇ। ਸਾਡਾ ਖ਼ਿਆਲ ਹੈ ਕਿ ਇਸ ਖੇਤੀ ਨੀਤੀ ਦੇ ਵਿੱਚ ਇਹ ਵੀ ਖ਼ਾਸ ਲਾਈਨ ਲਿਖਣੀ ਚਾਹੀਦੀ ਹੈ ਕਿ “ਕਿਸਾਨ ਵੀ ਇਨਸਾਨ ਹੁੰਦੇ ਨੇ।” ਕਹਿੰਦੇ ਨੇ ਖੇਤੀ ਨੀਤੀ 1600 ਪੰਨਿਆਂ ਦੀ ਤਿਆਰ ਕੀਤੀ ਗਈ ਹੈ। ਪੰਨਿਆਂ ਦੇ ਹਿਸਾਬ ਨਾਲ ਲੱਗਦੈ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਖੁਸ਼ ਕਰ ਦੇਣਾ ਹੈ। ਸਵਾਲ ਇਹ ਵੀ ਉਠਦਾ ਹੈ ਕੀ ਪੰਜਾਬ ਆਜ਼ਾਦ ਖੇਤੀ ਨੀਤੀ ਬਣਾ ਸਕਦਾ ਹੈ ? ਕੀ ਖੇਤੀ ਨੀਤੀ ਵਿੱਚ ਸਰਕਾਰ ਮਜ਼ਦੂਰਾਂ ਦਾ ਖ਼ਿਆਲ ਰੱਖੇਗੀ ? ਖੇਤੀ ਨੀਤੀਆਂ ਨੇ ਤਾਂ ਸਾਡੇ ਕਿਸਾਨਾਂ ਦੀਆਂ ਲਾਸ਼ਾਂ ਵੀ ਸਹੀ ਢੰਗ ਨਾਲ ਨਹੀਂ ਗਿਣੀਆਂ। ਸਾਢੇ ਪੈਂਤੀ ਲੱਖ ਲੋਕ ਪੰਜਾਬ ਵਿੱਚ ਖੇਤੀ ਕਰਦੇ ਨੇ। 15 ਤੋਂ 16 ਲੱਖ ਮਜ਼ਦੂਰ ਖੇਤੀ ਦੇ ਵਿੱਚ ਨੇ। ਉਹਨਾਂ ਦੇ ਪਰਿਵਾਰ ਖੇਤੀ ਤੇ ਨਿਰਭਰ ਨੇ। ਕਰਜ਼ਾ, ਖ਼ੁਦਕਸ਼ੀਆਂ ਆਦਿ ਦਾ ਹੱਲ ਹੋਵੇਗਾ ਇਸ ਖੇਤੀ ਨੀਤੀ ਵਿੱਚ ? ਇੱਕ ਉਦਾਹਰਣ ਦਿੰਦੇ ਹਾਂ ਕਿ ਇਸ ਵਾਰ ਸਰਕਾਰ ਨੇ ਝੋਨੇ ਦੇ ਸੀਜਨ ਵਿੱਚ ਢਾਈ ਲੱਖ ਏਕੜ ’ਤੇ ਸਿੱਧੀ ਬਿਜਾਈ ਕਰਵਾਈ। ਬਦਲੇ ਵਿੱਚ ਕਿਸਾਨਾਂ ਨੂੰ ਪੰਦਰਾਂ ਸੌ ਰੁਪਏ ਪ੍ਰਤੀ ਕਿੱਲਾ ਭੱਤਾ ਵੀ ਦਿੱਤਾ। ਪਰ ਮਜ਼ਦੂਰਾਂ ਦੀਆਂ ਦਿਹਾੜੀਆਂ ਦਾ ਕਰੋੜਾਂ ਵਿੱਚ ਨੁਕਸਾਨ ਕਰ ਦਿੱਤਾ। ਜਿੰਨ੍ਹਾਂ ਮਜ਼ਦੂਰਾਂ ਨੇ ਝੋਨਾ ਲਗਾ ਕੇ ਪੈਸਾ ਕਮਾਉਣਾ ਸੀ ਉਹਨਾਂ ਦਾ ਕਰੋੜਾਂ ਵਿੱਚ ਨੁਕਸਾਨ ਹੋਇਆ। ਸਵਾਲ ਉਠਦੈ ਕਿਧਰੇ ਖੇਤੀ ਨੀਤੀ ਇੰਝ ਦੀ ਤਾਂ ਨਹੀਂ ਹੋਵੇਗੀ ? 1600 ਪੰਨਿਆਂ ਵਾਲੀ ਖੇਤੀ ਨੀਤੀ ਸਮਝੋ ਪਾਰ ਹੈ। ਅਸੀਂ ਖੇਤੀ ਨੀਤੀ ਮੰਗਦੇ ਹਾਂ ਉਹ ਆਰਥਿਕ ਇਨਕਲਾਬ ਦੀ ਗੱਲ ਕਰਦੇ ਨੇ।

## ਕਮਲਾ ਹੈਰਿਸ ਅਤੇ ਟਰੰਪ ਵਿਚਾਲੇ ਬਹਿਸ

ਪੂਰੇ ਵਿਸ਼ਵ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਉਮੀਦਵਾਰ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ ਦਰਮਿਆਨ 90 ਮਿੰਟ ਦੀ ਬਹਿਸ ’ਚ ਦੋਵਾਂ ਉਮੀਦਵਾਰਾਂ ਨੇ ਅਰਥਵਿਵਸਥਾ, ਟੈਕਸ ’ਚ ਕਟੌਤੀ, ਇਮੀਗ੍ਰੇਸ਼ਨ ਮੁੱਦਾ, ਗਰਭਪਾਤ ਕਾਨੂੰਨ, ਚੀਨ, ਰੂਸ-ਯੂਕ੍ਰੇਨ ਯੁੱਧ, ਰਿਹਾਇਸ਼, ਨੌਕਰੀਆਂ, ਵਿਦੇਸ਼ ਨੀਤੀ ਸਮੇਤ 10 ਵੱਡੇ ਮੁੱਦਿਆਂ ’ਤੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਵਿਸ਼ਲੇਸ਼ਕਾਂ ਅਨੁਸਾਰ ਭਾਵੇਂ ਇਸ ਬਹਿਸ ਵਿੱਚ ਟਰੰਪ ਨੇ ਕਮਲਾ ’ਤੇ ਭਾਰੂ ਪੈਣ ਦੇ ਯਤਨ ਕੀਤੇ ਪਰ ਕਮਲਾ ਹੈਰਿਸ ਨੇ ਪੂਰਾ ਸਖ਼ਤ ਮੁਕਾਬਲਾ ਕੀਤਾ। ਕਈ ਮੁੱਦਿਆਂ ’ਤੇ ਤਾਂ ਕਮਲਾ ਹੈਰਿਸ ਟਰੰਪ ’ਤੇ ਭਾਰੂ ਪੈਂਦੀ ਨਜ਼ਰ ਆਈ। ਇਹੋ ਜਿਹੀਆਂ ਬਹਿਸਾਂ ਦਾ ਟਰੰਪ ਨੂੰ ਕਾਫ਼ੀ ਤਜ਼ਰਬਾ ਹੈ ਕਿਉਂਕਿ ਉਹ ਪਹਿਲਾਂ ਵੀ ਅਮਰੀਕਾ ਦੇ ਰਾਸ਼ਟਰਪਤੀ ਰਹਿ ਚੁਕੇ ਹਨ ਅਤੇ ਇਸ ਵਾਰ ਵੀ ਉਹ ਰਾਸ਼ਟਰਪਤੀ ਅਹੁਦੇ ਦੀ ਦੌੜ ਦੌਰਾਨ ਇਸ ਬਹਿਸ ਸਮੇਤ ਕੁੱਲ 7 ਬਹਿਸਾਂ ਵਿੱਚ ਹਿੱਸਾ ਲੈ ਚੁੱਕੇ ਹਨ, ਜਦੋਂਕਿ ਕਮਲਾ ਹੈਰਿਸ ਦੀ ਉਮੀਦਵਾਰ ਬਣਨ ਤੋਂ ਬਾਅਦ ਇਹ ਪਹਿਲੀ ਬਹਿਸ ਸੀ ਪਰ ਇਸ ਬਹਿਸ ਦੌਰਾਨ ਹੀ ਕਮਲਾ ਹੈਰਿਸ ਨੇ ਆਪਣੀ ਯੋਗਤਾ ਦਾ ਪ੍ਰਗਟਾਵਾ ਕਰ ਦਿੱਤਾ। ਇਸ ਬਹਿਸ ਦੀ ਮੇਜ਼ਬਾਨੀ ਅਮਰੀਕੀ ਮੀਡੀਆ ਹਾਊਸ ਏ.ਬੀ.ਸੀ. ਨੇ ਕੀਤੀ। ਕਮਲਾ ਹੈਰਿਸ ਲਈ ਇਹ ਬਹਿਸ ਵਕਾਰ ਦਾ ਸਵਾਲ ਬਣੀ ਹੋਈ ਸੀ ਕਿਉਂਕਿ ਪਹਿਲੀ ਬਹਿਸ ਵਿੱਚ ਜਿੱਤ ਅਤੇ ਜਾਨਲੇਵਾ ਹਮਲੇ ਤੋਂ ਬਾਅਦ ਟਰੰਪ ਨੇ ਪ੍ਰੀ-ਪੋਲ ਸਰਵੇ ਵਿੱਚ ਬੜ ਤ ਹਾਸਲ ਕਰ ਲਈ ਸੀ। ਉਹ 11 ਵਿੱਚੋਂ 9 ਸਰਵੇਖਣਾਂ ਵਿੱਚ ਬਾਈਡੇਨ ਤੋਂ ਅੱਗੇ ਸਨ। ਹਾਲਾਂਕਿ ਕਮਲਾ ਦੇ ਉਮੀਦਵਾਰ ਬਣਨ ਤੋਂ ਬਾਅਦ ਅਮਰੀਕਨ ਲੋਕਾਂ ਦਾ ਝੁਕਾਅ ਕਮਲਾ ਵੱਲ ਵੱਧ ਗਿਆ ਹੈ। ਉਹ ਕਈ ਰਾਜਾਂ ਵਿੱਚ ਟਰੰਪ ਨੂੰ ਸਖ਼ਤ ਚੁਣੌਤੀ ਦੇ ਰਹੀ ਹੈ। ਰਾਸ਼ਟਰਪਤੀ ਚੋਣਾਂ ਵਿੱਚ ਇਸ ਸਮੇਂ ਦੋਵਾਂ ਉਮੀਦਵਾਰਾਂ ਬਾਰੇ ਸਖ਼ਤ ਮੁਕਾਬਲਾ ਚੱਲ ਰਿਹਾ ਹੈ ਅਤੇ ਦੋਵੇਂ ਹੀ ਆਪੋ ਆਪਣੀ ਜਿੱਤ ਲਈ ਪੂਰਾ ਤਾਨ ਲੱਗਾ ਰਹੇ ਹਨ। ਮੀਡੀਆ ਸਰਵੇਖਣਾਂ ਅਨੁਸਾਰ ਪਹਿਲਾਂ ਟਰੰਪ ਦਾ ਪੱਲੜਾ ਭਾਰੀ ਲੱਗ ਰਿਹਾ ਸੀ ਪਰ ਹੁਣ ਕਮਲਾ ਹੈਰਿਸ ਨੂੰ ਵੱਖ- ਵੱਖ ਧਿਰਾਂ ਅਤੇ ਸੰਸਥਾਵਾਂ ਵੱਲੋਂ ਸਮਰਥਣ ਦੇਣ ਤੋਂ ਬਾਅਦ ਉਹ ਟਰੰਪ ਨੂੰ ਪਿੱਛੇ ਛੱਡਦੀ ਜਾ ਰਹੀ ਹੈ। ਇਸ ਬਹਿਸ ਤੋਂ ਬਾਅਦ ਪਤਾ ਚੱਲ ਜਾਂਦਾ ਹੈ ਕਿ ਕਿਸੇ ਵੀ ਉਮੀਦਵਾਰ ਲਈ ਰਾਸ਼ਟਰਪਤੀ ਦੀ ਚੋਣ ਜਿੱਤਣਾਂ ਆਸਾਨ ਨਹੀਂ ਹੈ ਅਤੇ ਸਖ਼ਤ ਮੁਕਾਬਲੇ ਕਾਰਨ ਇਹ ਚੋਣ ਦਿਲਚਸਪ ਹੋ ਗਈ ਹੈ।

# ਰਾਹੁਲ ਗਾਂਧੀ ਦੀ ਸਿਆਸੀ ਤੰਦ ਨੂੰ ਸਮਝਣ ਦੀ ਲੋੜ

ਬਲਰਾਜ ਪੰਨੂੰ



ਰਾਹੁਲ ਗਾਂਧੀ ਅੱਜ ਕੱਲ ਅਮਰੀਕਾ ਦੇ ਚਾਰ ਦਿਨਾਂ ਦੇ ਦੌਰੇ ’ਤੇ ਸਨ। ਇਹ ਦੌਰਾ ਕਾਫੀ ਜ਼ਿਆਦਾ ਚਰਚਾ ਦੇ ਵਿੱਚ ਵੀ ਰਿਹਾ। ਅਸਲ ਵਿੱਚ ਰਾਹੁਲ ਗਾਂਧੀ ਜਦੋਂ ਵੀ ਵਿਦੇਸ਼ ਵਿੱਚ ਜਾਂਦੇ ਹਨ ਤਾਂ ਭਾਰਤ ਦੀ ਤਰ੍ਹਾਂ ਉਹ ਪਰਵਾਸੀ ਭਾਰਤੀਆਂ ਤੇ ਵਿਦਿਆਰਥੀਆਂ ਦੇ ਨਾਲ ਵਿਚਾਰ ਚਰਚਾ ਖੁੱਲ੍ਹ ਕੇ ਕਰਦੇ ਹਨ। ਇੱਕ ਮੰਚ ਹੁੰਦਾ ਹੈ, ਉਸ ਮੰਚ ’ਤੇ ਸਵਾਲ ਪੁੱਛੇ ਜਾਂਦੇ ਹਨ, ਰਾਹੁਲ ਗਾਂਧੀ ਨਿਝੱਕ ਜਵਾਬ ਦਿੰਦਾ ਹੈ, ਕੋਈ ਟੈਲੀਪ੍ਰੋਂਪਟਰ ਨਹੀਂ ਹੁੰਦਾ ਤੇ ਕੋਈ ਕਲਮ ਕਾਗ਼ਜ ਨਹੀਂ ਹੁੰਦਾ। ਇਸ ਵਾਰ ਵੀ ਉਨ੍ਹਾਂ ਨੇ ਡੈਲਸ ਯੂਨੀਵਰਸਿਟੀ ਆਫ਼ ਟੈਕਸਸ ਦੇ ਵਿੱਚ ਖੁੱਲ੍ਹ ਕੇ ਗੱਲਾਂਬਾਤਾਂ ਕੀਤੀਆਂ ਪਰ ਰਾਹੁਲ ਗਾਂਧੀ ਦੇ ਬਿਆਨਾਂ ’ਤੇ ਸਿਆਸੀ ਘਮਾਸਾਨ ਮੱਚਿਆ ਪਿਆ ਹੈ। ਜੇ ਕਰ ਘਮਾਸਾਨ ਨੂੰ ਪਾਸੇ ਕਰ ਦੇਈਏ ਤਾਂ ਰਾਹੁਲ ਗਾਂਧੀ ਨੇ ਬਹੁਤ ਵੱਡੀਆਂ ਗੱਲਾਂ ਕੀਤੀਆਂ ਨੇ। ਭਾਵੇਂਕਿ ਭਾਰਤ ਵਿੱਚ ਉਸ ਦੇ ਖ਼ਿਲਾਫ਼ ਫ਼ਰਜ਼ੀ ਬਿਰਤਾਂਤ ਸਿਰਜਿਆ ਜਾ ਰਿਹੈ। ਵਰਜੀਨੀਆਂ ਦੇ ਵਿੱਚ ਉਨ੍ਹਾਂ ਦਾ ਇੱਕ ਬਿਆਨ ਕਾਫ਼ੀ ਜਿਆਦਾ ਚਰਚਾ ਦੇ ਵਿੱਚ ਰਿਹਾ, ਜਿਸ ਦੇ ਵਿੱਚ ਉਨ੍ਹਾਂ ਨੇ ਸਿੱਖ ਧਰਮ ਦਾ ਜ਼ਿਕਰ ਕੀਤਾ। ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਲੜਾਈ ਜਿਸ ਤਰੀਕੇ ਦੇ ਨਾਲ ਪਰਿਭਾਸ਼ਿਤ ਕੀਤੀ ਹੈ, ਅਸਲ ਵਿੱਚ ਉਸ ਤਰ੍ਹਾਂ ਨਹੀਂ ਹੈ। ਇਹ ਕੋਈ ਰਾਜਨੀਤਿਕ ਲੜਾਈ ਨਹੀਂ ਹੈ। ਹਰ ਇੱਕ ਧਰਮ ਦੇ ਨਾਲ ਸਬੰਧਿਤ ਉਸ ਨੇ ਗੱਲ ਕੀਤੀ। ਸੱਚ ਤਾਂ ਇਹ ਹੈ ਕਿ ਉਸ ਨੇ ਧਾਰਮਿਕ ਘੱਟ ਗਿਣਤੀਆਂ ਦੀ ਗੱਲ ਸਿੱਖਾਂ ਦੇ ਹਵਾਲੇ ਨਾਲ ਕੀਤੀ। ਤੇ ਬਦਲੇ ਵਿੱਚ ਭਾਜਪਾ ਦੇ ਵੱਡੇ -ਵੱਡੇ ਨੇਤਾ ਤੇ ਭਾਜਪਾਈ ਸਿੱਖ ਚਿਹਰੇ ਹਰਦੀਪ ਸਿੰਘ ਪੁਰੀ, ਮਨਜਿੰਦਰ ਸਿੰਘ ਸਿਰਸਾ ਵਰਗੇ ਕਹਿਣ ਲੱਗ ਪਏ ਕਿ ਸਿੱਖਾਂ ਨਾਲ ਧੱਕਾ ਤਾਂ ’84 ਤੋਂ ਸ਼ੁਰੂ ਹੋਇਆ। ਰਾਹੁਲ ਗਾਂਧੀ ਵਿਦੇਸ਼ ਦੇ ਵਿੱਚ ਭਾਰਤ ਨੂੰ ਭੰਡ ਰਿਹਾ ਹੈ। ਜਦੋਂਕਿ ਰਾਹੁਲ ਗਾਂਧੀ ਨੇ ਤਮਿਲਨਾਡੂ, ਕੇਰਲ, ਹਰਿਆਣਾ, ਤੇਲੰਗਾਨਾ ਆਦਿ ਦੇ ਹਵਾਲੇ ਵੀ ਦਿੱਤੇ ਪਰ ਬੀਜੇਪੀ ਦੇ ਆਈ.ਟੀ.ਸੈਲ ਦੇ ਹੱਥੇ ਸਿੱਖਾਂ ਵਾਲੀ ਗੱਲ ਚੜ੍ਹ ਗਈ ਹੈ। ਬੇਸ਼ੱਕ ਇਸ ਗੱਲ ਨੂੰ ਝੁਠਲਾਅ ਨਹੀਂ ਸਕਦੇ ਕਿ ਕਾਂਗਰਸ ਸਮੇਂ ਵੀ ਸਿੱਖਾਂ ਦਾ ਘਾਣ ਹੋਇਆ ਪਰ ਉਹ ਇੱਕ ਖਾਸ ਪਾਰਟੀ ਵੱਲੋਂ ਕੀਤਾ ਗਿਆ ਨਾ ਕਿ ਰਾਹੁਲ ਗਾਂਧੀ ਵੱਲੋਂ। ਹਾਲਾਂਕਿ ਡਾ.ਮਨਮੋਹਨ ਸਿੰਘ ਵੱਲੋਂ ਇਸ ਵਿਸ਼ੇ ’ਤੇ ਸੰਸਦ ਵਿੱਚ ਮਾਫ਼ੀ ਵੀ ਮੰਗੀ ਗਈ ਪਰ ਕੁਝ ਬਨਾਉਟੀ ਸਿੱਖਾਂ ਨੇ ਇਹ ਕਹਿ ਦਿੱਤਾ ਕਿ ਇੱਕ ਸਿੱਖ ਕੋਲੋਂ ਹੀ ਮਾਫ਼ੀ ਮੰਗਵਾ ਦਿੱਤੀ ਹੈ ਜਦੋਂਕਿ ਉਹ ਉਸ ਸਮੇਂ ਉਸ ਪਾਰਟੀ ਦਾ ਮੁੱਖ ਨੁਮਾਇੰਦਾ ਸੀ। ਰਾਹੁਲ ਗਾਂਧੀ ਦੀਆਂ ਗੱਲਾਂ ਵਿੱਚ ਜੋ ਗੰਭੀਰਤਾ ਹੈ ਜਾਂ ਜੋ ਸਿਆਸੀ ਤੰਦ ਹੈ, ਸਮਝਣ ਵਾਲੇ ਉਸ ਨੂੰ ਸਮਝ ਰਹੇ ਨੇ। ਰਾਹੁਲ ਗਾਂਧੀ ਤੱਥਾਂ ਤੋਂ ਲਾਂਭੇ ਹੋ ਕੇ ਕੋਈ ਗੱਲ ਨਹੀਂ ਕਰ ਰਿਹਾ। ਉਹ ਦਸਦਾ ਹੈ ਕਿ ਮੇਰੀ ਨਜ਼ਰ ਵਿੱਚ ਭਾਰਤ ਕਿਵੇਂ ਦਾ ਹੋਵੇ ? ਉਹ ਮੁੱਦਿਆਂ ਦੀ ਸਿਆਸਤ ਉਭਾਰ ਰਿਹਾ ਹੈ। ਬੀਜੇਪੀ ਦੁਚਿੱਤੀ ਦੇ ਵਿੱਚ ਹੈ ਕਿ ਰਾਹੁਲ ਗਾਂਧੀ ਨਰਿੰਦਰ ਮੋਦੀ ਦੇ ਨਾਲੋਂ ਵਧੀਆ ਬੋਲ ਰਿਹਾ ਹੈ ਜਾਂ ਉਹ ਦੇਸ਼ ਦੀ ਪੋਲ ਖੋਲ ਰਿਹਾ ਹੈ। ਇਹ ਚੱਕਰਵਿਊ ਵਿੱਚ ਬੀਜੇਪੀ ਭਗਤ ਫਸੇ ਹੋਏ ਹਨ। ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਰਾਹੁਲ ਗਾਂਧੀ ਸੱਚਾ ਵੀ ਹੈ। ਅਸੀਂ ਰੋਜ ਖ਼ਬਰਾਂ ਸੁਣਦੇ ਹਾਂ ਕਿ ਪ੍ਰੀਖਿਆ ਦੇ ਵਿੱਚ ਬੱਚਿਆਂ ਤੋਂ ਕੜੇ, ਕਿਰਪਾਨਾਂ ਲੁਹਾ ਲਏ ਜਾਂਦੇ ਹਨ। ਬੀਜੇਪੀ ਗੁਰਦੁਆਰਿਆਂ ਦੇ ਵਿੱਚ ਸ਼ਰੇਆਮ ਸਰਕਾਰੀ ਤੰਤਰ ਦੇ ਨਾਲ ਕਬਜ਼ਾ ਕਰ ਰਹੀ ਹੈ। ਪਾਕਿਸਤਾਨੀ, ਖ਼ਾਲਿਸਤਾਨੀ, ਅੱਤਵਾਦੀ ਲ਼ਫਜ਼ ਬੀਜੇਪੀ ਦੇ ਕਰਿੰਦਿਆਂ ਵੱਲੋਂ ਇੱਕ ਗਾਲ ਵਾਂਗੂ ਸਿੱਖਾਂ ਦੇ ਮੂੰਹ ’ਤੇ ਮਾਰਿਆ ਜਾਂਦਾ ਹੈ। ਬਾਹਰਲੇ ਮੁਲਕਾਂ ਤੋਂ ਸਿੱਖ ਭਾਈਚਾਰਾ ਕ੍ਰਿਪਾਨ ਪਾ ਕੇ ਜਹਾਜ਼ ਚੜਦਾ ਹੈ, ਪਰ ਇੰਡੀਆ ਦੀਆਂ ਬਰੂਹਾਂ ਵਿੱਚ ਆ ਕੇ ਭਾਵ ਦਿੱਲੀ ਹਵਾਈ ਅੱਡੇ ’ਤੇ ਆ ਕੇ ਉਨ੍ਹਾਂ ਦੀਆਂ ਕ੍ਰਿਪਾਨਾਂ ਅੰਮ੍ਰਿਤਸਰ ਜਾਣ ਸਮੇਂ ਲੁਹਾ ਦਿੱਤੀਆਂ ਜਾਂਦੀਆਂ ਹਨ।

ਰਾਹੁਲ ਗਾਂਧੀ ਨੇ ਸੰਜੀਦਾ ਮੁੱਦਿਆਂ ਦੇ ਉੱਤੇ ਬੋਲਣ ਲਈ ਆਪਣੇ ਆਪ ਬਿਲਕੁਲ ਤਿਆਰ ਬਰ ਤਿਆਰ ਕਰ ਲਿਆ ਹੈ। ਜਿਸ ਸੰਜੀਦਗੀ ਦੇ ਨਾਲ ਰਾਹੁਲ ਗਾਂਧੀ ਆਪਣੀ ਗੱਲ ਲੋਕਾਂ ਸਾਹਮਣੇ ਰੱਖਦਾ ਹੈ, ਉਸ ਤਰ੍ਹਾਂ ਨਰਿੰਦਰ ਮੋਦੀ ਨਹੀਂ ਰੱਖ ਸਕਦੇ। ਕਦੇ ਨਰਿੰਦਰ ਮੋਦੀ ਨੇ ਵਿਦੇਸ਼ ਦੇ ਵਿੱਚ ਮੰਚ ’ਤੇ ਬੈਠ ਕੇ ਸਵਾਲਾਂ ਦੇ ਜਵਾਬ ਦਿੱਤੇ ਹਨ ? ਟੈਲੀਪ੍ਰੋਂਪਟਰ ਤੋਂ ਬਿਨਾਂ 10 ਸਾਲ ਰਹਿ ਚੁੱਕੇ ਪ੍ਰਧਾਨ ਮੰਤਰੀ ਗੱਲ ਨਹੀਂ ਕਰ ਸਕਦੇ। ਰਾਹੁਲ ਗਾਂਧੀ ਜਿਵੇਂ ਧਰਮ ਦੇ ਮੁੱਦੇ ’ਤੇ ਗੱਲ ਕਰਦੇ ਨੇ, ਬੇਰੁਜ਼ਗਾਰੀ ’ਤੇ ਗੱਲ ਕਰਦੇ ਨੇ, ਤੇ ਜਿਸ ਤਰ੍ਹਾਂ ਅਮਰੀਕਾ ਦੇ ਵਿੱਚ ਬੈਠ ਕੇ ਅਮਰੀਕਾ ਦੀ ਗੱਲ ਕਰਦੇ ਨੇ, ਜਿਵੇਂ ਉਨ੍ਹਾਂ ਕਿਹਾ ਕਿ ਭਾਰਤ ਤੋਂ ਇਲਾਵਾ ਹੋਰ ਮੁਲਕਾਂ ਦੇ ਵਿੱਚ ਵੀ ਬੇਰੁਜ਼ਗਾਰੀ ਮੁੱਖ ਮੁੱਦਾ ਹੈ ਪਰ ਕੁਝ ਮੁਲਕਾਂ ਵਿੱਚ ਅਜਿਹੀ ਸਮੱਸਿਆ ਨਹੀਂ ਹੈ, ਜਿਵੇਂ ਕਿ ਚੀਨ। ਤੇ ਫਿਰ ਅਮਰੀਕਾ ਅੰਦਰ ਬੈਠ ਕੇ ਅਮਰੀਕਾ ਨੂੰ ਹੀ ਕਟਹਿਰੇ ਵਿੱਚ ਖੜਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕਦੇ ਅਮਰੀਕਾ ਪ੍ਰੋਡਕਸ਼ਨ ਦਾ ਹੱਬ ਸੀ, ਇਥੇ ਹਰ ਇੱਕ ਚੀਜ਼ ਬਣਦੀ ਸੀ, ਲੋਕ ਅਮਰੀਕਾ ਦੀਆਂ ਚੀਜ਼ਾਂ ਖਰੀਦਦੇ ਸਨ ਪਰ ਹੌਲੀ ਹੌਲੀ ਇਹ ਪ੍ਰੋਡਕਸ਼ਨ ਹੱਬ ਚੀਨ ਵਿੱਚ ਚਲਾ ਗਿਆ। ਇਸ ਕਰਕੇ ਉਥੇ ਨੌਕਰੀਆਂ ਜ਼ਿਆਦਾ ਹਨ, ਬੇਰੁਜ਼ਗਾਰੀ ਘੱਟ ਹੈ। ਪਰ ਭਗਤਾਂ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਭਾਰਤ ਵਿੱਚ ਬੇਰੁਜ਼ਗਾਰੀ ਜ਼ਿਆਦਾ ਹੈ। ਰਾਹੁਲ ਗਾਂਧੀ ਨੇ ਸਾਫ਼ ਕਿਹਾ ਕਿ “ ਮੈਨੂੰ ਨਰਿੰਦਰ ਮੋਦੀ ਨਾਲ ਕੋਈ ਨ਼ਫਰਤ ਨਹੀਂ ਹੈ, ਬੱਸ ਮੈਂ ਉਹਨਾਂ ਦੀ ਸੋਚ ਨਾਲ ਸਹਿਮਤ ਨਹੀਂ ਹਾਂ।” ਅਮਰੀਕਾ ਦੇ ਡਲਾਸ ਵਿੱਚ ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਕਹਿੰਦੀ ਹੈ ਕਿ ਭਾਰਤ ਇੱਕ ਵਿਚਾਰ ਹੈ, ਪਰ ਸਾਡਾ ਮੰਨਣਾ ਹੈ ਕਿ ਭਾਰਤ ਵਿਚਾਰਾਂ ਦੀ ਬਹੁਲਤਾ ਹੈ। ਭਾਰਤ ਕੋਲ ਹੁਨਰ ਦੀ ਘਾਟ ਨਹੀਂ ਪਰ ਹੁਨਰ ਲਈ ਸਨਮਾਨ ਨਹੀਂ ਹੈ। ਅਸਲ ਦੇ ਵਿੱਚ ਰਾਹੁਲ ਗਾਂਧੀ ਗੱਲਬਾਤ ਸਮੇਂ ਕਿਸੇ ਖਾਸ ਮੰਚ ਦੇ ਉੱਤੇ ਨੌਟੰਕੀ ਕਰਕੇ ਟਾਈਮ ਪਾਸ ਨਹੀਂ ਕਰ ਰਿਹਾ। ਉਸ ਕੋਲ ਮੁੱਦੇ ਹਨ, ਉਹ ਉਸ ’ਤੇ ਹੀ ਗੱਲ ਕਰਦਾ ਹੈ। ਤੇ ਸੱਚ ਤਾਂ ਇਹ ਹੈ ਕਿ ਰਾਹੁਲ ਗਾਂਧੀ ਭਾਜਪਾ ਦੇ ਸੰਕਲਪ ਨੂੰ ਭੰਨ ਰਿਹਾ ਹੈ। ਅਸਲ ਵਿੱਚ ਪੱਪੂ ਕਹੇ ਜਾਣ ਵਾਲੇ ਸਖ਼ਸ਼ ਦੇ ਵਿਚੋਂ ਨੇਤਾਗਿਰੀ ਝਲਕ ਰਹੀ ਹੈ ਪਰ ਨੇਤਾ ਕਹਾਉਣ ਵਾਲੇ ਦੇ ਵਿਚੋਂ ਨੇਤਾਗਿਰੀ ਫਿੱਕੀ ਪੈਂਦੀ ਦਿਖਾਈ ਦੇ ਰਹੀ ਹੈ।

**ਰਾਹੁਲ ਗਾਂਧੀ ਨੇ ਸਾਫ਼ ਕਿਹਾ ਕਿ “ ਮੈਨੂੰ ਨਰਿੰਦਰ ਮੋਦੀ ਨਾਲ ਕੋਈ ਨ਼ਫਰਤ ਨਹੀਂ ਹੈ, ਬੱਸ ਮੈਂ ਉਹਨਾਂ ਦੀ ਸੋਚ ਨਾਲ ਸਹਿਮਤ ਨਹੀਂ ਹਾਂ।” ਅਮਰੀਕਾ ਦੇ ਡਲਾਸ ਵਿੱਚ ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਕਹਿੰਦੀ ਹੈ ਕਿ ਭਾਰਤ ਇੱਕ ਵਿਚਾਰ ਹੈ, ਪਰ ਸਾਡਾ ਮੰਨਣਾ ਹੈ ਕਿ ਭਾਰਤ ਵਿਚਾਰਾਂ ਦੀ ਬਹੁਲਤਾ ਹੈ। ਭਾਰਤ ਕੋਲ ਹੁਨਰ ਦੀ ਘਾਟ ਨਹੀਂ ਪਰ ਹੁਨਰ ਲਈ ਸਨਮਾਨ ਨਹੀਂ ਹੈ। ਅਸਲ ਦੇ ਵਿੱਚ ਰਾਹੁਲ ਗਾਂਧੀ ਗੱਲਬਾਤ ਸਮੇਂ ਕਿਸੇ ਖਾਸ ਮੰਚ ਦੇ ਉੱਤੇ ਨੌਟੰਕੀ ਕਰਕੇ ਟਾਈਮ ਪਾਸ ਨਹੀਂ ਕਰ ਰਿਹਾ। ਉਸ ਕੋਲ ਮੁੱਦੇ ਹਨ, ਉਹ ਉਸ ’ਤੇ ਹੀ ਗੱਲ ਕਰਦਾ ਹੈ। ਤੇ ਸੱਚ ਤਾਂ ਇਹ ਹੈ ਕਿ ਰਾਹੁਲ ਗਾਂਧੀ ਭਾਜਪਾ ਦੇ ਸੰਕਲਪ ਨੂੰ ਭੰਨ ਰਿਹਾ ਹੈ। ਅਸਲ ਵਿੱਚ ਪੱਪੂ ਕਹੇ ਜਾਣ ਵਾਲੇ ਸਖ਼ਸ਼ ਦੇ ਵਿਚੋਂ ਨੇਤਾਗਿਰੀ ਝਲਕ ਰਹੀ ਹੈ ਪਰ ਨੇਤਾ ਕਹਾਉਣ ਵਾਲੇ ਦੇ ਵਿਚੋਂ ਨੇਤਾਗਿਰੀ ਫਿੱਕੀ ਪੈਂਦੀ ਦਿਖਾਈ ਦੇ ਰਹੀ ਹੈ।**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਹੁਲ ਗਾਂਧੀ ਨੂੰ ਜਿਸ ਵਿਸ਼ੇ ਬਾਰੇ ਬਹੁਤੀ ਜਾਣਕਾਰੀ ਨਹੀਂ ਹੁੰਦੀ, ਉਹ ਉਸ ’ਤੇ ਜ਼ਿਆਦਾ ਖੁੱਲ੍ਹ ਕੇ ਗੱਲਬਾਤ ਨਹੀਂ ਕਰਦੇ ਜਾਂ ਉਨ੍ਹਾਂ ਵਿਸ਼ਿਆਂ ਦੇ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਜਿਵੇਂ ਮੁਸਲਮਾਨਾਂ ਦੀ ਭੂਮਿਕਾ ਦੇ ਉੱਤੇ ਉਹ ਬਹੁਤੇ ਖੁੱਲ੍ਹ ਕੇ ਨਹੀਂ ਬੋਲੇ।

ਪਰ ਰਾਹੁਲ ਗਾਂਧੀ ਬਾਰੇ ਬੋਲਣ ਵਾਲਿਆਂ ਦੇ ਗੁਰੂ ਨੇ ਕੀ ਕੁਝ ਨਹੀਂ ਬੋਲਿਆ। ਚੀਨ, ਦੱਖਣੀ ਕੋਰੀਆ ਦੇ ਵਿੱਚ ਜਾ ਕੇ ਕਿਹਾ ਕਿ ਇਹ ਕੋਈ ਸਰਕਾਰ ਹੈ, ਅਸੀਂ ਭਾਰਤ ਵਿੱਚ ਪੈਦਾ ਹੀ ਕਿਉਂ ਹੋਏ। ਕੈਨੇਡਾ ਵਿੱਚ ਜਾ ਕੇ ਕਿਹਾ ਕਿ ਜੋ ਗੰਦਗੀ ਕਰਦੇ ਸੀ, ਉਹ ਗੰਦਗੀ ਕਰਕੇ ਚਲੇ ਗਏ, ਹੁਣ ਅਸੀਂ ਸਫਾਈ ਕਰਾਂਗੇ। ਲੰਡਨ ਵਿੱਚ ਬੈਠ ਕੇ ਭਾਰਤੀ ਡਾਕਟਰਾਂ ਦਾ ਅਪਮਾਨ ਕੀਤਾ ਗਿਆ। ਕੀ ਉਹ ਭਾਰਤ ਦੀ ਛਵੀ ਖ਼ਰਾਬ ਕਰਨਾ ਨਹੀਂ ਸੀ ? ਰਹੀ ਗੱਲ ਸਿੱਖ ਕੌਮ ਦੇ ਹੱਕ ਜਾਂ ਵਿਰੋਧ ਵਿੱਚ ਬੋਲਣ ਦੀ ਤਾਂ ਸਿੱਖਾਂ ਦੇ ਨਾਲ ਵਧੀਕੀਆਂ ਹਰ ਸਰਕਾਰ ਨੇ ਕੀਤੀਆਂ ਨੇ। ਅੱਜ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਾਂਗਰਸ ਤੇ ਭਾਜਪਾ ਸਿੱਖਾਂ ਵਿਰੁੱਧ ਅਣਮਨੁੱਖੀ ਅਪਰਾਧ ਕਰਨ ਦੇ ਲਈ ਬਰਾਬਰ ਦੇ ਦੋਸ਼ੀ ਨੇ ਪਰ ਭਲੇ ਮਾਣਸੋ ਜਿਹੜੀਆਂ ਸਿੱਖ ਕੌਮ ਦੀਆਂ ਜੜ੍ਹਾਂ ਤੁਸੀਂ ਪੋਲੀਆਂ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਧੱਕਾ ਤੁਸੀਂ ਸਿੱਖ ਕਹਾ ਕੇ ਸਿੱਖ ਕੌਮ ਨਾਲ ਕੀਤਾ ਹੈ, ਉਹ ਵੀ ਭੁੱਲਣਯੋਗ ਨਹੀਂ ਹੈ। ਸਿੱਖਾਂ ਨੇ ਤਾਂ ਬੇਘਰ ਹੋ ਕੇ ਤੇ ਭੁੱਖੇ ਢਿੱਡ ਅਬਦਾਲੀ ਨੂੰ ਪੰਜਾਬ ਵਿੱਚ ਟਿਕਣ ਨਹੀਂ ਸੀ ਦਿੱਤਾ ਹੁਣ ਤਾਂ ਉਹ ਘਰਾਂ ਬਾਰਾਂ ਵਾਲੇ ਨੇ। ਹੁਣ ਤਾਂ ਮਿਹਨਤ ਦੇ ਸਦਕਾ ਆਪਣੇ ਪੈਰਾਂ ’ਤੇ ਨੇ। ਇਹ ਉਹ ਸਿੱਖ ਕੌਮ ਹੈ, ਜਿਸ ਨੇ ਜੰਗਲ ਵਿੱਚ ਵੀ ਮੰਗਲ ਕੀਤਾ ਸੀ। ਸਿੱਖ ਕੌਮ ਨੂੰ ਕਿਸੇ ਤੋਂ ਵੀ ਕੋਈ ਖ਼ਤਰਾ ਨਹੀਂ। ਸਿੱਖਾਂ ਨੂੰ ਆਪਣੀ ਲੀਡਰਸ਼ਿਪ ਤੋਂ ਖ਼ਤਰਾ ਹੈ, ਜੋ ਸਰਕਾਰ ਦੀ ਬੋਲੀ ਬੋਲਦੀਆਂ ਨੇ ਤੇ ਕੌਮ ਦਾ ਪੱਖ ਸਹੀ ਤਰੀਕੇ ਨਾਲ ਸਰਕਾਰਾਂ ਦੇ ਸਾਹਮਣੇ ਨਹੀਂ ਰੱਖ ਰਹੀਆਂ। ਇਹ ਕੌਮ ਆਪਣੇ ਆਪ ਨੂੰ ਸੁਰਜੀਤ ਕਰਨਾ ਜਾਣਦੀ ਹੈ। ਸਿੱਖ ਪੰਥ ਚੜ੍ਹਦੀਕਲਾ ਦਾ ਪ੍ਰਤੀਕ ਹੈ।

# ਸਿੱਖ ਵਿੱਦਿਅਕ ਪਾਲਿਸੀ, ਗਿਆਨ ਸਿਲੇਬਸਾਂ ਤੇ ਬੋਰਡ ਦੀ ਲੋੜ ਕਿਉਂ?



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472



ਜਿਉਂਦੀਆਂ ਕੌਮਾਂ ਆਪਣਾ ਧਿਆਨ ਵਰਤਮਾਨ ਵਿੱਚ ਖਲੋ ਕੇ ਚਾਰ-ਚੁਫ਼ੇਰੇ ਘੁਮਾ ਕੇ ਆਪਣੇ ਚੰਗੇ ਭਵਿੱਖ ਦੀ ਤਲਾਸ਼ ਵੱਲ ਰੱਖਦੀਆਂ ਹਨ। ਸਿੱਖ ਕੌਮ ਤਾਂ ਸਾਡੇ ਸਤਿਗੁਰੂ ਜੀ ਨੇ ਅਕਾਲ ਪੁਰਖ ਵਾਹਿਗੁਰੂ ਜੀ ਦੀ ਮੌਜ ਵਿੱਚ ਪ੍ਰਗਟ ਕੀਤੀ ਹੈ ਤੇ ਅਗਵਾਈ ਲਈ ਸ਼ਬਦ ਗੁਰੂ (ਗਿਆਨ ਗੁਰੂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖ਼ਸ਼ਿਸ਼ ਕੀਤੀ ਹੈ। ਸਾਡੇ ਗੁਰੂ ਸਾਹਿਬ ਜੀ ਨੇ ਆਪਣੇ ਦਸਾਂ ਜਾਮਿਆਂ ਵਿੱਚ ਸਮਾਜ ਨੂੰ ਅਗਿਆਨਤਾ ਵਿੱਚੋਂ ਕੱਢਣ ਵਾਸਤੇ 'ਸ਼ਬਦ' ਦੀ ਸ਼ਕਤੀ ਨੂੰ ਹੀ ਜਗਤ ਸਾਹਮਣੇ ਅਹਿਮ ਢੰਗ ਨਾਲ ਵਰਤ ਕੇ ਉਜਾਗਰ ਕੀਤਾ ਹੈ।

ਸਮੇਂ ਦੇ ਉਹ ਟਿਕਾਣੇ ਜਿਨ੍ਹਾਂ ਦੇ ਮੋਢਿਆਂ 'ਤੇ ਸਮਾਜ ਨੂੰ ਗਿਆਨ ਵੰਡਣ ਦੀ ਵੱਡੀ ਜ਼ਿੰਮੇਵਾਰੀ ਸੀ ਤੇ ਉਹ ਆਪਣੀ ਪੂਜਾ ਪ੍ਰਤਿਸ਼ਠਤਾ ਕਰ ਕੇ ਗ਼ੈਰ ਜ਼ਿੰਮੇਵਾਰ ਹੋ ਗਏ ਸਨ, ਉਨਾਂ ਟਿਕਾਣਿਆਂ ਤੱਕ ਪਹੁੰਚ ਕਰ ਕੇ ਉਨ੍ਹਾਂ ਨੂੰ ਗਿਆਨ ਨਾ ਵੰਡਣ ਵਾਲੀ ਕੁਤਾਹੀ ਦਾ ਅਹਿਸਾਸ ਕਰਵਾ ਕੇ ਸਮਝਾਇਆ ਕਿ ਅੱਜ ਦੀ ਸਮਾਜਿਕ ਜਾਂ ਹੋਰ ਕਈ ਪ੍ਰਕਾਰ ਦੀ ਅਧੋਗਤੀ ਦੇ ਦੋਸ਼ੀ ਤੁਸੀਂ ਹੋ। ਤੁਸੀਂ ਖ਼ੁਦ ਨੂੰ ਤਾਂ ਗਿਆਨ ਵੰਤੇ ਬਣਾਉਣ ਦਾ ਮਨ ਹਠੀ ਕਰਮ ਕੀਤਾ ਪਰ ਸਮਾਜ ਨੂੰ ਗਿਆਨ ਦੇਣ ਵਾਲੇ ਖ਼ੁਦਾਈ ਕਰਮ ਨੂੰ ਪਿੱਠ ਦਿੱਤੀ ਹੈ। ਇੱਕੀਵੀਂ ਸਦੀ ਆ ਗਈ ਹੈ ਗੁਰੂ ਨਾਨਕ ਸਾਹਿਬ ਜੀ ਤਥਾ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਾਰਾ ਸੰਸਾਰ ਵੱਡਮੁੱਲੀ ਅਗਵਾਈ ਲੈ ਰਿਹਾ ਹੈ। ਇਹ ਸੰਸਾਰ ਦੇ ਸਾਹਮਣੇ ਆਟੇ ਵਿੱਚ ਲੂਣ ਮਨਿੰਦ ਕੌਮ ਵਿੱਦਿਆ ਕਰਕੇ ਵੱਡੀਆਂ ਕੌਮਾਂ ਦੇ ਮੁਕਾਬਲੇ ਵਿੱਚ ਖਲੌਤੀ ਆਪਣੇ ਗੁਰੂ ਜੀ ਦੀ ਗਿਆਨ ਰਹਿਮਤ ਦਾ ਵੱਡਾ ਪੈਗਾਮ ਦੇ ਰਹੀ ਹੈ। ਡੇਢ ਸੌ ਸਾਲ ਪਿੱਛੇ ਜਾ ਕੇ ਆਪਣੇ ਪੁਰਖਿਆਂ ਦੀ ਘਾਲਣਾ ਨੂੰ ਵਿੱਦਿਆ ਪੱਖੋਂ ਵੇਖੀਏ ਤਾਂ ਵਰਤਮਾਨ ਦੇ ਸਾਡੇ ਵਰਗੇ ਬੌਣੇ ਵਾਰਸਾਂ ਦੀਆਂ ਧੌਣਾਂ ਸ਼ਰਮਿੰਦਗੀ ਨਾਲ ਝੁਕ ਜਾਂਦੀਆਂ ਹਨ। ਸਿੰਘ ਸਭਾ ਲਹਿਰ ਦੇ ਉਨ੍ਹਾਂ ਮਹਾਨ ਸੂਰਬੀਰਾਂ ਨੂੰ ਹਮੇਸ਼ਾ ਆਪਣੀ ਸੁਰਤਿ ਸੋਚ ਵਿੱਚ ਵਸਾ ਕੇ ਰੱਖਣ ਦੀ ਲੋੜ ਹੈ। ਸਾਡੇ ਗੁਆਂਢ ਵਿੱਚ ਸਮਕਾਲੀਆਂ ਨੇ ਆਪਣੇ ਵੱਡ-ਵੱਡੇਰਿਆਂ ਦੀ ਘਾਲ ਨੂੰ ਸਾਡੇ ਨਾਲੋਂ ਕਈ ਗੁਣਾ ਬਿਹਤਰ ਸਾਂਭਿਆ ਹੈ। ਬਾਹਰੋਂ ਇੱਥੇ ਅੱਗ ਲੈਣ ਆਇਆਂ ਨੇ ਵੀ ਵਿੱਦਿਅਕ ਖੇਤਰ ਵਿੱਚ ਉੱਚੇ ਝੰਡੇ ਗੱਡ ਕੇ ਆਲੇ-ਦੁਆਲੇ ਦੇ ਸਮਾਜ ਨੂੰ ਪ੍ਰਭਾਵਿਤ ਕਰਨ ਲਈ ਲਗਾਤਾਰਤਾ ਬਣਾਈ ਹੋਈ ਹੈ। ਸਾਡੀਆਂ ਕੌਮੀ ਸੰਸਥਾਵਾਂ 'ਚੋਂ ਕਈ ਵਿੱਦਿਅਕ ਸੰਸਥਾਵਾਂ, ਕਈ-ਕਈ ਵਿੱਦਿਅਕ ਸੰਸਥਾਵਾਂ ਨੂੰ ਚਲਾਉਣ ਦਾ ਜ਼ਿੰਮਾ ਨਿਭਾ ਰਹੀਆਂ ਹਨ। ਸਭ ਦੀਆਂ ਸਭ ਗਨੀਮਤ ਹਨ। ਮੋਤੀ ਹਨ ਛੋਟੇ-ਵੱਡੇ! ਢੇਰ ਸਾਰੇ। ਕਈ ਥੋੜ੍ਹੇ-ਥੋੜ੍ਹੇ ਛੋਟੇ ਧਾਗਿਆਂ ਵਿੱਚ ਪਰੋ ਕੇ ਆਪੋ-ਆਪਣੀਆਂ ਉਂਗਲਾਂ ਦੁਆਲੇ ਸਜਾਏ ਹੋਏ ਹਨ। ਕੌਮ ਦੇ ਚੰਗੇ ਭਵਿੱਖ ਲਈ ਤੇ ਵਰਤਮਾਨ ਦੀ ਖ਼ੂਬਸੂਰਤੀ ਲਈ ਸਿੱਖ ਕੌਮ ਨੂੰ ਵਿੱਦਿਅਕ ਖੇਤਰ ਵਿੱਚ ਵੱਡੇ ਮਾਣਮੱਤੇ ਕਦਮ ਪੁੱਟਣ ਦਾ ਫੁਰਨਾ ਵੀ ਬੀਤੇ ਵਿੱਚ ਆਉਂਦਾ ਰਿਹਾ ਹੈ।

ਦੱਸਦੇ ਹਨ ਕਿ 1950-55 ਵਿੱਚ ਕੌਮ ਦਾ ਆਪਣਾ ਸਿੱਖ ਵਿੱਦਿਅਕ ਬੋਰਡ ਬਣਾਉਣ ਲਈ ਕੁਝ ਕੁ ਪਹਿਲਕਦਮੀਆਂ ਨੇ ਜਨਮ ਲਿਆ ਸੀ। ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ 500 ਸਾਲਾ ਆਗਮਨ ਦਿਹਾੜੇ ਮੌਕੇ ਸੰਸਾਰ ਭਰ ਵਿੱਚ ਵਿੱਦਿਅਕ ਸੰਸਥਾਵਾਂ ਦਾ ਮਾਣਮੱਤਾ ਜਾਲ਼ ਫੈਲਾਇਆ ਗਿਆ। ਫਿਰ ਸਿੰਘ ਸਭਾ ਲਹਿਰ ਦੇ 100 ਸਾਲਾ ਮੌਕੇ ਵੀ ਕੌਮੀ ਤੌਰ 'ਤੇ ਵਿੱਦਿਆ ਦੀ ਮਹੱਤਤਾ ਵੱਲ ਧਿਆਨ ਦਿੱਤਾ ਗਿਆ। ਚੀਫ ਖ਼ਾਲਸਾ ਦੀਵਾਨ ਵੱਲੋਂ ਨਿਰੰਤਰ ਵਿੱਦਿਅਕ ਕਾਨਫਰੰਸਾਂ ਦਾ ਸਿਲਸਿਲਾ ਜਾਰੀ ਰੱਖਿਆ ਗਿਆ। ਇਨ੍ਹਾਂ ਕਾਨਫਰੰਸਾਂ ਵਿੱਚ ਕੌਮ ਦੇ ਮੁਦੱਬਰ ਗੁਰਸਿੱਖ ਪਿਆਰਿਆਂ ਨੇ ਵੀ ਵਿੱਦਿਅਕ ਪੱਖੋਂ ਮਜ਼ਬੂਤੀ ਤੇ ਵਿੱਦਿਅਕ ਪ੍ਰਬੰਧਨ ਦੀ ਜੱਥੇਬੰਦਤਾ ਨੂੰ ਵਿਚਾਰ ਕੇਂਦਰ ਕਰਨ ਦੀ ਗੱਲ ਵੀ ਸਮੇਂ-ਸਮੇਂ ਖ਼ੂਬਸੂਰਤ ਢੰਗ ਨਾਲ ਆਖੀ। ਸੰਨ ਦੋ ਹਜ਼ਾਰ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਾਵਨ ਧਰਤੀ ਨੂੰ ਗੁਰੂ ਵਰਦਾਨ 'ਗੁਰੂ ਕੀ ਕਾਸ਼ੀ' ਵਿਖੇ 21-22 ਅਕਤੂਬਰ ਨੂੰ ਦੋ ਰੋਜ਼ਾ ਸਿੱਖ ਵਿੱਦਿਅਕ ਸੰਮੇਲਨ ਕੀਤਾ ਗਿਆ ਜਿਸ ਵਿੱਚ ਯੂਨੀਵਰਸਿਟੀਆਂ ਦੇ ਵਰਤਮਾਨ ਤੇ ਸਾਬਕਾ ਵੀਸੀ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਤੇ ਸਾਬਕਾ ਚੇਅਰਮੈਨ, ਖ਼ਾਲਸਾ ਕਾਲਜ ਸ੍ਰੀ ਅੰਮਿਜ਼ਸਰ, ਚੀਫ ਖ਼ਾਲਸਾ ਦੀਵਾਨ, ਸਿੱਖ ਵਿੱਦਿਅਕ ਸੁਸਾਇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਧਵਾਂ, ਸੁਧਾਰ, ਗੁਰਜ ਖਾਨ ਤੇ ਗੁਜਰਾਂਵਾਲਾ, ਲੁਧਿਆਣਾ ਵਿੱਦਿਅਕ ਸੰਸਥਾਵਾਂ, ਜਲੰਧਰ ਦੀਆਂ ਲਾਇਲਪੁਰ ਤੇ ਮਿੰਟਗੁੰਮਰੀ ਸੰਸਥਾਵਾਂ, ਪਟਿਆਲਾ ਦੀਆਂ ਸਿੱਖ ਵਿੱਦਿਅਕ ਸੰਸਥਾਵਾਂ, ਗੋਨਿਆਣਾ ਮੰਡੀ ਦੀਆਂ ਵਿੱਦਿਅਕ ਸੰਸਥਾਵਾਂ, ਹਰਿਆਣਾ ਦੀਆਂ ਸਿੱਖ ਵਿੱਦਿਅਕ ਸੰਸਥਾਵਾਂ, ਪੰਜਾਬੋਂ ਬਾਹਰ ਦੀਆਂ ਸਿੱਖ ਵਿੱਦਿਅਕ ਸੰਸਥਾਵਾਂ ਸ਼ਾਮਲ ਹੋਈਆਂ ਸਨ।

735-740 ਸਿੱਖ ਵਿੱਦਿਅਕ ਸੰਸਥਾਵਾਂ ਤੇ ਹੋਰ ਮਾਣਮੱਤੀਆਂ ਸੰਸਥਾਵਾਂ ਦੇ ਮੋਹਤਬਰ ਪ੍ਰਬੰਧਕ ਤੇ ਵਿੱਦਿਅਕ ਮੁਖੀ ਸ਼ਾਮਲ ਹੋਏ। ਉਸ ਮੌਕੇ ਗੁਰੂ ਕਾਸ਼ੀ ਦੀ ਧਰਤੀ 'ਤੇ ਸਿੱਖ ਕੌਮ ਦਾ ਪਹਿਲਾ ਸਿੱਖ ਵਿੱਦਿਅਕ ਮਾਰਚ ਗੁਰਦੁਆਰਾ ਮਹੱਲਸਰ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦੀਵਾਨ ਹਾਲ ਤੱਕ ਕੱਢਿਆ ਗਿਆ। ਕਲਮਾਂ ਦਾ ਵਿਸ਼ੇਸ਼ ਦਰਵਾਜ਼ਾ ਰਚਿਆ ਗਿਆ ਸੀ। ਯਾਦਗਾਰੀ ਗ ?ਥ ਤਿਆਰ ਕੀਤਾ ਗਿਆ। ਇਸ ਮਹਾਨ ਸਿੱਖ ਵਿੱਦਿਅਕ ਕਾਨਫਰੰਸ ਵਿਚ ਸਿੱਖ ਵਿੱਦਿਅਕ ਲਹਿਰ ਦੀ ਦੇਣ, ਵਰਤਮਾਨ ਸਮੇਂ ਸਿੱਖ ਵਿੱਦਿਅਕ ਅਦਾਰਿਆਂ ਦੀ ਦਸ਼ਾ ਤੇ ਦਿਸ਼ਾ 'ਤੇ ਭਰਪੂਰ ਵਿਚਾਰਾਂ ਹੋਈਆਂ। ਡਾਕਟਰ ਜਸਵੰਤ ਸਿੰਘ ਨੇਕੀ, ਡਾ. ਮਹਿੰਦਰ ਸਿੰਘ ਜੈਸੀਆਂ ਸ਼ਖ਼ਸੀਅਤਾਂ ਦਿੱਲੀ ਤੋਂ ਆਈਆਂ। ਪ ?ਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਸੰਸਥਾਵਾਂ ਅਤੇ ਖ਼ਾਸ ਕਰਕੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਜਥੇਦਾਰ ਸਾਹਿਬਾਨ ਦੀ ਮੌਜੂਦਗੀ ਮਹੱਤਵਪੂਰਨ ਰਹੀ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿੱਚ ਪਹਿਲੀ ਨਿਵੇਕਲੀ ਕੇਵਲ ਸਿੱਖ ਵਿੱਦਿਅਕ ਸੰਸਥਾਵਾਂ ਦੀ ਮਹੱਤਤਾ ਤੇ ਸੰਭਾਲ ਨੂੰ ਮੱਦੇ-ਨਜ਼ਰ ਰੱਖ ਕੇ ਕੀਤੀ ਗਈ ਸਿੱਖ ਵਿੱਦਿਅਕ ਕਾਨਫਰੰਸ ਸੀ।

ਇਸ ਕਾਨਫਰੰਸ ਵਿੱਚ ਸਿੱਖ ਵਿੱਦਿਅਕ ਸੰਸਥਾਵਾਂ ਦੇ ਤਾਲਮੇਲ, ਸਾਂਝ-ਸਹਿਯੋਗ ਲਈ ਸਿੱਖ ਵਿੱਦਿਅਕ ਫਾਊਂਡੇਸ਼ਨ ਦੀ ਸਥਾਪਨਾ ਦਾ ਐਲਾਨ ਹੋਇਆ। ਪੇਂਡੂ ਖੇਤਰ ਅੰਦਰ ਸਮੇਂ ਦੇ ਹਾਣ ਦੀਆਂ ਨਵੀਆਂ-ਨਵੀਆਂ ਸਿੱਖ ਵਿੱਦਿਅਕ ਸੰਸਥਾਵਾਂ ਆਰੰਭਣ ਦਾ ਮਤਾ ਕੀਤਾ ਗਿਆ। ਇਸ ਬੋਰਡ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ 'ਅਕਾਲ ਪੁਰਖ ਕੀ ਫ਼ੌਜ' ਜੱਥੇਬੰਦੀ ਰਾਹੀਂ ਸਰਦਾਰ ਜਸਵਿੰਦਰ ਸਿੰਘ ਤੇ ਸਹਿਯੋਗੀਆਂ ਰਾਹੀਂ ਤੇ ਹੋਰ ਸਿੱਖ ਸੰਸਥਾਵਾਂ ਦੇ ਮਿਲਵਰਤਨ ਨਾਲ ਸਿੱਖ ਵਿੱਦਿਅਕ ਪ੍ਰਬੰਧ ਦੀ ਬਿਹਤਰੀ ਤੇ ਆਪਸੀ ਤਾਲਮੇਲ ਦੀ ਮਜ਼ਬੂਤੀ ਲਈ ਬਹੁਤ ਸਾਰੇ ਉਪਰਾਲੇ ਨਿਰੰਤਰਤਾ ਵਿੱਚ ਕੀਤੇ ਗਏ। ਚੰਡੀਗੜ੍ਹ ਤੇ ਦਿੱਲੀ ਵਿਖੇ ਵੱਡੀਆਂ ਇਕੱਤਰਤਾਵਾਂ ਕੀਤੀਆਂ ਗਈਆਂ। ਬੈਂਗਲੂਰੂ, ਮੁੰਬਈ ਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਸਿੱਖ ਵਿੱਦਿਅਕ ਪ੍ਰਬੰਧ ਲਈ ਸਿੱਖ ਵਿੱਦਿਅਕ ਬੋਰਡ ਲਈ ਚੇਤਨਾ ਨੂੰ ਸਾਂਝ ਦਾ ਹਿੱਸਾ ਬਣਾ ਕੇ ਰੱਖਿਆ ਗਿਆ। ਜਦੋਂ 'ਅਕਾਲ ਪੁਰਖ ਕੀ ਫ਼ੌਜ' ਜੱਥੇਬੰਦੀ ਨੇ ਆਪਣਾ ਪੰਦਰਵਾਂ ਸਥਾਪਨਾ ਦਿਹਾੜਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਤਾਂ ਇਸ ਕੌਮੀ ਪੀੜਾ ਰੱਖਣ ਵਾਲੀ ਸੰਸਥਾ ਵੱਲੋਂ ਸਿੱਖ ਵਿੱਦਿਅਕ ਬੋਰਡ ਦੀਆਂ ਵੱਡੀਆਂ ਸੰਭਾਵਨਾ ਤਲਾਸ਼ਣ ਲਈ ਇੱਕ ਵਿਸ਼ੇਸ਼ ਸਮਾਗਮ ਕਰਵਾ ਕੇ ਵਰਤਮਾਨ ਤੇ ਭਵਿੱਖ ਦੀ ਪਹਿਰੇਦਾਰੀ ਕੀਤੀ ਗਈ। ਫਿਰ ਸਿੱਖ ਰਹਿਤ ਮਰਿਆਦਾ ਨੂੰ ਸਮਰਪਿਤ ਸੰਸਥਾਵਾਂ ਦੇ ਮੰਚ ਪੰਥਕ ਤਾਲਮੇਲ ਸੰਗਠਨ ਨੇ ਇਹ ਜ਼ਿੰਮੇਵਾਰੀ ਆਪ ਕਬੂਲ ਕੇ ਅੱਗੇ ਕਦਮ ਰੱਖੇ। ਦੋ ਸਾਲ ਪਹਿਲਾਂ ਹੀ ਸਿੱਖ ਵਿੱਦਿਅਕ ਬੋਰਡ ਦੀ ਰੂਪਰੇਖਾ ਤਥਾ ਪ੍ਰਬੰਧਕੀ ਜੁਗਤਿ ਸਿਰਜ ਕੇ ਕੰਮ ਕਰਨਾ ਆਰੰਭ ਹੋਇਆ ਹੈ। ਸਿੰਘ ਸਭਾ ਲਹਿਰ ਦੇ 150 ਸਾਲਾ ਸਮਾਗਮਾਂ ਮੌਕੇ ਪ ?ਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿੱਚ ਸਿੱਖ ਵਿੱਦਿਅਕ ਬੋਰਡ ਦੇ ਚੇਅਰਮੈਨ ਕਰਨਲ ਜਗਤਾਰ ਸਿੰਘ(ਮੁਲਤਾਨੀ) ਤੇ ਅਹੁਦੇਦਾਰ ਨਾਮਜ਼ਦ ਕਰ ਕੇ ਜ਼ਿੰਮੇਵਾਰੀਆਂ ਲਾਈਆਂ ਹਨ। ਇੱਕ ਸਿੱਖ ਵਿੱਦਿਅਕ ਕਮਿਸ਼ਨ ਵੀ ਡਾ. ਪੁਸ਼ਪਿੰਦਰ ਸਿੰਘ ਦੀ ਅਗਵਾਈ ਵਿੱਚ ਸਥਾਪਤ ਕੀਤਾ ਹੈ। ਸਿੱਖ ਵਿੱਦਿਅਕ ਬੋਰਡ ਦੇ ਸਕੱਤਰ ਜਨਰਲ ਦੀ ਪਲੇਠੀ ਜ਼ਿੰਮੇਵਾਰੀ ਸ. ਜਸਵਿੰਦਰ ਸਿੰਘ ਵਕੀਲ ਪ੍ਰਮੁੱਖ ਅਕਾਲ ਪੁਰਖ਼ ਕੀ ਫ਼ੌਜ ਜੱਥੇਬੰਦੀ ਤੇ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਹੈ।

ਸਿੱਖ ਵਿੱਦਿਅਕ ਬੋਰਡ ਦਾ ਮੁੱਖ ਦਫ਼ਤਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸੈਕਟਰ 28-ਏ ਵਿਖੇ ਕੰਮ ਕਰ ਰਿਹਾ ਹੈ। ਇਸ ਦੇ ਖੇਤਰੀ ਦਫ਼ਤਰ ਸ੍ਰੀ ਅੰਮ੍ਰਿਤਸਰ, ਬਠਿੰਡਾ ਤੇ ਲੁਧਿਆਣਾ ਵਿਖੇ ਕੰਮ ਕਰਨਗੇ। ਇੱਕ ਦਫ਼ਤਰ ਦਿੱਲੀ ਵਿਖੇ ਵੀ ਬਣਾਇਆ ਜਾਵੇ, ਇਹ ਵਿਓਂਤ ਅਧੀਨ ਹੈ। ਵਿਦੇਸ਼ੀ ਧਰਤੀ ਆਕਸਫੋਰਡ ਯੂਨੀਅਨ ਖੇਤਰ 'ਚ ਖੋਲ੍ਹਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਹ ਸਿੱਖ ਵਿੱਦਿਅਕ ਬੋਰਡ ਕਿਵੇਂ ਕੰਮ ਕਰੇਗਾ ਤੇ ਕੀ-ਕੁਝ ਕਰੇਗਾ, ਥੋੜ੍ਹੇ ਸਮੇਂ 'ਚ ਸਿੱਖ ਸੰਗਤਾਂ ਤੱਕ ਭੇਜ ਦਿੱਤਾ ਜਾਵੇਗਾ। ਇਸ ਸਿੱਖ ਵਿੱਦਿਅਕ ਬੋਰਡ ਰਾਹੀਂ ਕੌਮਾਂਤਰੀ ਪੱਧਰ 'ਤੇ ਕੰਮ ਦੀ ਵਿਓਂਤ ਹੈ। ਪੂਰੇ ਸਿੱਖ ਜਗਤ ਦੀਆਂ ਸਿੱਖ ਵਿੱਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ, ਵਿੱਦਿਅਕ ਮਾਹਿਰਾਂ ਤੇ ਸੰਗਤਾਂ ਪਾਸੋਂ ਸਹਿਯੋਗ ਲਿਆ ਜਾ ਰਿਹਾ ਹੈ।

# ਨਵੀਂ ਆਰਥਿਕ ਨੀਤੀ ਬਨਾਮ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ



ਡਾ. ਸੁੱਚਾ ਸਿੰਘ ਗਿੱਲ



ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਅਰਥਚਾਰੇ ਅੰਦਰ ਕਾਰਪੋਰੇਟ ਕੰਪਨੀਆਂ ਦਾ ਜ਼ਬਰਦਸਤ ਉਭਾਰ ਦੇਖਣ ਨੂੰ ਮਿਲਿਆ ਹੈ। ਹਾਲਾਂਕਿ 1956 ਦੇ ਸਨਅਤੀ ਨੀਤੀ ਮਤੇ ਵਿੱਚ ਸਟੀਲ, ਭਾਰੀਆਂ ਸਨਅਤਾਂ, ਮਸ਼ੀਨ ਨਿਰਮਾਣ ਖੇਤਰ, ਧਾਤੂ ਵਿਗਿਆਨ, ਰੱਖਿਆ ਆਦਿ ਖੇਤਰਾਂ ਵਿੱਚ ਮੋਹਰੀ ਉਚਾਈਆਂ ਜਨਤਕ ਖੇਤਰ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ ਜਦੋਂਕਿ ਪ੍ਰਾਈਵੇਟ ਕੰਪਨੀਆਂ ਖਪਤਕਾਰ ਵਸਤਾਂ ਅਤੇ ਬੈਂਕਿੰਗ ਕਾਰੋਬਾਰਾਂ ਵਿੱਚ ਤਰੱਕੀ ਕਰਨ ਦੇ ਯੋਗ ਸਨ।

ਲਾਇਸੈਂਸਿੰਗ ਪ੍ਰਣਾਲੀ ਦਾ ਜਾਇਜ਼ਾ ਲੈਣ ਅਤੇ ਇਸ ਦੇ ਕੰਮਕਾਜ ਵਿੱਚ ਸੁਧਾਰ ਲਿਆਉਣ ਲਈ ਸਿਫ਼ਾਰਸ਼ਾਂ ਕਰਨ ਵਾਸਤੇ 1960ਵਿਆਂ 'ਚ ਆਰ ਕੇ ਹਜ਼ਾਰੀ ਕਮੇਟੀ ਅਤੇ ਐੱਸ ਦੱਤ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਨ੍ਹਾਂ ਕਮੇਟੀਆਂ ਨੇ ਪਾਇਆ ਸੀ ਕਿ ਵੱਡੇ ਕਾਰੋਬਾਰੀ ਘਰਾਣਿਆਂ ਨਾਲ ਸਬੰਧਿਤ ਕੰਪਨੀਆਂ ਨੇ ਵਿਵਸਥਾ/ਸਿਸਟਮ ਦੀ ਉਲੰਘਣਾ ਕੀਤੀ ਅਤੇ ਇਸ ਦੀ ਦੁਰਵਰਤੋਂ ਕੀਤੀ ਸੀ; ਇਹ ਕੰਪਨੀਆਂ ਸਰਕਾਰੀ ਖੇਤਰ ਲਈ ਰਾਖਵੇਂ ਕੀਤੇ ਗਏ ਰੱਖਿਆ ਜਿਹੇ ਖੇਤਰਾਂ ਵਿੱਚ ਲਾਇਸੈਂਸ ਹਾਸਲ ਕਰਨ 'ਚ ਕਾਮਯਾਬ ਹੋ ਗਈਆਂ ਸਨ। ਇਸ ਤੋਂ ਇਲਾਵਾ ਵੱਡੇ ਕਾਰੋਬਾਰੀ ਘਰਾਣਿਆਂ ਦੀ ਮਾਲਕੀ ਵਾਲੀਆਂ ਕੰਪਨੀਆਂ ਲਘੂ ਅਤੇ ਦਰਮਿਆਨੀਆਂ ਕੰਪਨੀਆਂ ਲਈ ਰਾਖਵੇਂ ਕੀਤੇ ਗਏ ਖੇਤਰਾਂ ਵਿੱਚ ਵੀ ਲਾਇਸੈਂਸ ਲੈ ਗਈਆਂ। ਇਹ ਪਾਇਆ ਗਿਆ ਕਿ ਗ਼ੈਰ-ਲਾਜ਼ਮੀ ਵਸਤਾਂ ਦੇ ਵਰਗ ਦੀਆਂ 70 ਆਈਟਮਾਂ ਵਿੱਚ ਵਿਦੇਸ਼ੀ ਭਿਆਲੀ ਦੀ ਆੜ ਹੇਠ ਕਾਰੋਬਾਰੀ ਘਰਾਣਿਆਂ ਦੀਆਂ ਕੰਪਨੀਆਂ ਨੂੰ ਲਾਇਸੈਂਸ ਦੇ ਦਿੱਤੇ ਗਏ। ਇਸ ਦੇ ਮੱਦੇਨਜ਼ਰ, ਭਾਰਤ ਸਰਕਾਰ ਨੇ 1969 ਵਿੱਚ ਅਜ਼ਾਰੇਦਾਰੀ ਅਤੇ ਗ਼ਲਤ ਵਪਾਰਕ ਰੀਤਾਂ ਦੀ ਰੋਕਥਾਮ ਲਈ ਮਨੌਪਲੀਜ਼ ਐਂਡ ਰਿਸਟ੍ਰਿਕਟਿਵ ਟਰੇਡ ਪ੍ਰੈਕਟਿਸਜ਼ ਐਕਟ ਬਣਾਇਆ। ਇਸ ਐਕਟ ਮੁਤਾਬਿਕ 20 ਕਰੋੜ ਰੁਪਏ ਜਾਂ ਇਸ ਤੋਂ ਵੱਧ ਅਸਾਸੇ ਰੱਖਣ ਵਾਲੀ ਕਿਸੇ ਵੀ ਕੰਪਨੀ/ਕਾਰੋਬਾਰੀ ਘਰਾਣੇ ਨੂੰ ਅਜ਼ਾਰੇਦਾਰ ਗਿਣਿਆ ਜਾਂਦਾ ਸੀ। ਇਹੋ ਜਿਹੀ ਕਿਸੇ ਕੰਪਨੀ ਜਾਂ ਕਾਰੋਬਾਰੀ ਘਰਾਣੇ ਨੂੰ ਹੋਰ ਵਿਸਤਾਰ ਜਾਂ ਨਵੇਂ ਉੱਦਮ ਖੋਲ੍ਹਣ ਲਈ ਲਾਇਸੈਂਸ ਦੇਣ ਤੋਂ ਮਨਾਹੀ ਕੀਤੀ ਗਈ। 1985 ਵਿੱਚ ਇਹ ਹੱਦ ਵਧਾ ਕੇ 100 ਕਰੋੜ ਰੁਪਏ ਕਰ ਦਿੱਤੀ ਗਈ। ਲਾਇਸੈਂਸਿੰਗ ਪ੍ਰਣਾਲੀ ਦੇ ਖਾਤਮੇ ਨਾਲ ਅਸਾਸਿਆਂ ਦੀ ਇਹ ਹੱਦ ਅਤੇ ਅਜ਼ਾਰੇਦਾਰ ਘਰਾਣਿਆਂ ਦੀ ਪਰਿਭਾਸ਼ਾ ਵੀ ਨਿਰਾਰਥਕ ਹੋ ਕੇ ਰਹਿ ਗਈ।

ਵਿਦੇਸ਼ੀ ਮੁਦਰਾ ਸੰਕਟ ਦੇ ਮੱਦੇਨਜ਼ਰ, 1991 ਵਿੱਚ ਨੀਤੀਗਤ ਤਬਦੀਲੀਆਂ ਦਾ ਇੱਕ ਪੈਕੇਜ ਲਿਆਂਦਾ ਗਿਆ। ਇਸੇ ਨੂੰ ਨਵੀਂ ਆਰਥਿਕ ਨੀਤੀ ਦਾ ਨਾਂ ਦਿੱਤਾ ਗਿਆ ਜਿਸ ਦੀ ਪਛਾਣ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਵਜੋਂ ਹੋਈ। ਇਹ ਸਭ ਕੁਝ ਇਸ ਲਈ ਕੀਤਾ ਗਿਆ ਤਾਂ ਕਿ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਆਪਣੇ ਕਾਰੋਬਾਰਾਂ ਦਾ ਵਿਸਤਾਰ ਕਰ ਸਕਣ ਅਤੇ ਵਿਦੇਸ਼ੀ ਪੂੰਜੀ ਨਾਲ ਖੁੱਲ੍ਹ ਕੇ ਵਿਚਰ ਸਕਣ। ਇਸ ਨਾਲ ਭਾਰਤ ਵਿੱਚ ਇਨ੍ਹਾਂ ਕੰਪਨੀਆਂ ਦਾ ਦਬਦਬਾ ਵੀ ਵਧ ਗਿਆ।

ਨੈਸ਼ਨਲ ਅਕਾਊਂਟ ਸਟੈਟਿਸਟਿਕ ਮੁਤਾਬਿਕ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿੱਚ ਕਾਰਪੋਰੇਟ ਕੰਪਨੀਆਂ ਦੀ ਹਿੱਸੇਦਾਰੀ 40 ਫ਼ੀਸਦ ਵਧੀ ਹੈ। ਪੈਰਿਸ ਸਕੂਲ ਆਫ ਇਕੋਨੌਮਿਕਸ ਦੀ ਵਰਲਡ ਇਨਇਕੁਐਲਿਟੀ ਰਿਪੋਰਟ ਜੋ ਕਿ ਥੌਮਸ ਪਿਕੇਟੀ ਅਤੇ ਹੋਰਨਾਂ ਨੇ ਤਿਆਰ ਕੀਤੀ ਹੈ, ਵਿੱਚ ਇਹ ਗੱਲ ਸਾਹਮਣੇ ਆਈ ਕਿ ਭਾਰਤ ਦੀ 40.1 ਫ਼ੀਸਦੀ ਦੌਲਤ ਇੱਕ ਫ਼ੀਸਦੀ ਲੋਕਾਂ ਕੋਲ ਆ ਗਈ ਹੈ। ਨਤੀਜਤਨ, ਅਰਬਪਤੀਆਂ ਦੀ ਸੰਖਿਆ ਜੋ ਕਿ 1991 ਵਿੱਚ ਮਹਿਜ਼ ਇੱਕ ਸੀ, 2022 ਵਿੱਚ ਵਧ ਕੇ 162 'ਤੇ ਪਹੁੰਚ ਗਈ ਹੈ। ਫੋਰਬਸ ਗਲੋਬਲ ਲਿਸਟ ਆਫ ਬਿਲੀਅਨੇਅਰਜ਼ ਵਿੱਚ ਦਰਸਾਇਆ ਗਿਆ ਹੈ ਕਿ ਭਾਰਤੀ ਅਰਬਪਤੀਆਂ ਦੀ ਸੰਖਿਆ 200 ਹੋ ਗਈ ਹੈ। ਦੂਜੇ ਪਾਸੇ, 140 ਕਰੋੜ ਲੋਕਾਂ 'ਚੋਂ 80 ਕਰੋੜ ਲੋਕ ਸਰਕਾਰ ਵੱਲੋਂ ਦਿੱਤੇ ਜਾਂਦੇ ਮੁਫ਼ਤ ਅਨਾਜ 'ਤੇ ਨਿਰਭਰ ਹਨ।

ਕਾਰਪੋਰੇਟ ਕੰਪਨੀਆਂ ਦੀ ਅਰਥਚਾਰੇ 'ਤੇ ਜਕੜ ਪੀਢੀ ਹੋਣ ਕਰ ਕੇ ਉਨ੍ਹਾਂ ਨੇ ਆਪਣੇ ਕਾਰੋਬਾਰ ਬਹੁਤ ਸਾਰੇ ਖੇਤਰਾਂ ਵਿੱਚ ਵਧਾ ਲਏ ਹਨ। ਉਹ ਸਨਅਤੀ ਉਤਪਾਦਨ, ਉਤਪਾਦਾਂ ਦੀ ਵੰਡ, ਫ਼ਲ ਤੇ ਸਬਜ਼ੀਆਂ, ਦੂਰਸੰਚਾਰ, ਸੜਕਾਂ, ਹਵਾਈ ਅੱਡੇ, ਬੰਦਰਗਾਹਾਂ, ਟੀਵੀ ਚੈਨਲਾਂ ਅਤੇ ਅਖ਼ਬਾਰਾਂ ਆਦਿ ਨੂੰ ਕੰਟਰੋਲ ਕਰਨ ਲੱਗ ਪਈਆਂ ਹਨ। ਇਨ੍ਹਾਂ ਘਰਾਣਿਆਂ ਦਾ ਕਿਰਦਾਰ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਅਜ਼ਾਰੇਦਾਰ ਮੁਖੀ ਹੈ। ਉਨ੍ਹਾਂ ਉਪਜ ਦੀਆਂ ਸਪਲਾਈ ਕੀਮਤਾਂ ਜਾਂ ਛੋਟੇ ਕਾਰੋਬਾਰਾਂ ਤੇ ਖੇਤੀਬਾੜੀ ਤੋਂ ਲਾਗਤਾਂ ਦੀਆਂ ਖਰੀਦ ਕੀਮਤਾਂ ਮਿੱਥਣ ਲਈ ਮਿਲੀਭੁਗਤ ਕੀਤੀ। ਇਨ੍ਹਾਂ ਫਰਮਾਂ ਨੇ ਵਰਕਰਾਂ ਤੇ ਮੁਲਾਜ਼ਮਾਂ ਨੂੰ ਘੱਟ ਉਜਰਤਾਂ/ਤਨਖ਼ਾਹਾਂ ਦਿੱਤੀਆਂ। ਮੰਡੀ ਦੀ ਤਾਕਤ ਵਰਤ ਕੇ, ਉਨ੍ਹਾਂ ਸਪਲਾਇਰਾਂ ਵਜੋਂ ਉੱਚੀਆਂ ਕੀਮਤਾਂ ਮੰਗੀਆਂ ਤੇ ਲਾਗਤਾਂ ਲਈ ਘੱਟ ਕੀਮਤਾਂ ਅਦਾ ਕੀਤੀਆਂ ਤਾਂ ਕਿ ਜ਼ਿਆਦਾ ਲਾਭ ਕਮਾਇਆ ਜਾ ਸਕੇ। ਇਨ੍ਹਾਂ ਫਰਮਾਂ ਨੇ ਕਰਜ਼ਾ ਮੁਕਤੀ ਦੇ ਰੂਪ 'ਚ ਕਾਫ਼ੀ ਲਾਭ ਲਿਆ ਹੈ ਤੇ ਸਰਕਾਰ ਨੇ ਵੀ ਰਿਆਇਤਾਂ ਦੇ ਰੂਪ ਵਿੱਚ ਵੱਡੀਆਂ ਸਬਸਿਡੀਆਂ ਦਿੱਤੀਆਂ ਹਨ। ਇਨ੍ਹਾਂ ਸੰਯੁਕਤ ਸਕੱਤਰ ਪੱਧਰ 'ਤੇ 'ਲੇਟਰਲ ਐਂਟਰੀ' ਰਾਹੀਂ ਸਰਕਾਰ 'ਚ ਘੁਸਪੈਠ ਕੀਤੀ ਤੇ ਸਿਆਸੀ ਪਾਰਟੀਆਂ ਨੂੰ ਚੋਣ ਫੰਡ ਵੀ ਵੱਡੇ ਪੱਧਰ ਉਤੇ ਦਿੱਤਾ। ਇਸ ਤਰ੍ਹਾਂ, ਕਾਰਪੋਰੇਟ ਸੈਕਟਰ ਦਾ ਗ਼ਲਬਾ ਅਰਥਚਾਰੇ ਤੋਂ ਲੈ ਕੇ ਪ੍ਰਸ਼ਾਸਨ ਤੱਕ ਅਤੇ ਅੱਗੇ ਸਿਆਸਤ ਤੱਕ ਫੈਲ ਗਿਆ। ਕੇਂਦਰ ਦੀ ਸੱਤਾਧਾਰੀ ਪਾਰਟੀ ਤੇ ਕਾਰਪੋਰੇਟ ਫਰਮਾਂ ਵਿਚਾਲੇ ਇੱਕ ਗੱਠਜੋੜ ਉੱਭਰਿਆ ਹੈ।


ਵੱਡੇ ਕਾਰੋਬਾਰਾਂ ਦੇ ਕੰਮਕਾਜ ਦਾ ਦਾਇਰਾ ਵਧਣ ਦੇ ਨਾਲ ਹੀ ਉਨ੍ਹਾਂ ਮੁਲਕ ਵਿੱਚ ਸੰਵਾਦ ਦੀਆਂ ਸ਼ਰਤਾਂ ਜਾਂ ਵਿਚਾਰ-ਚਰਚਾ ਦਾ ਏਜੰਡਾ ਤੈਅ ਕਰਨਾ ਸ਼ੁਰੂ ਕਰ ਦਿੱਤਾ।

(ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਅਰਾਜਕਤਾ ਤੇ ਅਨਾਰਕੀ ਦਾ ਜ਼ਿੰਮੇਵਾਰ ਕੌਣ ?



ਡਾ. ਧਰਮਪਾਲ ਸਾਹਿਲ



ਬੀਤੇ ਦਿਨੀਂ ਆਕਾਸ਼ਵਾਣੀ ਦੇ ਪ੍ਰੋਡਿਊਸਰ ਨੇ ਮੇਰੇ ਨਾਲ ਫ਼ਿਕਰਮੰਦ ਹੁੰਦਿਆਂ ਕਿਹਾ, 'ਅੱਜ ਕੱਲ੍ਹ ਕੋਈ ਵੀ ਕਵੀ ਪੰਜਾਬ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ 'ਤੇ ਕਵਿਤਾ ਲਿਖ ਕੇ ਨਹੀਂ ਲਿਆਉਂਦਾ। ਸਾਡੇ ਕਵੀਆਂ ਨੇ ਤਾਂ ਆਪਣੇ ਪੰਜਾਬ ਨੂੰ ਵਿਸਾਰ ਹੀ ਦਿੱਤਾ ਹੈ।' ਨਵੀਂ ਪੀੜ੍ਹੀ ਨੂੰ ਆਪਣੇ ਪੰਜਾਬ ਬਾਰੇ ਕਿਵੇਂ ਪਤਾ ਲੱਗੇਗਾ ? ਇਸ ਗੱਲ ਤੋਂ ਪ੍ਰੇਰਿਤ ਹੋ ਕੇ ਮੈਂ ਪੰਜਾਬ ਬਾਰੇ ਕੁਝ ਲਿਖਣ ਦੀ ਕੋਸ਼ਿਸ਼ ਕੀਤੀ। ਮੈਨੂੰ ਗੁਰੂਆਂ ਪੀਰਾਂ, ਫ਼ਕੀਰਾਂ, ਸੂਰਬੀਰਾਂ, ਸ਼ਹੀਦਾਂ, ਲਾਸਾਨੀ ਯੋਧਿਆਂ ਦੀ ਤੇ ਪੰਜਾਂ ਦਰਿਆਵਾਂ ਦੀ ਉਪਜਾਊ ਧਰਤੀ ਵਾਲਾ ਪੰਜਾਬ ਕਿਧਰੇ ਵੀ ਨਜ਼ਰ ਨਾ ਆਇਆ। ਮੈਨੂੰ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਫ਼ਲਸਫ਼ੇ 'ਤੇ ਤੁਰਦਾ ਕੋਈ ਨਹੀਂ ਜਾਪਿਆ। ਦਸਾਂ ਗੁਰੂਆਂ ਦੇ ਆਦਰਸ਼ਾਂ ਅਤੇ ਕੁਰਬਾਨੀਆਂ 'ਤੇ ਪਹਿਰਾ ਦਿੰਦਾ ਕੋਈ ਸੱਚਾ ਪੰਜਾਬੀ ਦਿਖਾਈ ਨਾ ਦਿੱਤਾ। 1947 ਦੀ ਵੰਡ ਮਗਰੋਂ ਪੰਜ ਦਰਿਆ ਵੀ ਕਿਧਰੇ ਵਗਦੇ ਨਹੀਂ ਜਾਪੇ। ਮੈਨੂੰ ਤਾਂ ਪੰਜਾਬੀ ਬਾਣਾ, ਪੰਜਾਬੀ ਖਾਣਾ, ਗੁਰੂਆਂ ਦੀ ਬਾਣੀ ਅਤੇ ਦਰਿਆਵਾਂ ਦੇ ਪਾਣੀ ਤੋਂ ਸੱਖਣਾ ਪੰਜਾਬ ਦਿਖਾਈ ਦਿੱਤਾ।

'ਏਕ ਨੂਰ ਤੇ ਸਭ ਜਗ ਉਪਜਿਆ' 'ਤੇ ਅਮਲ ਕਰਦਾ ਕੋਈ ਕਿਰਦਾਰ ਨਾ ਮਿਲਿਆ। ਮੈਂ ਨਵੀਂ ਪੀੜ੍ਹੀ ਲਈ ਹਸਦੇ, ਵਸਦੇ, ਨੱਚਦੇ, ਟੱਪਦੇ, ਖੁਸ਼ਹਾਲ ਤੇ ਹਰ ਪੱਖੋਂ ਸੁਰੱਖਿਅਤ ਪੰਜਾਬ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਉਸਦਾ ਤਾਂ ਕਿਧਰੇ ਝਲਕਾਰਾ ਵੀ ਨਾ ਪਿਆ। ਮੈਂ ਮਹਾਰਾਜਾ ਰਣਜੀਤ ਸਿੰਘ ਵਾਲਾ ਪ੍ਰਫੁੱਲਿਤ ਪੰਜਾਬ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਿਹਾ। ਪੰਜਾਬ ਜਿਹੜਾ ਭਾਰਤ ਦਾ ਅੰਨਦਾਤਾ, ਭਾਰਤ ਦਾ ਤਾਜ ਤੇ ਪਹਿਰੇਦਾਰ ਕਰਕੇ ਜਾਣਿਆ ਜਾਂਦਾ ਸੀ। ਜਿੱਥੇ ਹਰੀ ਤੇ ਚਿੱਟੀ ਕ੍ਰਾਂਤੀ ਨੇ ਸਭ ਤੋਂ ਪਹਿਲਾਂ ਪੈਰ ਪਸਾਰੇ। ਵੇਖਦੇ ਹੀ ਵੇਖਦੇ ਸਾਰਾ ਕੁਝ ਅਲੋਪ ਹੁੰਦਾ ਗਿਆ। ਇਸ ਪੰਜਾਬ ਤੋਂ ਤਾਂ ਪੰਜਾਬੀਆਂ ਦਾ ਮੋਹ ਹੀ ਭੰਗ ਹੋ ਚੁੱਕਿਆ ਹੈ। ਸਾਥੋਂ ਅਗਲੀ ਪੀੜ੍ਹੀ ਨੂੰ ਅਸੀਂ ਆਪ ਆਪਣੇ ਹੱਥੀਂ ਜਲਾਵਤਨੀ ਦਾ ਸਰਾਪ ਦੇ ਰਹੇ ਹਾਂ। ਉਨ੍ਹਾਂ ਦੀ ਥਾਂ ਪ੍ਰਵਾਸੀਆਂ ਨੇ ਮੱਲ ਲਈ ਹੈ। ਅੰਨਦਾਤਾ ਕਹਾਉਣ ਵਾਲੇ ਪੰਜਾਬ ਵਾਸੀ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਆਟਾ-ਦਾਲ, ਮੁਫ਼ਤ ਬਸ ਸਫ਼ਰ ਲਈ ਮੁਫ਼ਤਖੋਰ ਬਣ ਗਏ ਹਨ। ਸਿਆਸਤਦਾਨ ਸਾਡੀ ਇਸ ਕਮਜ਼ੋਰੀ ਦਾ ਫਾਇਦਾ ਉਠਾ ਕੇ ਸਾਨੂੰ ਮੰਗਤੇ ਬਣਾਉਣ 'ਤੇ ਤੁਲੇ ਹੋਏ ਹਨ। ਭੇਡਾਂ ਨੂੰ ਵੋਟਾਂ ਬਦਲੇ ਕੰਬਲ ਦੇਣ ਦਾ ਲਾਰਾ ਲਾ ਕੇ ਉਨ੍ਹਾਂ ਨੂੰ ਹੀ ਮੁੰਨਿਆ ਜਾ ਰਿਹਾ ਹੈ। ਪੰਜਾਬ ਵਿੱਚ 'ਚਿੱਟੇ' ਦੀ ਕ੍ਰਾਂਤੀ ਆਈ ਹੋਈ ਹੈ। ਜਿਸ ਵਿੱਚ ਪੰਜਾਬ ਦੀ ਬਚੀ ਖੁਚੀ ਜਵਾਨੀ ਗ਼ਰਕ ਹੋ ਰਹੀ ਹੈ।

ਨਸ਼ਾ ਰੋਕਣ ਦਾ ਹੋਕਾ ਦੇਣ ਵਾਲੀ ਸਰਕਾਰ ਸ਼ਰਾਬ ਦੀ ਆਮਦਨ ਨਾਲ ਆਪਣਾ ਖਰਚ ਚਲਾ ਰਹੀ ਹੈ। ਪੰਜਾਬ ਵਿੱਚ ਜੰਮਦੇ ਬੱਚੇ ਸਿਰ ਲਗਭਗ ਤਿੰਨ ਲੱਖ ਦਾ ਕਰਜ਼ਾ ਹੈ। ਇੱਥੇ ਡਰੱਗ ਮਾਫੀਆ, ਰੇਤ ਮਾਫੀਆ, ਭੂ ਮਾਫੀਆ, ਜੰਗਲ ਮਾਫੀਆ, ਸ਼ਰਾਬ ਮਾਫੀਆ ਦਾ ਰਾਜ ਹੈ। ਡੇਰਾਵਾਦ ਤੇ ਗੈਂਗਸਟਰਵਾਦ ਸਿਖ਼ਰ 'ਤੇ ਹੈ। ਏਥੋਂ ਦੀਆਂ ਫ਼ਸਲਾਂ ਅਤੇ ਨਸਲਾਂ ਦੋਵੇਂ ਹੀ ਬਰਬਾਦ ਹੋ ਰਹੀਆਂ ਹਨ। ਪੰਜਾਬ ਦੀ ਪਵਿੱਤਰ ਧਰਤੀ ਪ੍ਰਦੂਸ਼ਣ ਦੇ ਜ਼ਹਿਰ ਨਾਲ ਬੰਜਰ ਕਰ ਛੱਡੀ ਹੈ। ਜ਼ਮੀਨ ਹੇਠਲਾ ਪਾਣੀ ਖ਼ਤਮ ਹੋਣ ਦੇ ਕੰਢੇ ਹੈ। ਦਇਆ ਸੁੰਗੜ ਗਈ ਹੈ। ਪਹਾੜੀ ਚੋਅ ਬੰਦ ਹੋਣ ਮਗਰੋਂ ਭੂ ਮਾਫੀਆ ਦੇ ਕਬਜ਼ੇ ਵਿੱਚ ਚਲੇ ਗਏ ਹਨ। ਲੋਕਾਂ ਦੇ ਮਸਲੇ ਏਨੇ ਉਲਝ ਗਏ ਹਨ ਕਿ ਕਦੋਂ ਕਿਸ ਸੜਕ, ਕਿਸ ਰੇਲ ਟਰੈਕ 'ਤੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ ਜਾਵੇ, ਕੋਈ ਪਤਾ ਨਹੀਂ। ਇੰਝ ਪੰਜਾਬ ਦਾ ਕਿੰਨਾ ਹੀ ਆਰਥਿਕ ਨੁਕਸਾਨ ਹੋ ਗਿਆ ਹੈ, ਪੰਜਾਬ ਦਾ ਉਦਯੋਗ ਤਬਾਹ ਹੋਣ ਦੇ ਕੰਢੇ ਹੈ। ਨਿੱਤ ਦੀਆਂ ਹੜਤਾਲਾਂ ਧਰਨੇ ਪ੍ਰਦਰਸ਼ਨਾਂ ਨੇ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਸਰਕਾਰ ਨੂੰ ਸਿਆਸਤ ਕਰਨ ਤੋਂ ਵਿਹਲ ਨਹੀਂ ਹੈ। ਸਰਕਾਰ ਪੰਜਾਬ ਦੇ ਲੋਕਾਂ ਨੇ ਬਣਾਈ ਹੈ, ਉਸ ਨੂੰ ਚਲਾ ਦਿੱਲੀ ਵਾਲਾ ਰਿਹਾ ਹੈ। ਧੀ-ਭੈਣ ਦੀ ਇੱਜ਼ਤ ਸੁਰੱਖਿਅਤ ਨਹੀਂ ਹੈ। ਆਨਰ ਕਿਲਿੰਗ, ਮੋਬ-ਲਿੰਚਿੰਗ, ਚੇਨ ਸਨੈਚਿੰਗ ਆਮ ਵਰਤਾਰਾ ਹੈ। ਦਿਨ ਦਿਹਾੜੇ ਜਬਰ ਜਨਾਹ, ਕਤਲ, ਏ ਟੀ ਐੱਮ ਤੇ ਬੈਂਕ ਲੁੱਟਣ ਵਾਲਿਆਂ ਨੂੰ ਕਿਸੇ ਦਾ ਕੋਈ ਡਰ-ਖ਼ੌਫ਼ ਨਹੀਂ ਹੈ। ਅਜਿਹੇ ਅਣਸੁਖਾਵੇਂ ਮਾਹੌਲ ਕਰਕੇ ਹੌਲੀ ਹੌਲੀ ਪੰਜਾਬ ਦੀ ਸਨਅਤ ਅਤੇ ਕਾਨੂੰਨ ਵਿਚ ਰਹਿੰਦਿਆਂ ਸਕੂਨ ਨਾਲ ਜੀਣ ਦੀ ਇੱਛਾ ਰੱਖਣ ਵਾਲੇ ਲੋਕ ਇਥੋਂ ਬਾਹਰ ਨਿਕਲਦੇ ਜਾ ਰਹੇ ਹਨ। ਸਿਆਸੀ ਲੋਕਾਂ ਵਲੋਂ ਧਰਮ ਤੇ ਜਾਤਾਂ ਦੇ ਨਾਂਅ 'ਤੇ ਲੋਕਾਂ ਦੇ ਮਨਾਂ ਅੰਦਰ ਦਹਿਸ਼ਤ ਅਤੇ ਨਫ਼ਰਤ ਦਾ ਜ਼ਹਿਰ ਭਰਿਆ ਜਾ ਰਿਹਾ ਹੈ। ਵੋਟਾਂ ਖਾਤਿਰ ਲੋਕਾਂ ਨੂੰ ਜਾਤਾਂ-ਪਾਤਾਂ, ਭਾਸ਼ਾ, ਧਰਮਾਂ ਕੌਮਾਂ, ਮਜ਼੍ਹਬਾਂ, ਪੰਥਾਂ ਆਦਿ ਵਿੱਚ ਵੰਡਿਆ ਜਾ ਰਿਹਾ ਹੈ। 1849, 1947 ਤੇ 1966 ਮਗਰੋਂ ਫਿਰ ਪੰਜਾਬ ਦੇ ਟੋਟੇ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ। ਮੌਜੂਦਾ ਸਰਕਾਰ ਸਿਰਫ ਸੱਤਾ ਖਾਤਿਰ ਅਜਿਹੀ ਵੱਖਵਾਦੀ ਸੋਚ ਨੂੰ ਅੰਦਰੋ-ਅੰਦਰੀ ਸਮਰਥਨ ਦੇ ਰਹੀ ਹੈ। 1984 ਦੇ ਜ਼ਖ਼ਮ ਅਜੇ ਅੱਲੇ ਹਨ ਤੇ ਰਿਸ ਰਹੇ ਹਨ। ਨਵਿਆਂ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦਾ ਮੁੱਖ ਮੰਤਰੀ ਇਸ ਸਤਿਕਾਰਤ ਅਹੁਦੇ ਦੇ ਮਾਣ ਸਨਮਾਨ ਭੁਲਾ ਕੇ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਨਾਲ ਇੰਝ ਤਾਅਨੇ-ਮਿਹਣੇ ਤੇ ਬਹਿਸਬਾਜ਼ੀ ਕਰ ਰਿਹਾ ਹੁੰਦਾ ਹੈ ਜਿਵੇਂ ਗਲੀ ਦੀਆਂ ਔਰਤਾਂ ਇੱਕ ਦੂਜੇ ਨਾਲ ਗੁੱਤਪੁਟਾਈ ਕਰਦੀਆਂ ਹਨ। ਹਰ ਪਾਸੇ ਅਨਾਰਕੀ, ਅਰਾਜਕਤਾ, ਅਵਿਵਸਥਾ ਤੇ ਆਪਹੁਦਰੇਪਣ ਦਾ ਰਾਜ ਹੈ। ਚਿੱਟੇ ਨਾਲ ਮਰ ਰਹੇ ਨੌਜਵਾਨਾਂ ਦੇ ਘਰਾਂ ਵਿੱਚ ਨਿੱਤ ਸੱਥਰ ਵਿਛ ਰਹੇ ਹਨ। ਮਾਵਾਂ, ਭੈਣਾਂ, ਧੀਆਂ ਦੇ ਵਿਰਲਾਪ ਨਾਲ ਮਾਹੌਲ ਸੋਗਮਈ ਹੈ। ਗੈਂਗਸਟਰਾਂ ਹੱਥੋਂ ਮਰ ਰਹੇ ਲੋਕਾਂ ਦੇ ਘਰਾਂ ਵਿੱਚੋਂ ਉੱਠਦਾ ਵੈਣ ਮਨਾਂ ਨੂੰ ਵਲੂੰਧਰਦੇ ਹਨ। ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਪੰਜਾਬ ਵਿਕਾਸ ਵਿੱਚ ਗੁਆਂਢੀ ਰਾਜਾਂ ਹਰਿਆਣਾ ਤੇ ਹਿਮਾਚਲ ਤੋਂ ਕਿਤੇ ਪਛੜ ਗਿਆ ਹੈ। ਹਰ ਕੋਈ ਸੋਚ-ਸੋਚ ਕੇ ਹੈਰਾਨ ਹੈ ਕਿ ਇਸ ਪੰਜਾਬ ਦਾ ਬਣੂੰਗਾ ਕੀ ? ਸਮਝ ਨਹੀਂ ਆ ਰਹੀ ਕਿ ਮੈਂ ਕਿਹੜੇ ਪੰਜਾਬ ਬਾਰੇ ਕੀ ਲਿਖਾਂ। ਆਕਾਸ਼ਵਾਣੀ ਪ੍ਰੋਡਿਊਸਰ ਦੀ ਪ੍ਰੇਰਨਾ ਦੇ ਬਾਵਜੂਦ ਮੇਰੀ ਕਲਮ ਅਜੋਕੇ ਪੰਜਾਬ ਦੀ ਸਿਫ਼ਤ ਲਿਖਣ ਤੋਂ ਇਨਕਾਰ ਕਰਦੀ ਹੈ।

# ਧਾਰਾ 370 ਹਟਾਉਣ ਤੋਂ ਬਾਅਦ ਜੰਮੂ-ਕਸ਼ਮੀਰ ਦਾ ਕੀ ਕੁਝ ਬਦਲਿਆ ?

ਮੁਖ਼ਤਾਰ ਗਿੱਲ

ਪੰਜ ਸਾਲ ਪਹਿਲਾਂ 5 ਅਗਸਤ 2019 ਨੂੰ ਜੰਮੂ ਕਸ਼ਮੀਰ ਰਾਜ ਨੂੰ ਵਿਸ਼ੇਸ਼ ਦਰਜ਼ਾ ਦੇਣ ਵਾਲੀਆਂ ਸੰਵਿਧਾਨਕ ਧਰਾਵਾਂ 370, 35ਏ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਆਪਣੇ ਬਹੁਮਤ ਦੇ ਜ਼ੋਰ, ਆਪਣੇ ਏਜੰਡੇ ਨੂੰ ਲਾਗੂ ਕਰਨ ਅਤੇ ਕਸ਼ਮੀਰੀਆਂ ਨੂੰ ਸਬਕ ਸਿਖਾਉਣ ਦੇ ਮਕਸਦ ਨਾਲ ਸੂਬੇ ਦੀ ਹੋਂਦ ਨੂੰ ਖਤਮ ਕਰ ਕੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਜੰਮੂ ਕਸ਼ਮੀਰ ਤੇ ਲੱਦਾਖ) ਵਿਚ ਵੰਡ ਦਿੱਤਾ। ਇਸ ਤੋਂ ਪਹਿਲਾਂ ਕਸ਼ਮੀਰ ਪ੍ਰਸ਼ਾਸਨ ਨੇ ਅਮਰਨਾਥ ਯਾਤਰਾ ਮੁਲਤਵੀ ਕਰ, ਕਸ਼ਮੀਰ ਵਾਦੀ ਦੀ ਸੈਰ ਸਪਾਟੇ ਲਈ ਆਏ ਸੈਲਾਨੀਆਂ ਨੂੰ ਤੁਰੰਤ ਕਸ਼ਮੀਰ ਛੱਡ ਜਾਣ, ਕਸ਼ਮੀਰੀ ਅਵਾਮ ਨੂੰ ਫੌਜੀ ਬੂਟਾਂ ਥੱਲੇ ਸਾਹ ਲੈਣ ਲਈ ਮਜਬੂਰ ਕਰ, ਕਰਫਿਊ ਲਾ, ਮੁਖ ਧਾਰਾ ਦੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਹਿਰਾਸਤ ਜਾਂ ਘਰਾਂ 'ਚ ਨਜ਼ਰਬੰਦ ਕਰ ਕੇ, ਕਾਰਕੁਨਾਂ ਨੂੰ ਜੇਲ੍ਹਾਂ ਵਿੱਚ ਭੇਜ, ਸੰਚਾਰ ਸੇਵਾਵਾਂ ਅਤੇ ਸਕੂਲਾਂ ਕਾਲਜਾਂ ਨੂੰ ਬੰਦ ਕਰ ਅਤੇ ਕਾਰੋਬਾਰ ਠੱਪ ਕਰ ਕੇ ਧਾਰਾ 370 ਨੂੰ ਹਟਾ ਦਿੱਤਾ ਸੀ।

ਜਦੋਂ ਪੰਜ ਸਾਲ ਪਹਿਲਾਂ ਜੰਮੂ ਕਸ਼ਮੀਰ ਰਾਜ ਨੂੰ ਵੱਧ ਅਧਿਕਾਰ ਦੇਣ ਵਾਲੀਆਂ ਧਾਰਾਵਾਂ 370 ਤੇ 35ਏ ਹਟਾਈਆਂ ਸਨ ਤਾਂ ਕੇਂਦਰ ਤੇ ਸਥਾਨਕ ਪ੍ਰਸ਼ਾਸਨ ਨੇ ਦਾਅਵਾ ਕੀਤਾ ਸੀ ਕਿ ਇਸ ਨੂੰ ਹਟਾਉਣ ਨਾਲ ਜਿਹਾਦੀ ਘਟਨਾਵਾਂ ਵਿੱਚ ਕਮੀ, ਆਰਥਿਕ ਨਵੇਸ਼ ਵਧਾਉਣ, ਕਸ਼ਮੀਰ ਦੇ ਅਵਾਮ ਦੀ ਜੀਵਨ ਰੇਖਾ ਸੈਰ-ਸਪਾਟਾ ਉਦਯੋਗ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ, ਬੇਰੁਜ਼ਗਾਰੀ ਖ਼ਤਮ ਕਰ ਕਸ਼ਮੀਰੀ ਨੌਜਵਾਨਾਂ ਨੂੰ ਮੁਖ ਧਾਰਾ ਨਾਲ ਜੋੜਨ ਅਤੇ 'ਨਵਾਂ ਕਸ਼ਮੀਰ' ਬਣਾਇਆ ਜਾਵੇਗਾ। ਜੇ ਸੰਵਿਧਾਨ ਧਾਰਾ 370, 35ਏ ਨੂੰ ਤੋੜਨ ਨਾਲ ਕਸ਼ਮੀਰ ਘਾਟੀ ਵਿੱਚ ਦਹਿਸ਼ਤਗਰਦੀ ਨੂੰ ਨੱਥ ਪਾ ਲਈ ਗਈ ਹੈ। ਅਤਿਵਾਦੀ ਘਟਨਾਵਾਂ ਵਿੱਚ ਕਮੀ ਆਉਣ ਕਰ ਕੇ ਉਥੋਂ ਦੇ ਹਾਲਾਤ ਵਿੱਚ ਸੁਧਾਰ ਹੋਇਆ ਹੈ ਤਾਂ ਭਾਰਤੀ ਜਨਤਾ ਪਾਰਟੀ ਨੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਸ਼ਮੀਰ ਘਾਟੀ ਦੀਆਂ ਸ੍ਰੀਨਗਰ, ਅਨੰਤਨਾਗ ਅਤੇ ਬਾਰਾਮੂਲਾ ਪਾਰਲੀਮਾਨੀ ਸੀਟਾਂ ਤੋਂ ਆਪਣੇ ਉਮੀਦਵਾਰ ਖੜ੍ਹੇ ਕਿਉਂ ਨਹੀਂ ਕੀਤੇ ? ਅਸਲ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਨੇ ਕਸ਼ਮੀਰੀ ਅਵਾਮ ਵੱਲੋਂ ਕੰਧ 'ਤੇ ਲਿਖੀ ਇਬਾਰਤ ਪੜ੍ਹ ਲਈ ਸੀ ਕਿ ਉਹ ਹਾਰ ਜਾਣਗੇ ਕਿਉਂਕਿ ਕਸ਼ਮੀਰੀ ਭਾਜਪਾ ਨੂੰ ਵੋਟ ਨਹੀਂ ਪਾਉਣਗੇ।


ਕਸ਼ਮੀਰ ਦੀਆਂ ਮੁਖ ਧਾਰਾ ਦੀਆਂ ਵਿਰੋਧੀ ਪਾਰਟੀਆਂ ਨੈਸ਼ਨਲ ਕਾਨਫਰੰਸ, ਪੀਪਲਜ਼ ਡੈਮੋਕਰੈਟਿਕ ਪਾਰਟੀ, ਕਾਂਗਰਸ ਆਦਿ ਵੱਲੋਂ ਜਿਥੇ ਧਾਰਾ 370 ਨੂੰ ਤੋੜਨ ਦਾ ਵਿਰੋਧ ਕੀਤਾ ਗਿਆ ਸੀ, ਉਥੇ ਆਮ ਆਦਮੀ ਪਾਰਟੀ ਨੇ ਇਸ ਦੀ ਹਮਾਇਤ ਕੀਤੀ ਸੀ। ਘੱਟ ਗਿਣਤੀ ਦੇ ਫਿਰਕਿਆਂ ਦਾ ਸਮਰਥਨ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਮੇਤ ਦੇਸ਼ ਦੀਆਂ ਹੋਰ ਪਾਰਟੀਆਂ ਅਤੇ ਨੇਤਾਵਾਂ ਨੇ ਚੁੱਪ ਹੀ ਭਲੀ ਸਮਝੀ ਸੀ। ਸਰਕਾਰ ਦੇ ਇਸ ਫੈਸਲੇ ਨੂੰ ਚੁਣੌਤੀ ਦਿੰਦੀਆਂ ਅੱਡੋ-ਅੱਡ ਪਟੀਸ਼ਨਾਂ ਸਿਖਰਲੀ ਅਦਾਲਤ ਵਿੱਚ ਦਾਖ਼ਲ ਕੀਤੀਆਂ ਗਈਆਂ ਸਨ ਪਰ ਇਨ੍ਹਾਂ 'ਤੇ ਸੁਣਵਾਈ ਟਲਦੀ ਆ ਰਹੀ ਸੀ। ਅਖੀਰ ਵਰਤਮਾਨ ਮੁਖ ਜੱਜ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠ ਬਣੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਦੋ ਅਗਸਤ 2023 ਤੋਂ ਇਨ੍ਹਾਂ 'ਤੇ ਲਗਾਤਾਰ ਸੁਣਵਾਈ ਕੀਤੀ ਅਤੇ ਸਾਰੀਆਂ ਧਿਰਾਂ ਦੀਆਂ ਲੰਮੀਆਂ ਦਲੀਲਾਂ ਪਿੱਛੋਂ ਫੈਸਲਾ ਰਾਖਵਾਂ ਰੱਖ ਲਿਆ ਜਿਹੜਾ 11 ਦਸੰਬਰ 2023 ਨੂੰ ਸਰਕਾਰ ਦੇ ਹੱਕ ਵਿਚ ਸੁਣਾ ਦਿੱਤਾ।




ਇਸ ਫੈਸਲੇ ਦੇ ਤਿੰਨ ਪਹਿਲੂ ਹਨ: ਪਹਿਲਾ, ਸਰਕਾਰ ਨੇ ਜਿਸ ਤਰੀਕੇ ਨਾਲ ਧਾਰਾ 370 ਤੋੜੀ, ਕੀ ਉਹ ਸੰਵਿਧਾਨਕ ਢੰਗ ਸੀ ? ਦੂਜਾ, ਕੀ ਕਿਸੇ ਸੂਬੇ ਨੂੰ ਖਤਮ ਕਰਕੇ ਉਸ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਿਆ ਜਾ ਸਕਦਾ ਹੈ ? ਇਸ 'ਤੇ ਜੱਜ ਸਾਹਿਬਾਨ ਨੇ ਕੋਈ ਫੈਸਲਾ ਨਹੀਂ ਦਿੱਤਾ। ਸਿਰਫ ਸਰਕਾਰੀ ਵਕੀਲ ਦੇ ਭਰੋਸੇ ਨੂੰ ਮੰਨ ਕੇ ਫੈਸਲਾ ਦੇ ਦਿੱਤਾ ਕਿ ਉਥੇ 30 ਸਤੰਬਰ 2024 ਤੱਕ ਵਿਧਾਨ ਸਭਾ ਚੋਣਾਂ ਕਰਵਾਈਆਂ ਜਾਣ; ਤੀਜਾ, ਕੀ ਉਸ ਸੂਬੇ ਨੂੰ ਤੋੜਿਆ ਜਾ ਸਕਦਾ ਹੈ ਜਿਥੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਹੋਵੇ ? ਕੁਝ ਸਾਬਕਾ ਜੱਜਾਂ ਨੇ ਇਸ ਫੈਸਲੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ। ਰੋਹਿੰਟਨ ਨਾਰੀਮਨ ਨੇ ਫੈਸਲੇ ਬਾਰੇ ਇਤਰਾਜ਼ ਕਰਦਿਆਂ ਕਿਹਾ ਕਿ ਇਹ ਫੈਸਲਾ ਸੂਬਿਆਂ ਦੇ ਅਧਿਕਾਰਾਂ ਨੂੰ ਕੁਚਲ ਕੇ ਰੱਖ ਦੇਵੇਗਾ।

ਮੈਂ 1990 ਤੋਂ ਕਸ਼ਮੀਰ ਮਸਲੇ ਬਾਰੇ ਅਖਬਾਰਾਂ ਮੈਗਜ਼ੀਨਾਂ ਵਿੱਚ ਲਿਖ ਰਿਹਾ ਹਾਂ ਪਰ ਮੈਂ ਦਹਿਸ਼ਤਗਰਦੀ ਨੂੰ ਪਸੰਦ ਨਹੀਂ ਕਰਦਾ। ਮੈਂ ਵੀ ਹਰ ਚੇਤੰਨ ਹਿੰਦੋਸਤਾਨੀ ਵਾਂਗ ਕਸ਼ਮੀਰ ਘਾਟੀ ਵਿੱਚ 'ਮੌਸਮ-ਏ-ਬਹਾਰ' ਦਾ ਮੁੰਤਜ਼ਿਰ ਹਾਂ। ਮੈਂ ਵੀ ਚਾਹੁੰਦਾ ਹਾਂ ਕਿ ਕਸ਼ਮੀਰ ਵਿੱਚ ਸ਼ਾਂਤੀ ਤੇ ਖੁਸ਼ਹਾਲੀ ਆਵੇ ਪਰ ਮੈਂ ਕਸ਼ਮੀਰੀਆਂ ਨੂੰ ਕਥਿਤ ਤਲਾਸ਼ੀ ਮੁਹਿੰਮਾਂ ਦੌਰਾਨ ਤੰਗ ਪ੍ਰੇਸ਼ਾਨ ਕਰਨ, ਉਨ੍ਹਾਂ ਨਾਲ ਜਿ ?ਆਦਤੀਆਂ ਕਰਨ, ਉਨ੍ਹਾਂ ਨੂੰ ਜ਼ਲੀਲ ਕਰਨ, ਨੌਜਵਾਨਾਂ ਨੂੰ ਅਗਵਾ ਕਰ ਲਾਪਤਾ ਕਰਨ, ਦਹਿਸ਼ਤਗਰਦ ਗਰਦਾਨ ਕੇ ਹਿਰਾਸਤ ਦੌਰਾਨ ਉਨ੍ਹਾਂ 'ਤੇ ਤਸ਼ੱਦਦ ਕਰਨ ਦੇ ਖ਼ਿਲਾਫ਼ ਹਾਂ। ਕਸ਼ਮੀਰੀਆਂ ਵਿੱਚ ਘਰ ਕਰ ਗਈ ਨਾਰਾਜ਼ਗੀ, ਬੇਗਾਨਗੀ ਅਤੇ ਵਿਤਕਰੇਬਾਜ਼ੀ ਦਾ ਮੈਨੂੰ ਅਹਿਸਾਸ ਹੈ ਜਦੋਂਕਿ ਕਸ਼ਮੀਰੀ ਮੁਸਲਮਾਨਾਂ ਨੇ ਹਿੰਦ-ਪਾਕਿ ਵੰਡ ਸਮੇਂ ਆਪਣੀ ਕਿਸਮਤ ਆਜ਼ਾਦ ਭਾਰਤ ਨਾਲ ਜੋੜੀ ਸੀ ਤਾਂ ਉਸ ਵੇਲੇ ਹਿੰਦੂ ਰਾਜੇ ਨੇ ਭਾਰਤ ਨਾਲ ਰਲੇਵੇਂ ਲਈ ਨਾਂਹ-ਨੁੱਕਰ ਕੀਤੀ ਸੀ। 22 ਅਕਤੂਦਰ 1947 ਨੂੰ ਪਾਕਿਸਤਾਨੀ ਫ਼ੌਜ ਨੇ ਕਬਾਇਲੀਆਂ ਦੇ ਭੇਸ ਵਿੱਚ ਕਸ਼ਮੀਰ ਵਿੱਚ ਬਹੁਤ ਤਬਾਹੀ ਮਚਾਈ ਸੀ। ਧਾੜਵੀਆਂ ਦੇ ਹਮਲਿਆਂ ਤੋਂ ਡਰਦਿਆਂ ਰਾਜੇ ਹਰੀ ਸਿੰਘ ਨੇ ਭਾਰਤ ਨਾਲ ਰਲੇਵੇਂ 'ਤੇ ਦਸਤਕ ਕੀਤੇ ਸਨ ਅਤੇ 27 ਅਕਤੂਬਰ 1948 ਨੂੰ ਭਾਰਤੀ ਫੌਜ ਸ੍ਰੀਨਗਰ ਪਹੁੰਚੀ ਸੀ। ਫ਼ੌਜ ਨੇ ਬਾਰਾਮੂਲਾ ਵਿੱਚ ਵਿੱਚ ਲੁੱਟਮਾਰ ਤੇ ਕਤਲੋਗਾਰਤ ਤੋਂ ਬਾਅਦ ਸ੍ਰੀਨਗਰ ਨੇੜੇ ਪੁੱਜੇ ਧਾੜਵੀਆਂ ਨੂੰ ਖਦੇੜ ਦਿੱਤਾ ਸੀ। ਜੰਮੂ ਕਸ਼ਮੀਰ ਤਕਰੀਬਨ ਸਾਢੇ ਕੁ ਤਿੰਨ ਦਹਾਕਿਆਂ ਤੋਂ ਸਰਕਾਰੀ ਤੇ ਜਿਹਾਦੀ ਸੰਤਾਪ ਹੰਢਾ ਰਿਹਾ ਹੈ। ਕਸ਼ਮੀਰੀ ਹਥਿਆਰਬੰਦ ਸੰਘਰਸ਼ ਦਾ ਮੁੱਢ 1987 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੀਤੀਆਂ ਧਾਂਦਲੀਆਂ ਦੇ ਰੋਸ ਵਜੋਂ ਬੱਝਾ ਸੀ। ਮੁਸਲਿਮ ਯੂਨਾਈਟਿਡ ਫਰੰਟ ਦੇ ਜਿੱਤੇ ਉਮੀਦਵਾਰ, ਸਲਾਹੁਦੀਨ, ਯਾਸਿਨ ਮਲਿਕ ਆਦਿ ਨੂੰ ਹੇਰਾ-ਫੇਰੀ ਨਾਲ ਹਰਾ ਦਿੱਤਾ ਸੀ। ਸਲਾਹੁਦੀਨ ਨੇ ਪਾਕਿਸਤਾਨ ਜਾ ਕੇ ਅਤਿਵਾਦੀ ਤਨਜ਼ੀਮ ਹਿਜ਼ਬੁਲ ਮੁਜਾਹਿਦੀਨ ਦੀ ਸਥਾਪਨਾ ਕੀਤੀ ਜਿਸ ਨੇ ਅਗਲੇ ਕਈ ਸਾਲਾਂ ਤੱਕ ਕਸ਼ਮੀਰ ਵਿੱਚ ਕਹਿਰ ਢਾਇਆ। ਯਾਸਿਨ ਮਲਿਕ ਨੇ ਅਤਿਵਾਦੀ ਤਨਜ਼ੀਮ ਜੇ.ਕੇ.ਐੱਲ.ਐੱਫ. ਬਣਾਈ ਅਤੇ ਕੇਂਦਰੀ ਗ੍ਰਹਿ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਧੀ ਰੁਬੀਆ ਸਈਦ ਨੂੰ ਅਗਵਾ ਕਰ ਲਿਆ ਜਿਸ ਦੀ ਰਿਹਾਈ ਲਈ ਕੁਝ ਜਿਹਾਦੀਆਂ ਨੂੰ ਛੱਡਣਾ ਪਿਆ ਸੀ। ਰਹਿੰਦੀ ਕਸਰ ਗਵਰਨਰ ਜਗਮੋਹਨ ਦੀ ਸਖਤੀ ਨੇ ਪੂਰੀ ਕਰ ਦਿੱਤੀ। ਉਸ ਨੇ ਬੱਸਾਂ ਦਾ ਇਤਜ਼ਾਮ ਕਰ ਕੇ ਕਸ਼ਮੀਰੀ ਪੰਡਤਾਂ ਨੂੰ ਸੂਬੇ ਤੋਂ ਬਾਹਰ ਚਲੇ ਜਾਣ ਲਈ ਕਿਹਾ। ਅਤਿਵਾਦੀਆਂ ਨੇ ਕਸ਼ਮੀਰੀ ਪੰਡਤਾਂ ਨੂੰ ਧਮਕਾਇਆ ਤੇ ਉਨ੍ਹਾਂ ਦੇ ਘਰਾਂ ਤੇ ਜਾਇਦਾਦਾਂ 'ਤੇ ਕਬਜ਼ੇ ਕਰ ਲਏ। ਉਹ ਡਰਦੇ ਹਿਜਰਤ ਲਈ ਮਜਬੂਰ ਹੋ ਗਏ। ਇੱਕ ਪਿੰਡ ਵਿੱਚ 23 ਹਿੰਦੂ, ਛਟੀ ਸਿੰਘ ਪੁਰਾ ਵਿੱਚ 35 ਸਿੱਖ ਅਤੇ ਉੱਘੀਆਂ ਸ਼ਖਸੀਅਤਾਂ ਦੂਰਦਰਸ਼ਨ ਦੇ ਡਾਇਰੈਕਰ ਲਾਸਾ ਕੌਲ, ਜੱਜ ਨੀਲ ਕੰਠ ਆਦਿ ਹਿੰਸਾ ਦੀ ਭੇਂਟ ਚੜ੍ਹ ਗਏ। ਕਸ਼ਮੀਰੀ ਪੰਡਤਾਂ, ਪਰਵਾਸੀ ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਮਿਥ ਕੇ ਮਾਰਿਆ ਗਿਆ। ਹੁਣ ਜਿਹਾਦੀਆਂ ਨੇ ਰਣਨੀਤੀ ਬਦਲਦਿਆਂ ਪਿਛਲੇ ਦੋ ਕੁ ਸਾਲਾਂ ਤੋਂ ਜੰਮੂ ਡਿਵੀਜ਼ਨ ਦੇ ਜ਼ਿਲ੍ਹੇ ਪੁਣਛ, ਰਿਆਸੀ, ਰਾਜੌਰੀ ਅਤੇ ਬਾਅਦ ਵਿੱਚ ਕਠੂਆ ਤੇ ਡੋਡਾ 'ਚ ਹਿੰਸਕ ਵਾਰਦਾਤਾਂ ਸ਼ੁਰੂ ਕੀਤੀਆਂ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ 'ਚ 12 ਸੁਰੱਖਿਆ ਕਰਮੀ, 10 ਆਮ ਲੋਕ ਅਤੇ 5 ਅਤਿਵਾਦੀ ਜਾਨ ਗਵਾ ਬੈਠੇ। ਜੁਲਾਈ ਵਿੱਚ 5 ਹਮਲੇ ਹੋਏ। ਪਾਕਿਸਤਾਨ ਦੇ ਘੁਸਪੈਠੀਆਂ ਦੇ ਹੌਸਲੇ ਇੰਨੇ ਬਲੰਦ ਹਨ ਕਿ ਉਹ ਫ਼ੌਜ ਦੇ ਕਾਫਲਿਆਂ, ਸੁਰੱਖਿਆ ਚੌਕੀਆਂ, ਕੈਂਪਾਂ 'ਤੇ ਹਮਲੇ ਕਰਦੇ ਹਨ।

ਪੀਡੀਪੀ ਮੁਖੀ ਮਹਿਬੂਬਾ ਮੁਫਤੀ ਨੇ ਕਿਹਾ, ਹੈ, ਜੰਮੂ ਕਸ਼ਮੀਰ ਵਿੱਚ ਪਿਛਲੇ 22 ਮਹੀਨਿਆਂ ਵਿੱਚ ਜਿਹਾਦੀ ਹਮਲਿਆਂ ਵਿੱਚ 50 ਫੌਜੀਆਂ ਦੇ ਮਾਰੇ ਜਾਣ ਦੀ ਜਵਾਬਦੇਹੀ ਤੈਅ ਕੀਤੀ ਜਾਵੇ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਮੁਤਾਬਿਕ, ਭਾਜਪਾ ਦੀਆਂ ਗਲਤ ਨੀਤੀਆਂ ਦਾ ਖਮਿਆਜ਼ਾ ਮੁਲਕ ਦੇ ਜਵਾਨ ਭੁਗਤ ਰਹੇ ਹਨ। ਸਵਾਲ ਉੱਠਦਾ ਹੈ ਕਿ ਜੇ ਧਾਰਾ 370 ਹਟਾਉਣ ਤੋਂ ਬਾਅਦ ਵੀ ਕਸ਼ਮੀਰ ਵਿੱਚ ਤਲਾਸ਼ੀ ਮੁਹਿੰਮਾਂ ਜਾਰੀ ਹਨ, ਜੰਮੂ ਖੇਤਰ ਵਿੱਚ ਜਿਹਾਦੀਆਂ ਵਿਰੁੱਧ 'ਆਪਰੇਸ਼ਨ ਆਲ ਆਊਟ' ਸ਼ੁਰੂ ਕਰਨਾ ਪੈ ਰਿਹਾ ਹੈ, ਕਸ਼ਮੀਰੀ ਹਥਿਆਰਬੰਦ ਸੰਘਰਸ਼ 'ਤੇ ਕਾਬੂ ਪਾਉਣ ਲਈ 3000 ਫ਼ੌਜ ਦੇ ਜਵਾਨ ਅਤੇ ਬੀ.ਐੱਸ.ਐੱਫ. ਦੀਆਂ ਦੋ ਬਟਾਲੀਅਨਾਂ ਭੇਜੀਆਂ ਜਾ ਰਹੀਆਂ ਹਨ ਤਾਂ ਸਪਸ਼ਟ ਹੈ ਕਿ ਧਾਰਾ 370 ਦੀ ਮਨਸੂਖੀ ਤੋਂ ਬਾਅਦ ਕੀਤੇ ਦਾਅਵੇ ਠੁੱਸ ਹੋ ਗਏ ਹਨ।



ਟੀ.ਐੱਨ. ਨੈਨਾਨ

# ਪੂਰਬ ਦੀ ਪੌਣ ਪੱਛਮ ’ਤੇ ਹੋਈ ਭਾਰੂ




ਪੱਛਮ ਅਤੇ ਬਾਕੀ ਦੁਨੀਆਂ ਵਿਚਕਾਰ ਤਣਾਤਣੀ ਤਿੱਖੀ ਹੋ ਰਹੀ ਹੈ। ਹੁਣ ਸਪੱਸ਼ਟ ਹੋ ਗਿਆ ਹੈ ਕਿ ਪੱਛਮ ਭਾਵੇਂ ਜ਼ੋਰਦਾਰ ਢੰਗ ਨਾਲ ਮੁੱਕੇ ਜੜ ਰਿਹਾ ਹੈ ਪਰ ਇਹ ਛਿੱਥਾ ਪੈ ਰਿਹਾ ਹੈ। ਕਿਸੇ ਵੇਲੇ ਏਸ਼ੀਆ ਪ੍ਰਸ਼ਾਂਤ ਖਿੱਤੇ ਅੰਦਰ ਅਮਰੀਕੀ ਜਲ ਸੈਨਾ ਦਾ ਦਬਦਬਾ ਸੀ, ਹੁਣ ਇਸ ਨੇ ਡਰਾਵੇ (ਡੈਟਰੈਂਸ) ਵਾਲਾ ਪੈਂਤੜਾ ਅਪਣਾ ਲਿਆ ਹੈ। ਆਰਥਿਕ ਖੇਤਰ ਵਿੱਚ ਹੀ ਅਮਰੀਕਾ ਨੇ ਹਮਲਾਵਰ ਰੁਖ਼ ਛੱਡ ਕੇ (ਪਾਬੰਦੀਆਂ) ਬਚਾਅ ਦੀ ਮੁਦਰਾ (ਅਮਰੀਕੀ ਮੰਡੀਆਂ ਦੁਆਲੇ ਮਹਿਸੂਲਾਂ ਦੀ ਕੰਧ ਖੜ੍ਹੀ ਕਰ ਕੇ) ਅਖ਼ਤਿਆਰ ਕਰ ਲਈ ਹੈ ਅਤੇ ਯੂਕਰੇਨ ਦੇ ਹੱਕ ਵਿੱਚ ਪੱਛਮ ਦੀ ਇਮਦਾਦ ਰੂਸ ਨੂੰ ਡੱਕ ਨਹੀਂ ਪਾਈ। ਮਾਓ ਜ਼ੇ ਤੁੰਗ ਨੇ ਕਾਫ਼ੀ ਚਿਰ ਪਹਿਲਾਂ ਕਿਹਾ ਸੀ ਕਿ ਪੂਰਬ ਦੀ ਪੌਣ ਪੱਛਮ ’ਤੇ ਭਾਰੂ ਹੋ ਗਈ ਹੈ, ਇਹ ਸ਼ਾਇਦ ਹੁਣ ਵਾਪਰਨਾ ਸ਼ੁਰੂ ਹੋ ਗਿਆ ਹੈ। ਕਈ ਸਾਲਾਂ ਤੱਕ ਪੱਛਮੀ ਵਿਸ਼ਲੇਸ਼ਕ ਅਤੇ ਪੱਤਰਕਾਰ ਚੀਨ ਤੇ ਰੂਸ ਬਾਰੇ ਗ਼ਲਤ ਪੜ੍ਹਤ ਲੈਂਦੇ ਰਹੇ ਹਨ। ਰੂਸ ਨੂੰ ਇੰਝ ਪੇਸ਼ ਕੀਤਾ ਜਾਂਦਾ ਰਿਹਾ ਕਿ ਇਹ ਆਰਥਿਕ ਤੌਰ ’ਤੇ ਅਸਥਿਰ ਹੈ ਵਲਾਦੀਮੀਰ ਪੂਤਿਨ ਨੂੰ ਸਿਆਸੀ ਚੁਣੌਤੀਆਂ ਵਿੱਚ ਘਿਰਿਆ ਅਤੇ ਸ਼ਾਇਦ ਗੰਭੀਰ ਰੂਪ ’ਚ ਬਿਮਾਰ ਆਗੂ ਆਖਿਆ ਜਾਂਦਾ ਰਿਹਾ। ਚੀਨ ਦੇ ਚੌਫ਼ਾਲ ਡਿੱਗਣ ਦੇ ਕਿਆਫ਼ੇ ਦੋ ਦਹਾਕਿਆਂ ਤੋਂ ਲਾਏ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਕਿਹਾ ਗਿਆ ਸੀ ਕਿ ਇਹ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਫਿਰ ਵੀ ਰੂਸ ਨੇ ਹੈਰਾਨਕੁਨ ਢੰਗ ਨਾਲ ਪੱਛਮੀ ਪਾਬੰਦੀਆਂ ਦਾ ਸਾਹਮਣਾ ਕੀਤਾ। ਇਸ ਨੇ ਯੂਕਰੇਨ ਵਿੱਚ ਆਪਣਾ ਹੱਥ ਉਤਾਂਹ ਕਰ ਲਿਆ ਅਤੇ ਪੂਤਿਨ ਨੂੰ ਇੱਕ ਹੋਰ ਕਾਰਜਕਾਲ ਲਈ ਚੁਣ ਲਿਆ ਗਿਆ। ਇਸ ਦੌਰਾਨ ਚੀਨ ਆਪਣੇ ਹਾਣੀ ਆਮਦਨ ਪੱਧਰਾਂ ਵਾਲੇ ਅਰਥਚਾਰਿਆਂ ’ਚੋਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਬਣਿਆ ਹੋਇਆ ਹੈ।

ਹਾਲ ਹੀ ਵਿੱਚ ਅਮਰੀਕਾ ਨੇ ਚੀਨ ਦੀਆਂ ਕੁਝ ਵਸਤਾਂ ਉਪਰ ਮਹਿਸੂਲ ਦਰਾਂ ਵਿੱਚ ਜੋ ਤਿੱਖਾ ਵਾਧਾ ਕਰਨ ਦਾ ਐਲਾਨ ਕੀਤਾ ਹੈ, ਉਹ ਕੋਈ ਮੁਕੰਮਲ ਵਪਾਰ ਯੁੱਧ ਦਾ ਸੰਕੇਤ ਨਹੀਂ ਕਿਉਂਕਿ ਉਨ੍ਹਾਂ ਦਾ ਨਿਸ਼ਾਨਾ ਉਨ੍ਹਾਂ ਚੀਜ਼ਾਂ ’ਤੇ ਹੈ ਜੋ ਚੀਨ ਅਮਰੀਕਾ ਵਿੱਚ ਬਹੁਤਾ ਵੇਚ ਹੀ ਨਹੀਂ ਰਿਹਾ। ਇਸ ਕਿਸਮ ਦੇ ਬਚਾਓਵਾਦੀ ਹਥਕੰਡੇ ਪਹਿਲਾਂ ਵਾਲੀਆਂ ਜ਼ਾਹਿਰਾਨਾ ਪੇਸ਼ਕਦਮੀਆਂ ’ਤੇ ਦਿੱਤੇ ਜਾਂਦੇ ਜ਼ੋਰ ਨਾਲ ਮੇਲ ਨਹੀਂ ਖਾਂਦੇ। ਉਮੀਦ ਕੀਤੀ ਜਾਂਦੀ ਸੀ ਕਿ ਉਨ੍ਹਾਂ ਜ਼ਾਹਿਰਾਨਾ ਪੇਸ਼ਕਦਮੀਆਂ ਨਾਲ ਅਮਰੀਕਾ ਦੇ ਦੁਸ਼ਮਣਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਵੇਗੀ। ਇਸ ਲਈ ਇਸ ਸੰਕੇਤ ਦਾ ਧੁਰਾ ਮੁੱਖ ਤੌਰ ’ਤੇ ਰਾਸ਼ਟਰਪਤੀ ਜੋਅ ਬਾਇਡਨ ਦਾ ਘਰੋਗੀ ਸਿਆਸੀ ਆਧਾਰ ਹੈ। ਇਸ ਦੇ ਹੁੰਦਿਆਂ-ਸੁੰਦਿਆਂ ਚੀਨ ਨਿਸ਼ਾਨੇ ’ਤੇ ਰੱਖੀਆਂ ਜਿਆਦਾਤਰ ਵਸਤੂਆਂ ਦਾ ਮੁੱਖ ਉਤਪਾਦਕ ਹੈ ਅਤੇ ਇਹ ਹੋਰ ਮੰਡੀਆਂ ਲੱਭ ਸਕਦਾ ਹੈ। ਇਸ ਦਾ ਖਮਿਆਜ਼ਾ ਅਮਰੀਕੀ ਦਰਾਮਦਕਾਰਾਂ ਨੂੰ ਭੁਗਤਣਾ ਪਵੇਗਾ ਜਿਨ੍ਹਾਂ ਨੂੰ ਕੁਝ ਆਈਟਮਾਂ ਦੀ ਸਪਲਾਈ ਦਾ ਬਦਲਵਾਂ ਸਰੋਤ ਨਹੀਂ ਮਿਲ ਸਕਣਾ। ਚੀਨ ਤੀਜੀ ਦੁਨੀਆਂ ਦੇ ਦੇਸ਼ਾਂ ਵਿਚਲੀਆਂ ਫੈਕਟਰੀਆਂ ਰਾਹੀਂ ਵੀ ਸਪਲਾਈ ਭੇਜ ਸਕਦਾ ਹੈ। ਇਸ ਦੌਰਾਨ ਅਮਰੀਕੀ ਖਪਤਕਾਰਾਂ ਨੂੰ ਮਹਿੰਗਾਈ ਦਰ ਦੀ ਕੀਮਤ ਤਾਰਨੀ ਪਵੇਗੀ। ਬਿਨਾਂ ਸ਼ੱਕ ਪਾਬੰਦੀਆਂ ਨੇ ਸੱਟ ਮਾਰੀ ਸੀ ਪਰ ਇਸ ਦਾ ਅਸਰ ਅੰਸ਼ਕ ਸਾਬਿਤ ਹੋਇਆ। ਰੂਸ ਨੇ ਆਪਣੇ ਤੇਲ ਤੇ ਗੈਸ ਦੇ ਨਵੇਂ ਗਾਹਕ ਲੱਭ ਲਏ, ਯੂਰੋਪ ਨੇ ਸਸਤੀ ਊਰਜਾ ਦਾ ਅਹਿਮ ਸਰੋਤ ਗੁਆ ਲਿਆ ਜਿਸ ਕਰ ਕੇ ਜਰਮਨੀ ਜਿਹੇ ਕਈ ਅਰਥਚਾਰੇ ਡਾਵਾਂਡੋਲ ਹੋ ਗਏ। ਇਸ ਦੌਰਾਨ ਰੂਸੀ ਅਰਥਚਾਰੇ ਅਜੇ ਵੀ ਪ੍ਰਫੁੱਲਤ ਹੋ ਰਿਹਾ ਹੈ।

ਰੂਸ ਅਤੇ ਚੀਨ ਨੇ ਅਜਿਹੀਆਂ ਅਦਾਇਗੀ ਪ੍ਰਣਾਲੀਆਂ ਵਿਕਸਤ ਕਰ ਲਈਆਂ ਜੋ ਡਾਲਰ (ਰੂਸ ਤੇ ਚੀਨ ਦਾ 95 ਫ਼ੀਸਦ ਵਪਾਰ ਇਸ ਵੇਲੇ ਮੁਕਾਮੀ ਕਰੰਸੀਆਂ ਵਿੱਚ ਹੋ ਰਿਹਾ ਹੈ) ਅਤੇ ਇੱਥੋਂ ਤੱਕ ‘ਸਵਿਫਟ’ ਜਿਹੀਆਂ ਬੈਂਕਿੰਗ ਸੰਚਾਰ ਪ੍ਰਣਾਲੀਆਂ ਨੂੰ ਵੀ ਬਾਈਪਾਸ ਕਰਦੀਆਂ ਹਨ। ਰੂਸ ਦੇ ਰਾਖਵੇਂ ਭੰਡਾਰਾਂ ਵਿੱਚ ਇਸ ਸਮੇਂ ਡਾਲਰ ਨਾਲੋਂ ਰੈੱਨਮਿਨਬੀਜ਼ (ਚੀਨੀ ਕਰੰਸੀ ਯੁਆਨ ਦਾ ਇੱਕ ਹੋਰ ਨਾਂ) ਜਿਆਦਾ ਹਨ ਤੇ ਚੀਨ ਨੇ ਪਿਛਲੇ ਅਠਾਰਾਂ ਕੁ ਮਹੀਨਿਆਂ ਤੋਂ ਭਾਰੀ ਮਾਤਰਾ ਵਿੱਚ ਸੋਨਾ ਖਰੀਦਿਆ ਹੈ। ਪੀਪਲਜ਼ ਬੈਂਕ ਆਫ ਚਾਈਨਾ ਕੋਲ ਪਿਆ 2250 ਟਨ ਸੋਨਾ ਆਪਣੇ ਉਚਤਮ ਪੱਧਰ ’ਤੇ ਹੈ, ਫਿਰ ਵੀ ਇਹ ਇਸ ਦੇ ਕੁੱਲ ਭੰਡਾਰਾਂ ਦੇ ਪੰਜ ਫ਼ੀਸਦ ਹਿੱਸੇ ਤੋਂ ਵੀ ਘੱਟ ਹੈ।

ਜਿੱਥੋਂ ਤੱਕ ਤਕਨਾਲੋਜੀ ਦਾ ਸਵਾਲ ਹੈ, ਚੀਨ ਪਹਿਲਾਂ ਅੱਗੇ ਚੱਲ ਰਿਹਾ ਹੈ ਅਤੇ ਇਹ ਹੋਰ ਮੁਲਕਾਂ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਨੇ ਬਿਜਲਈ ਵਾਹਨਾਂ, ਸੌਰ ਊਰਜਾ ਅਤੇ ਲਿਥੀਅਮ ਬੈਟਰੀਆਂ ਦੇ ਸਵੱਛ ਊਰਜਾ ਖੇਤਰ ਵਿਚ ਮੋਹਰੀ ਪੁਜ਼ੀਸ਼ਨ ਬਣਾ ਲਈ ਹੈ। ਚੀਨ ਇਨ੍ਹਾਂ ਸਨਅਤਾਂ ਲਈ ਵਿਸ਼ੇਸ਼ ਪਦਾਰਥਾਂ ਦੀ ਸਪਲਾਈ ਯਕੀਨੀ ਬਣਾਉਣ ਵਿੱਚ ਬਾਕੀਆਂ ਨਾਲੋਂ ਕਾਫ਼ੀ ਅੱਗੇ ਹੈ ਅਤੇ ਉਨ੍ਹਾਂ ’ਚੋਂ ਕੁਝ ਮੰਡੀਆਂ ’ਤੇ ਇਸ ਦੀ ਅਜਾਰੇਦਾਰੀ ਬਣ ਚੁੱਕੀ ਹੈ। ਇਹ ਹੁਣ ਇਲੈਕਟ੍ਰੌਨਿਕਸ, ਜੀਵ ਵਿਗਿਆਨਾਂ ਅਤੇ ਰੱਖਿਆ ਉਤਪਾਦਨ ਵਿੱਚ ਤਕਨੀਕੀ ਮਾਅਰਕੇ ਮਾਰਨ ਦੀ ਤਿਆਰੀ ਕਰ ਰਿਹਾ ਹੈ। ਮਿਸਾਲ ਦੇ ਤੌਰ ’ਤੇ ਹੁਆਵੇ ਨੇ ਹਾਲ ਹੀ ਵਿੱਚ 7-ਐੱਨਐੱਮ (ਨੈਨੋਮੀਟਰ) ਚਿੱਪਾਂ ਵਾਲਾਂ ਸਮਾਰਟਫੋਨ ਤਿਆਰ ਕਰ ਕੇ ਪੱਛਮ ਨੂੰ ਦੰਗ ਕਰ ਦਿੱਤਾ ਹੈ; ਇਹ ਹੁਣ 5 ਐੱਨਐੱਮ ਚਿੱਪਾਂ ਵਾਲਾ ਸਮਾਰਟਫੋਨ ਬਣਾਉਣ ਦੀ ਤਿਆਰੀ ਵਿੱਚ ਹੈ। ਚੀਨ ਨੇ ਅਗਲੇ ਸਾਲ ਤੱਕ ਚਿੱਪ ਨਿਰਮਾਣ ਵਿੱਚ 70 ਫ਼ੀਸਦੀ ਆਤਮ-ਨਿਰਭਰਤਾ ਹਾਸਲ ਕਰਨ ਦਾ ਟੀਚਾ ਰੱਖਿਆ ਹੈ। ਇਸ ਦੌਰਾਨ ਪੱਛਮੀ ਦੇਸ਼ਾਂ ਦੀਆਂ ਦਵਾ ਬਣਾਉਣ ਵਾਲੀਆਂ ਕੰਪਨੀਆਂ ਨੇ ਬਾਇਓਬੇਅ (ਸ਼ੰਘਾਈ ਨੇੜੇ ਸੂਚਾਓ ਵਿਖੇ ਨਵੀਨ ਕਾਢਾਂ ਲਈ ਬਣੀ ਮੈਗਾ ਹੱਬ) ਜਿਹੀਆਂ ਥਾਵਾਂ ’ਚ ਬਾਇਓਫਾਰਮਾ ਅਤੇ ਜੀਵ ਵਿਗਿਆਨਾਂ ਵਿੱਚ ਚੀਨ ਦੀ ਅਗਵਾਈ ਪ੍ਰਵਾਨ ਕਰ ਲਈ ਹੈ। ਰੱਖਿਆ ਖੇਤਰ ਵਿੱਚ ਚੀਨ ਚੌਥੇ ਵਿਮਾਨ ਵਾਹਕ ਬੇੜੇ ਦਾ ਨਿਰਮਾਣ ਕਰ ਰਿਹਾ ਹੈ ਜੋ ਪਰਮਾਣੂ ਊਰਜਾ ਨਾਲ ਚੱਲੇਗਾ। ਇਹ ਨਵੀਂ ਤਕਨਾਲੋਜੀ ਦਾ ਉਭਾਰ ਹੋਵੇਗਾ। ਹੁਣ ਤੱਥ ਇਹ ਹੈ ਕਿ ਚੀਨ ਲਈ ਤਕਨਾਲੋਜੀ ਦੇ ਬੂਹੇ ਭੇੜਨ ਵਿੱਚ ਹੁਣ ਬਹੁਤ ਦੇਰ ਹੋ ਚੁੱਕੀ ਹੈ।

ਸੁਰੱਖਿਆ ਮੁਹਾਜ਼ ’ਤੇ ਪੱਛਮੀ ਸਮੀਖਿਅਕਾਂ ਨੂੰ ਇਸ ਗੱਲ ਦੀ ਚਿੰਤਾ ਹੋ ਰਹੀ ਹੈ ਕਿ ਜੇ ਰੂਸ ਯੂਕਰੇਨ ’ਤੇ ਭਾਰੀ ਪੈ ਗਿਆ ਅਤੇ ਅੱਧਿਓਂ ਵੱਧ ਤਬਾਹ ਹੋ ਚੁੱਕੇ ਇਸ ਮੁਲਕ ਦਾ ਹੋਰ ਹਿੱਸਾ ਹੜੱਪ ਲੈਂਦਾ ਹੈ ਤਾਂ ਇਸ ਦੇ ਕਿਹੋ ਜਿਹੇ ਸਿੱਟੇ ਨਿਕਲਣਗੇ। ਜੇ ਡੋਨਲਡ ਟਰੰਪ ਅਮਰੀਕਾ ਵਿੱਚ ਰਾਸ਼ਟਰਪਤੀ ਬਣ ਕੇ ਵਾਪਸੀ ਕਰਦੇ ਹਨ ਅਤੇ ‘ਨਾਟੋ’ ਨੂੰ ਲੰਗੜਾ ਬਣਾ ਦੇਣ ਦੀ ਆਪਣੀ ਧਮਕੀ ਅਮਲ ਵਿੱਚ ਲਿਆਉਂਦੇਹਨ ਤਾਂ ਹਾਲਾਤ ਹੋਰ ਜਿਆਦਾ ਵਿਗੜ ਸਕਦੇ ਹਨ। ਯੂਰੋਪੀਅਨ ਰੱਖਿਆ ਦਸਤਿਆਂ ਕੋਲ ਮੌਜੂਦਾ ਨਫ਼ਰੀ, ਸਾਜ਼ੋ-ਸਾਮਾਨ, ਲੜਾਕੂ ਕੁੱਵਤਾਂ ਅਤੇ ਰੱਖਿਆ ਉਤਪਾਦਕ ਸਮਰੱਥਾਵਾਂ ਦੀਆਂ ਸ਼ਦੀਦ ਸੀਮਤਾਈਆਂ ਦੇ ਮੱਦੇਨਜ਼ਰ ਸਮੁੱਚਾ ਯੂਰੋਪ ਅਚਨਚੇਤ ਸਭ ਤੋਂ ਵੱਧ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਿਆ ਹੈ। ਯੂਰੋਪੀਅਨ ਰੱਖਿਆ ਬਜਟਾਂ ਵਿੱਚ ਵਾਧਾ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦੇ ਦੋ ਫ਼ੀਸਦ ਦੇ ਟੀਚੇ ਤੱਕ ਪਹੁੰਚ ਗਿਆ ਹੈ ਪਰ ਇਸ ਨੂੰ ਅਮਰੀਕੀ ਇਮਦਾਦ ਤੋਂ ਬਗ਼ੈਰ ਆਪਣੀ ਰੱਖਿਆ ਦੇ ਯੋਗ ਬਣਨ ਵਿੱਚ ਘੱਟੋ-ਘੱਟ ਇਕ ਦਹਾਕਾ ਲੱਗ ਜਾਵੇਗਾ। ਦੂਜੇ ਬੰਨੇ, ਰੂਸ ਤੇ ਚੀਨ ਇਕ ਦੂਜੇ ਦੇ ਕਾਫ਼ੀ ਕਰੀਬ ਆ ਚੁੱਕੇ ਹਨ ਅਤੇ ਦੁਨੀਆ ਦੇ ਕਈ ਖੇਤਰਾਂ ਵਿੱਚ ਕੂਟਨੀਤਕ ਜਿੱਤਾਂ ਵੀ ਦਰਜ ਕਰ ਰਹੇ ਹਨ। ਰੂਸ ਨੇ ਸੀਰੀਆ ਵਿਚ ਆਪਣਾ ਪੱਤਾ ਬਾਖ਼ੂਬੀ ਵਰਤਿਆ ਹੈ ਅਤੇ ਹੁਣ ਇਸ ਨੂੰ ਇਰਾਨ ਤੋਂ ਡਰੋਨ ਮਿਲ ਰਹੇ ਹਨ। ਪਿਛਲੇ ਸਾਲ ਚੀਨ ਨੇ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਵਾ ਕੇ ਇਨ੍ਹਾਂ ਦੇ ਦੁਵੱਲੇ ਸਬੰਧ ਆਮ ਵਰਗੇ ਬਣਾ ਦਿੱਤੇ ਹਨ। ਅਫਰੀਕੀ ਮਹਾਂਦੀਪ ਵਿੱਚ ਇਸ ਵਕਤ ਚੀਨ ਅਮਰੀਕਾ ਨਾਲੋਂ ਜਿ ?ਆਦਾ ਖਰਚਾ ਕਰ ਰਿਹਾ ਹੈ ਅਤੇ ਉਸ ਨੂੰ ਇਸ ਦੀ ਲੋੜ ਵੀ ਹੈ; ਇੱਕ ਤੋਂ ਬਾਅਦ ਇੱਕ ਮੂਲਕ ਫਰਾਂਸੀਸੀ ਅਤੇ ਅਮਰੀਕੀ ਫ਼ੌਜੀਆਂ ਨੂੰ ਦੁਤਕਾਰ ਰਹੇ ਹਨ ਤੇ ਸੁਰੱਖਿਆ ਇਮਦਾਦ ਲਈ ਰੂਸੀ ਫ਼ੌਜੀਆਂ ਨੂੰ ਸੱਦਿਆ ਜਾ ਰਿਹਾ ਹੈ। ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਜਿਨ੍ਹਾਂ ਦੇ ਅਰਥਚਾਰੇ ਚੀਨ ਦੇ ਅਰਥਚਾਰੇ ਨਾਲ ਨੇੜਿ ?ਓਂ ਜੁੜੇ ਹੋਏ ਹਨ ਅਤੇ ਹੋਰ ਜਿਆਦਾ ਜੁੜ ਰਹੇ ਹਨ, ਵਿੱਚ ਵੀ ਹੁਣ ਅਮਰੀਕਾ ਤੇ ਚੀਨ ’ਚੋਂ ਕਿਸੇ ਇੱਕ ਦੀ ਚੋਣ ਨਹੀਂ ਕਰਨਾ ਚਾਹ ਰਹੇ। ਅਮਰੀਕਾ ਨੇ ਵਾਰ-ਵਾਰ ਦਿਖਾਇਆ ਹੈ ਕਿ ਉਹ ਇਮਦਾਦ ਲਈ ਗ਼ੈਰ-ਭਰੋਸੇਮੰਦ ਹੈ; ਜਿਵੇਂ ਹਾਲ ਹੀ ਵਿਚ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਾਉਣ ਤੋਂ ਜ਼ਾਹਿਰ ਹੋਇਆ ਹੈ; ਜਦੋਂ ਇਹ ਯੂਕਰੇਨ ਤੇ ਗਾਜ਼ਾ ਬਾਰੇ (**ਬਾਕੀ ਸਫ਼ਾ 31 ’ਤੇ**)



ਕੁੱਕੀ ਗਿੱਲ

# ਤਾਲਿਬਾਨ ਦੀਆਂ ਪਾਬੰਦੀਆਂ



ਅਫਗਾਨਿਸਤਾਨ ਦੇ ਤਾਲਿਬਾਨ ਨੇ ਇਸ ਹਫਤੇ ਰਸਮੀ ਤੌਰ ’ਤੇ ਨੈਤਿਕਤਾ ਨੂੰ ਨਿਯੰਤਰਿਤ ਕਰਨ ਵਾਲੇ ਨਿਯਮਾਂ ਦੇ ਲੰਬੇ ਸਮੂਹ ਨੂੰ ਸੰਸ਼ੋਧਿਤ ਕੀਤਾ, ਜਿਸ ਵਿੱਚ ਔਰਤਾਂ ਨੂੰ ਆਪਣੇ ਚਿਹਰੇ ਨੂੰ ਢੱਕਣ ਅਤੇ ਮਰਦਾਂ ਨੂੰ ਦਾੜ੍ਹੀ ਰੱਖਣ ਦੀ ਲੋੜ ਤੋਂ ਲੈ ਕੇ ਕਾਰ ਚਾਲਕਾਂ ਨੂੰ ਸੰਗੀਤ ਵਜਾਉਣ ’ਤੇ ਪਾਬੰਦੀ ਲਗਾਉਣ ਤੱਕ ਸ਼ਾਮਲ ਹਨ।

ਨਿਆਂ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਸਲਾਮੀ ਸ਼ਰੀਆ ਕਾਨੂੰਨ ਦੇ ਅਨੁਸਾਰ ਅਤੇ ਨੈਤਿਕਤਾ ਮੰਤਰਾਲੇ ਦੁਆਰਾ ਲਾਗੂ ਕੀਤੇ ਜਾਣ ਵਾਲੇ ਨਿਯਮ 2022 ਵਿੱਚ ਤਾਲਿਬਾਨ ਦੇ ਸਰਵਉੱਚ ਅਧਿਆਤਮਕ ਨੇਤਾ ਦੁਆਰਾ ਇੱਕ ਫ਼ਰਮਾਨ ’ਤੇ ਅਧਾਰਤ ਸਨ ਅਤੇ ਹੁਣ ਅਧਿਕਾਰਤ ਤੌਰ ’ਤੇ ਕਾਨੂੰਨ ਵਜੋਂ ਪ੍ਰਕਾਸ਼ਤ ਕੀਤੇ ਗਏ ਹਨ। ਨੈਤਿਕਤਾ ਮੰਤਰਾਲਾ, ਜਿਸਨੂੰ ਰਸਮੀ ਤੌਰ ’ਤੇ ਬੁਰਾਈ ਦੀ ਰੋਕਥਾਮ ਅਤੇ ਨੇਕੀ ਦੇ ਪ੍ਰਸਾਰ ਲਈ ਮੰਤਰਾਲਾ ਕਿਹਾ ਜਾਂਦਾ ਹੈ, ਪਹਿਲਾਂ ਹੀ ਅਜਿਹੀਆਂ ਨੈਤਿਕਤਾ ਲੋੜਾਂ ਨੂੰ ਲਾਗੂ ਕਰ ਰਿਹਾ ਹੈ ਅਤੇ ਕਹਿੰਦਾ ਹੈ ਕਿ ਇਸ ਨੇ ਉਲੰਘਣਾ ਕਰਨ ਕਰਕੇ ਹਜ਼ਾਰਾਂ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਸੀ ਕਿ ਕੀ ਨਿਯਮਾਂ ਦੇ ਪ੍ਰਕਾਸ਼ਨ ਨਾਲ ਮਜ਼ਬੂਤੀ ਲਾਗੂ ਹੋਵੇਗੀ।

ਔਰਤਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਤਾਲਿਬਾਨ ਦੀਆਂ ਪਾਬੰਦੀਆਂ ਦੀ ਅਧਿਕਾਰ ਸਮੂਹਾਂ ਅਤੇ ਬਹੁਤ ਸਾਰੀਆਂ ਵਿਦੇਸ਼ੀ ਸਰਕਾਰਾਂ ਦੁਆਰਾ ਤਿੱਖੀ ਆਲੋਚਨਾ ਕੀਤੀ ਗਈ ਹੈ ਕਿਉਂਕਿ ਸਾਬਕਾ ਵਿਦਰੋਹੀਆਂ ਨੇ 2021 ਵਿੱਚ ਅਫਗਾਨਿਸਤਾਨ ਦਾ ਕੰਟਰੋਲ ਦੁਬਾਰਾ ਸ਼ੁਰੂ ਕੀਤਾ ਸੀ। ਦਿਨ-ਬ-ਦਿਨ, ਉਹ ਔਰਤਾਂ ਨੂੰ ਸਮਾਜ ਵਿੱਚੋਂ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਕਾਬੁਲ ਵਿੱਚ ਇੱਕ 37 ਸਾਲਾ ਘਰੇਲੂ ਔਰਤ ਨੇ ਕਿਹਾ। ਤਾਲਿਬਾਨ ਦੀਆਂ ਕਾਰਵਾਈਆਂ ਬਾਰੇ ਅੰਤਰਰਾਸ਼ਟਰੀ ਭਾਈਚਾਰੇ ਦੀ ਚੁੱਪੀ ਉਨ੍ਹਾਂ ਨੂੰ ਹਰ ਰੋਜ਼ ਨਵੇਂ ਕਾਨੂੰਨ ਅਤੇ ਪਾਬੰਦੀਆਂ ਬਣਾਉਣ ਲਈ ਉਤਸ਼ਾਹਿਤ ਕਰ ਰਹੀ ਹੈ। ਹਲੇਮਾ ਨਾਂ ਦੀ ਔਰਤ ਨੇ ਇਸਦੀ ਤਸਦੀਕ ਕੀਤੀ।

ਵਾਸ਼ਿੰਗਟਨ ਦੀ ਅਗਵਾਈ ਵਾਲੀ ਪੱਛਮੀ ਰਾਜਧਾਨੀਆਂ ਨੇ ਕਿਹਾ ਹੈ ਕਿ ਤਾਲਿਬਾਨ ਦੀ ਰਸਮੀ ਮਾਨਤਾ ਦਾ ਰਾਹ ਉਦੋਂ ਤੱਕ ਰੁਕਿਆ ਹੋਇਆ ਹੈ ਜਦੋਂ ਤੱਕ ਉਹ ਔਰਤਾਂ ਦੇ ਅਧਿਕਾਰਾਂ ਨੂੰ ਉਲਟਾ ਨਹੀਂ ਦਿੰਦੇ ਅਤੇ ਲੜਕੀਆਂ ਲਈ ਹਾਈ ਸਕੂਲ ਨਹੀਂ ਖੋਲ੍ਹਦੇ।ਤਾਲਿਬਾਨ ਦਾ ਕਹਿਣਾ ਹੈ ਕਿ ਉਹ ਇਸਲਾਮੀ ਕਾਨੂੰਨ ਅਤੇ ਸਥਾਨਕ ਰੀਤੀ-ਰਿਵਾਜਾਂ ਦੀ ਆਪਣੀ ਵਿਆਖਿਆ ਦੇ ਅਨੁਸਾਰ ਔਰਤਾਂ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹਨ ਅਤੇ ਇਹ ਅੰਦਰੂਨੀ ਮਾਮਲੇ ਹਨ ਜਿਨ੍ਹਾਂ ਨੂੰ ਸਥਾਨਕ ਤੌਰ ’ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਨਿਆਂ ਮੰਤਰਾਲੇ ਦੇ ਬੁਲਾਰੇ ਬਰਕਤਉੱਲਾ ਨੇ ਕਿਹਾ ਕਿ 35 ਧਾਰਾਵਾਂ ਵਾਲਾ ਨੈਤਿਕਤਾ ਕਾਨੂੰਨ ਅਧਿਕਾਰਤ ਤੌਰ ’ਤੇ ਲਾਗੂ ਕੀਤਾ ਗਿਆ ਸੀ ਅਤੇ ਸੁਪਰੀਮ ਰੂਹਾਨੀ ਨੇਤਾ ਹੈਬਤੁੱਲਾ ਅਖੁੰਦਜ਼ਾਦਾ ਰਸੋਲੀ ਦੁਆਰਾ ਪ੍ਰਮਾਣਿਤ ਕੀਤੇ ਜਾਣ ਤੋਂ ਬਾਅਦ ਬੁੱਧਵਾਰ ਨੂੰ ਪ੍ਰਕਾਸ਼ਤ ਕੀਤਾ ਗਿਆ ਸੀ। ਨਿਆਂ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, ਇਸ ਕਾਨੂੰਨ ਦੇ ਅਨੁਸਾਰ, ਮੰਤਰਾਲਾ (ਵਿਕਾਰਾਂ ਦੀ ਰੋਕਥਾਮ ਅਤੇ ਨੇਕੀ ਦੇ ਪ੍ਰਸਾਰ ਲਈ) ਇਸਲਾਮੀ ਸ਼ਰੀਆ ਦੇ ਅਨੁਸਾਰ ਚੰਗੇ ਨੂੰ ਉਤਸ਼ਾਹਿਤ ਕਰਨ ਅਤੇ ਬੁਰਾਈ ਨੂੰ ਮਨ੍ਹਾ ਕਰਨ ਲਈ ਜ਼ਿੰਮੇਵਾਰ ਹੈ। ਤਾਲਿਬਾਨ ਦੁਆਰਾ ਪ੍ਰਚਾਰਿਤ ਲੋੜਾਂ ਵਿੱਚ ਔਰਤਾਂ ਲਈ ਉਹ ਪਹਿਰਾਵਾ ਪਾਉਣਾ ਸ਼ਾਮਲ ਹੈ ਜੋ ਉਨ੍ਹਾਂ ਦੇ ਸਰੀਰ ਅਤੇ ਚਿਹਰੇ ਨੂੰ ਪੂਰੀ ਤਰ੍ਹਾਂ ਢੱਕਦਾ ਹੈ ਅਤੇ ਮਰਦਾਂ ਨੂੰ ਦਾੜ੍ਹੀ ਕਟਵਾਉਣ ਦੇ ਨਾਲ-ਨਾਲ ਪ੍ਰਾਰਥਨਾ ਅਤੇ ਧਾਰਮਿਕ ਵਰਤ ਛੱਡਣ ਤੋਂ ਰੋਕਦਾ ਹੈ। ਨਿਆਂ ਮੰਤਰਾਲੇ ਨੇ ਅੱਗੇ ਕਿਹਾ, ਉਲੰਘਣਾ ਲਈ ਜੁਰਮਾਨੇ ਵਿੱਚ ਸਲਾਹ, ਦੈਵੀ ਸਜ਼ਾ ਦੀ ਚੇਤਾਵਨੀ, ਜ਼ੁਬਾਨੀ ਧਮਕੀਆਂ, ਜਾਇਦਾਦ ਜ਼ਬਤ ਕਰਨਾ, ਜਨਤਕ ਜੇਲ੍ਹਾਂ ਵਿੱਚ ਇੱਕ ਘੰਟੇ ਤੋਂ ਤਿੰਨ ਦਿਨਾਂ ਲਈ ਨਜ਼ਰਬੰਦੀ ਅਤੇ ਕੋਈ ਹੋਰ ਸਜ਼ਾ ਸ਼ਾਮਲ ਹੈ, ਅਫਗਾਨਿਸਤਾਨ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ ਨੇ ਐਤਵਾਰ (25 ਅਗਸਤ) ਨੂੰ ਕਿਹਾ ਕਿ ਉਹ ਤਾਲਿਬਾਨ ਅਧਿਕਾਰੀਆਂ ਦੁਆਰਾ ਹਾਲ ਹੀ ਵਿੱਚ ਮਨਜ਼ੂਰ ਕੀਤੇ ਗਏ ਨੈਤਿਕਤਾ ਕਾਨੂੰਨ ਬਾਰੇ ਚਿੰਤਤ ਹੈ, ਖਾਸ ਤੌਰ ’ਤੇ ਔਰਤਾਂ ’ਤੇ ਪਾਬੰਦੀਆਂ ਦੀ ਆਲੋਚਨਾ ਕਰਦਾ ਹੈ। ਅਫਗਾਨਿਸਤਾਨ ਦੇ ਭਵਿੱਖ ਲਈ ਇੱਕ ਦੁਖਦਾਈ ਦ੍ਰਿਸ਼ਟੀਕੋਣ ਹੈ, ਜਿੱਥੇ ਨੈਤਿਕ ਨਿਰੀਖਕਾਂ ਕੋਲ ਉਲੰਘਣਾ ਦੀਆਂ ਵਿਆਪਕ ਅਤੇ ਕਈ ਵਾਰ ਅਸਪਸ਼ਟ ਸੂਚੀਆਂ ਦੇ ਅਧਾਰ ਤੇ ਕਿਸੇ ਨੂੰ ਵੀ ਧਮਕਾਉਣ ਅਤੇ ਹਿਰਾਸਤ ਵਿੱਚ ਲੈਣ ਦੀਆਂ ਅਖਤਿਆਰੀ ਸ਼ਕਤੀਆਂ ਹਨ, ਅਫਗਾਨਿਸਤਾਨ ਵਿੱਚ ਸੰਯੁਕਤ ਰਾਸ਼ਟਰ ਸਹਾਇਤਾ ਮਿਸ਼ਨ (ਯੂ.ਐਨ.ਏ.ਐਮ.ਏ.) ਦੀ ਮੁਖੀ ਰੋਜ਼ਾ ਓਤੁਨਬਾਏਵਾ ਨੇ ਕਿਹਾ।

ਦਹਾਕਿਆਂ ਦੀ ਲੜਾਈ ਤੋਂ ਬਾਅਦ ਅਤੇ ਇੱਕ ਭਿਆਨਕ ਮਾਨਵਤਾਵਾਦੀ ਸੰਕਟ ਦੇ ਵਿਚਕਾਰ, ਅਫਗਾਨ ਲੋਕ ਪ੍ਰਾਰਥਨਾ ਲਈ ਦੇਰ ਹੋ ਜਾਣ, ਵਿਰੋਧੀ ਲਿੰਗ ਦੇ ਕਿਸੇ ਮੈਂਬਰ ’ਤੇ ਨਿਗ੍ਹਾ ਰੱਖਣੀ ਜੋ ਪਰਿਵਾਰ ਦਾ ਮੈਂਬਰ ਨਹੀਂ ਹੈ ਜਾਂ ਕਿਸੇ ਅਜ਼ੀਜ਼ ਦੀ ਫੋਟੋ ਰੱਖਣ ਕਰਕੇ ਧਮਕੀਆਂ ਦੇਣ ਜਾਂ ਜੇਲ੍ਹ ਜਾਣ ਨਾਲੋਂ ਕਿਤੇ ਬਿਹਤਰ ਦੇ ਹੱਕਦਾਰ ਹਨ। ਸ਼੍ਰੀਮਤੀ ਓਤੁਨਬਾਏਵਾ ਨੇ ਕਿਹਾ। ਸੰਯੁਕਤ ਰਾਸ਼ਟਰ ਦੁਆਰਾ ਕਹੇ ਜਾਂਦੇ ਲਿੰਗ ਰੰਗਭੇਦ ਵਾਲੀਆਂ ਪਾਬੰਦੀਆਂ ਦਾ ਸ਼ਿਕਾਰ ਔਰਤਾਂ ਨੂੰ ਜਨਤਕ ਜੀਵਨ ਤੋਂ ਬਾਹਰ ਧੱਕ ਦਿੱਤਾ ਗਿਆ ਹੈ। ਸ਼੍ਰੀਮਤੀ ਓਤੁਨਬਾਯੇਵਾ ਨੇ ਕਿਹਾ ਕਿ ਕਾਨੂੰਨ ਅਫਗਾਨ ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ’ਤੇ ਪਹਿਲਾਂ ਤੋਂ ਹੀ ਅਸਹਿਣਸ਼ੀਲ ਪਾਬੰਦੀਆਂ ਨੂੰ ਵਧਾਉਂਦਾ ਹੈ, ਇੱਥੋਂ ਤੱਕ ਕਿ ਘਰ ਤੋਂ ਬਾਹਰ ਔਰਤ ਦੀ ਆਵਾਜ਼ ਨੂੰ ਵੀ ਨੈਤਿਕ ਉਲੰਘਣਾ ਮੰਨਿਆ ਜਾਂਦਾ ਹ । ਸੰਯੁਕਤ ਰਾਸ਼ਟਰ ਨੇ ਕਾਨੂੰਨ ਵਿਚ ਧਾਰਮਿਕ ਅਤੇ ਪ੍ਰੈਸ ਦੀ ਆਜ਼ਾਦੀ ’ਤੇ ਪਾਬੰਦੀਆਂ ’ਤੇ ਵੀ ਚਿੰਤਾ ਜ਼ਾਹਰ ਕੀਤੀ, ਜਿਸ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਨੂੰ ਸ਼ਰੀਆ ਕਾਨੂੰਨ ਅਤੇ ਧਰਮ ਦੇ ਵਿਰੋਧੀ ਸਮੱਗਰੀ ਪ੍ਰਕਾਸ਼ਤ ਨਹੀਂ ਕਰਨੀ ਚਾਹੀਦੀ ਹੈ।



# ਜਿੰਦ ਮਾਹੀ ਚੱਲ ਚੱਲੀਏ ਆਸਟ੍ਰੇਲੀਆ...

## ਆਸਟ੍ਰੇਲੀਆ ਦੀ 'ਕੁਦਰਤੀ ਸੁੰਦਰਤਾ' ਕਰ ਰਹੀ ਹੈ ਸੈਲਾਨੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਕ੍ਰਿਸ਼ਤ

## ਆਸਟ੍ਰੇਲੀਆ ਦੀ ਆਰਥਿਕਤਾ ਨੂੰ ਵੱਡੀ ਮਜ਼ਬੂਤੀ ਦਿੰਦੀਆਂ ਹਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਫ਼ੀਸਾਂ

ਜਗਮੋਹਨ ਸਿੰਘ 'ਲੱਕੀ'
9463819174





-ਆਸਟ੍ਰੇਲੀਆ ਪ੍ਰਸ਼ਾਂਤ ਅਤੇ ਇੰਡੀਆ ਮਹਾਂਸਾਗਰਾਂ ਦੇ ਵਿਚਕਾਰ ਸਥਿਤ ਇੱਕ ਮਹਾਂਦੀਪੀ ਦੇਸ਼ ਹੈ। ਇਹ ਟਾਪੂ ਨੁਮਾ ਦੇਸ਼ ਲਗਭਗ 8 ਮਿਲੀਅਨ ਵਰਗ ਕਿਲੋਮੀਟਰ ਦੇ ਕੁੱਲ ਖੇਤਰ ਦੇ ਨਾਲ ਵਿਸ਼ਵ ਪੱਧਰ 'ਤੇ ਛੇਵਾਂ ਸਭ ਤੋਂ ਵੱਡਾ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹੈ, ਜਿਸ ਦੇ ਕੁਦਰਤੀ ਸੁਹੱਪਣ ਦੇ ਚਰਚੇ ਦੂਰ ਦੂਰ ਤੱਕ ਹੁੰਦੇ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਵਿਦੇਸ਼ੀ ਸੈਲਾਨੀਆਂ ਦੇ ਨਾਲ- ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੀ ਆਕ੍ਰਿਸ਼ਤ ਕਰਦੀ ਹੈ। ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਕਰਨ ਦੇ ਬਹਾਨੇ ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਮਾਨਣ ਲਈ ਵੱਖ- ਵੱਖ ਦੇਸ਼ਾਂ ਤੋਂ ਆਸਟ੍ਰੇਲੀਆ ਆਉਂਦੇ ਹਨ। ਆਸਟ੍ਰੇਲੀਆ ਵਿੱਚ ਅਜਿਹੇ ਕੁਦਰਤੀ ਸੋਮੇ ਅਤੇ ਦ੍ਰਿਸ਼ ਹਨ, ਜਿਨ੍ਹਾਂ ਨੂੰ ਵੇਖ ਕੇ ਵਿਦਿਆਰਥੀਆਂ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਸਖ਼ਤ ਪੜ੍ਹਾਈ ਕਾਰਨ ਥੱਕੇ ਵਿਦਿਆਰਥੀ ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਵੇਖ ਕੇ ਮੁੜ ਤਰੋ ਤਾਜ਼ਾ ਹੋ ਜਾਂਦੇ ਹਨ। ਅਸਲ ਵਿੱਚ ਕੈਨੇਡਾ ਅਤੇ ਅਮਰੀਕਾ ਤੋਂ ਬਾਅਦ ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ ਅਤੇ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਭਾਰਤ ਤੋਂ ਆਸਟ੍ਰੇਲੀਆ ਜਾ ਰਹੇ ਹਨ। ਹੁਣ ਆਸਟ੍ਰੇਲੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਨਵੇਂ ਕਾਨੂੰਨ ਬਣਾ ਦਿੱਤੇ ਹਨ ਪਰ ਇਹਨਾਂ ਕਾਨੂੰਨਾਂ ਦਾ ਆਸਟ੍ਰੇਲੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਵੱਡੀਆਂ ਯੂਨੀਵਰਸਿਟੀਆਂ ਦੀ ਐਸੋਸੀਏਸ਼ਨ 'ਯੂਨੀਵਰਸਿਟੀਜ਼ ਆਸਟ੍ਰੇਲੀਆ' ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਸੈਕਟਰ 'ਤੇ ਹੈਂਡ ਬ੍ਰੇਕ ਲਗਾਉਣ ਵਾਂਗ ਹੋਵੇਗਾ। ਯੂਨੀਵਰਸਿਟੀਜ਼ ਆਸਟ੍ਰੇਲੀਆ ਦੇ ਮੁਖੀ ਪ੍ਰੋਫੈਸਰ ਡੇਵਿਡ ਲੋਇਡ ਨੇ ਇੱਕ ਬਿਆਨ 'ਚ ਕਿਹਾ ਕਿ ਅਸੀਂ ਪ੍ਰਵਾਸੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਦੇ ਸਰਕਾਰ ਦੇ ਅਧਿਕਾਰ ਨੂੰ ਸਵੀਕਾਰ ਕਰਦੇ ਹਾਂ ਪਰ ਅਜਿਹਾ ਕਿਸੇ ਇੱਕ ਖੇਤਰ, ਖਾਸ ਤੌਰ 'ਤੇ ਸਿੱਖਿਆ ਵਰਗੇ ਖੇਤਰ ਦੀ ਕੀਮਤ 'ਤੇ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜੋ ਆਰਥਿਕ ਤੌਰ 'ਤੇ ਮਹੱਤਵਪੂਰਨ ਹੈ। ਭਾਰਤ ਸਮੇਤ ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਦੇ ਵਿਦਿਆਰਥੀ ਆਸਟ੍ਰੇਲੀਆ ਵਿੱਚ ਸਿੱਖਿਆ ਪ੍ਰਾਪਤ ਕਰਨਾ ਮਹੱਤਵਪੂਰਨ ਸਮਝਦੇ ਹਨ। ਇਥੇ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀਆਂ ਨੂੰ ਆਪਣੇ ਚੰਗੇ ਕੈਰੀਅਰ ਬਣਨ ਦੀ ਉਮੀਦ ਹੁੰਦੀ ਹੈ।

### ਆਸਟ੍ਰੇਲੀਆ ਦੇ ਘੁੰਮਣਯੋਗ ਸਥਾਨ

ਕੰਗਾਰੂਆਂ, ਘੁੰਮਦੀਆਂ ਡਾਲਫਿਨਾਂ ਵਾਲੇ ਸਮੁੰਦਰੀ ਸੰਸਾਰ ਅਤੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਓਪੇਰਾ ਹਾਊਸ ਕਾਰਨ ਆਸਟ੍ਰੇਲੀਆ ਦੀ ਆਪਣੀ ਵੱਖਰੀ ਹੀ ਸ਼ਾਨ ਹੈ। ਆਸਟ੍ਰੇਲੀਆ ਦੇ ਬਰਫੀਲੇ ਪਹਾੜ, ਡੈਨਟਰੀ ਨੈਸ਼ਨਲ ਪਾਰਕ, ਦ ਰੌਕਸ, ਗ੍ਰੇਟ ਓਸ਼ਨ ਰੋਡ, ਫਰੇਜ਼ਰ ਟਾਪੂ, ਤਸਮਾਨੀਆ ਦਾ ਪੁਰਾਣੀ ਅਤੇ ਨਵੀਂ ਕਲਾ ਦਾ ਅਜਾਇਬ ਘਰ, ਆਇਰਸ ਰੌਕ, ਕਾਰਲਟਨ ਗਾਰਡਨ, ਹਾਰਬਰ ਬ੍ਰਿਜ, ਸਿਡਨੀ ਵਿੱਚ ਆਧੁਨਿਕ ਕਲਾ ਦਾ ਹੈਡ ਮਿਊਜ਼ੀਅਮ ਘੁੰਮਣਯੋਗ ਥਾਂਵਾਂ ਹਨ। ਆਸਟ੍ਰੇਲੀਆ ਵਿੱਚ ਬਹੁਤ ਸਾਰੇ ਘੁੰਮਣਯੋਗ ਸਥਾਨ ਹਨ, ਜਿਥੇ ਕਿ ਹਰ ਸਾਲ ਵੱਡੀ ਗਿਣਤੀ ਸੈਲਾਨੀ ਦੁਨੀਆਂ ਭਰ ਤੋਂ ਪਹੁੰਚਦੇ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੀਆਂ ਗੁਲਾਬੀ ਝੀਲਾਂ ਵੀ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹਨ। ਇਹਨਾਂ ਝੀਲਾਂ ਦਾ ਗੁਲਾਬੀ ਰੰਗ ਦਾ ਪਾਣੀ ਸੈਲਾਣੀਆਂ ਨੂੰ ਖਿੱਚ ਪਾਉਂਦਾ ਰਹਿੰਦਾ ਹੈ। ਆਸਟ੍ਰੇਲੀਆ ਵਿਖੇ ਵਾਲਮਨ ਫਾਲਸ, ਮਿਸ਼ੇਲ ਫਾਲਸ, ਈਬੋਰ ਫਾਲਸ, ਮੈਕੇਂਜੀ ਫਾਲਸ, ਜਿਮ ਜਿਮ ਫਾਲਸ, ਮਿਲਿਆ ਮਿਲਿਆ ਫਾਲ, ਫਿਟਜ਼ਰੋਏ ਫਾਲਸ, ਐਲਨਬਰੋ ਫਾਲਸ, ਮੋਰੀਅਲਟਾ ਫਾਲਸ, ਰਸਲ ਫਾਲਸ, ਦੱਖਣੀ ਰੌਕਹੋਲ, ਕ੍ਰਿਸਟਲ ਸ਼ਾਵਰ ਵਾਟਰਫਾਲ, ਬੀਚੈਂਪ ਫਾਲਸ ਵਰਗੇ ਅਨੇਕਾਂ ਹੀ ਸੁੰਦਰ ਕੁਦਰਤੀ ਝਰਨੇ ਹਨ, ਜੋ ਕਿ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ।





### ਪੜ੍ਹਾਈ ਤੇ ਕੰਮ ਦੇ ਨਾਲ ਸੈਰ ਸਪਾਟਾ ਵੀ ਜ਼ਰੂਰੀ

ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਵੀ ਆਪਣੀ ਪੜ੍ਹਾਈ ਵਿਚੋਂ ਸਮਾਂ ਕੱਢਕੇ ਵੱਖ ਵੱਖ ਸੈਲਾਨੀ ਥਾਂਵਾਂ 'ਤੇ ਘੁੰਮ ਕੇ ਆਪਣੇ ਗਿਆਨ ਵਿੱਚ ਵਾਧਾ ਕਰਦੇ ਹਨ। ਅਨੇਕਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਪੜ੍ਹਾਈ ਅਤੇ ਕੰਮ ਦੇ ਬੋਝ ਨੂੰ ਘੱਟ ਕਰਨ ਲਈ ਅਤੇ ਮੁੜ ਤਰੋ ਤਾਜ਼ਾ ਹੋਣ ਲਈ ਅਕਸਰ ਉਹ ਆਸਟ੍ਰੇਲੀਆ ਦੇ ਸੈਲਾਨੀ ਕੇਂਦਰਾਂ 'ਤੇ ਘੁੰਮਣ ਚਲੇ ਜਾਂਦੇ ਹਨ ਭਾਵੇਂਕਿ ਪੜ੍ਹਾਈ ਅਤੇ ਕੰਮ ਦੇ ਬੋਝ ਕਾਰਨ ਉਹਨਾਂ ਨੂੰ ਘੁੰਮਣ ਦਾ ਸਮਾਂ ਘੱਟ ਹੀ ਮਿਲਦਾ ਹੈ ਫਿਰ ਵੀ ਅਨੇਕਾਂ ਵਿਦਿਆਰਥੀ ਘੁੰਮਣ ਦਾ ਸ਼ੌਂਕ ਕਿਸੇ ਨਾ ਕਿਸੇ ਤਰੀਕੇ ਨਾਲ ਪੂਰਾ ਕਰ ਹੀ ਲੈਂਦੇ ਹਨ। ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਤੋਂ ਆਸਟ੍ਰੇਲੀਆ ਆ ਕੇ ਪੜ੍ਹਾਈ ਕਰ ਰਹੇ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਸਖਤ ਮਿਹਨਤ ਕਰਕੇ ਆਪਣੀਆਂ ਫੀਸਾਂ ਦਾ ਪ੍ਰਬੰਧ ਕਰਦੇ ਹਨ।

### ਪਰਵਾਸੀਆਂ ਦੀ ਵਧਦੀ ਗਿਣਤੀ ਤੋਂ ਮੂਲ ਵਸਨੀਕ ਚਿੰਤਤ

ਜਿਸ ਤਰ੍ਹਾਂ ਅਮਰੀਕਾ ਤੇ ਕੈਨੇਡਾ ਦੇ ਮੂਲ ਵਸਨੀਕ ਉਹਨਾਂ ਦੇਸ਼ਾਂ ਵਿੱਚ ਪਰਵਾਸੀ ਲੋਕਾਂ ਦੀ ਵਧ ਰਹੀ ਗਿਣਤੀ ਤੋਂ ਪ੍ਰੇਸ਼ਾਨ ਹਨ, ਉਸੇ ਤਰ੍ਹਾਂ ਹੁਣ ਆਸਟ੍ਰੇਲੀਆ ਦੇ ਮੂਲ ਵਸਨੀਕ ਵੀ ਆਸਟ੍ਰੇਲੀਆ ਵਿੱਚ ਪਰਵਾਸੀ ਲੋਕਾਂ ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਤੋਂ ਚਿੰਤਤ ਹਨ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੰਤਰਰਾਸ਼ਟਰੀ ਸਿੱਖਿਆ ਆਸਟ੍ਰੇਲੀਆ ਦਾ ਚੌਥਾ ਸਭ ਤੋਂ ਵੱਡਾ ਨਿਰਯਾਤ ਉਦਯੋਗ ਹੈ। 2022-2023 ਵਿੱਤੀ ਸਾਲ 'ਚ ਆਰਥਿਕਤਾ 'ਚ ਇਸ ਖੇਤਰ ਦਾ ਯੋਗਦਾਨ 36.4 ਅਰਬ ਆਸਟ੍ਰੇਲੀਅਨ ਡਾਲਰ ਯਾਨੀ ਲਗਭਗ ਦੋ ਹਜ਼ਾਰ ਅਰਬ ਰੁਪਏ ਸੀ। ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਲੋਕ ਪ੍ਰਵਾਸੀਆਂ ਦੀ ਵਧਦੀ ਗਿਣਤੀ ਤੋਂ ਚਿੰਤਤ ਹਨ।

ਇੱਕ ਸਰਵੇਖਣ ਅਨੁਸਾਰ ਵੋਟਰ ਵਿਦੇਸ਼ੀ ਵਿਦਿਆਰਥੀਆਂ ਅਤੇ ਕੰਮ ਕਰਨ ਵਾਲਿਆਂ ਦੀ ਆਮਦ ਤੋਂ ਚਿੰਤਤ ਹਨ, ਜੋ ਹਾਊਸਿੰਗ ਮਾਰਕੀਟ 'ਤੇ ਵਧੇਰੇ ਦਬਾਅ ਪਾ ਰਹੇ ਹਨ। ਇਸ ਕਾਰਨ ਪ੍ਰਵਾਸ ਇੱਕ ਸਾਲ ਅੰਦਰ ਚੋਣ ਮੁੱਦਿਆਂ 'ਚੋਂ ਇੱਕ ਬਣ ਸਕਦਾ ਹੈ। 30 ਸਤੰਬਰ, 2023 ਤੱਕ ਸਾਲ 'ਚ ਸ਼ੁੱਧ ਪ੍ਰਵਾਸ 60 ਫੀਸਦੀ ਵਧ ਕੇ ਰਿਕਾਰਡ 5,48,800 ਹੋ ਗਿਆ ਸੀ। ਇਨ੍ਹਾਂ 'ਚ ਵੱਡੀ ਗਿਣਤੀ ਭਾਰਤ, ਚੀਨ ਅਤੇ ਫਿਲੀਪੀਨਜ਼ ਦੇ ਵਿਦਿਆਰਥੀ ਸਨ। 2022-23 'ਚ ਦੇਸ਼ 'ਚ ਆਏ ਪ੍ਰਵਾਸੀਆਂ ਦੀ ਕੁੱਲ ਗਿਣਤੀ 5,18,000 ਸੀ। ਬ੍ਰਿਟੇਨ ਅਤੇ ਕੈਨੇਡਾ ਦੀ ਤਰਜ਼ 'ਤੇ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਆਸਟ੍ਰੇਲੀਆ ਨੇ ਪਿਛਲੇ ਕੁਝ ਮਹੀਨਿਆਂ 'ਚ ਕਈ ਸਖ਼ਤ ਕਦਮ ਚੁੱਕੇ ਹਨ। ਪਿਛਲੇ ਮਹੀਨੇ ਵਿਦੇਸ਼ੀ ਵਿਦਿਆਰਥੀਆਂ ਦੀ ਵੀਜ਼ਾ ਫੀਸ ਦੁੱਗਣੀ ਤੋਂ ਵੀ ਵੱਧ ਕਰ ਦਿੱਤੀ ਗਈ ਸੀ। ਇਸ ਸਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕੁੱਲ ਨਾਮਜ਼ਦਗੀ ਅੱਠ ਲੱਖ ਨੂੰ ਪਾਰ ਕਰਨ ਦੀ ਉਮੀਦ ਹੈ, ਜੋ ਕਿ 2019 ਦੇ ਮੁਕਾਬਲੇ 17 ਫੀਸਦੀ ਵੱਧ ਹੈ।

2024 'ਚ ਨਾਮਜ਼ਦਗੀਆਂ ਦੀ ਕੁੱਲ ਗਿਣਤੀ 2,89,230 ਹੈ, ਜੋ ਇਸ ਸਮੇਂ ਲਈ ਇੱਕ ਰਿਕਾਰਡ ਹੈ ਅਤੇ 2019 'ਚ 2,49,261 ਨਾਮਜ਼ਦਗੀਆਂ ਤੋਂ 16 ਫੀਸਦੀ ਵੱਧ ਹੈ। ਇਹ ਰਿਕਾਰਡ ਅੰਕੜਾ ਦਰਸਾਉਂਦਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਸਟ੍ਰੇਲੀਆ ਵੱਲ ਖਿੱਚ ਨਾ ਸਿਰਫ਼ ਵਧੀ ਹੈ, ਸਗੋਂ ਨਵੀਆਂ ਉਚਾਈਆਂ 'ਤੇ ਪਹੁੰਚ ਗਈ ਹੈ। ਇਸ ਦਾ ਇੱਕ ਕਾਰਨ ਕੈਨੇਡਾ ਅਤੇ ਬ੍ਰਿਟੇਨ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਘੱਟ ਵੀਜ਼ਿਆਂ ਦੀ ਗਿਣਤੀ ਹੈ। ਅੰਕੜੇ ਦਸ ਰਹੇ ਹਨ ਕਿ ਆਸਟ੍ਰੇਲੀਆ ਜਾਣ ਦੇ ਚਾਹਵਾਨ ਲੋਕਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ ਅਤੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਲੋਕ ਆਸਟ੍ਰੇਲੀਆ ਜਾਣ ਲਈ ਹਰ ਤਰੀਕਾ ਅਪਨਾਉਣ ਲਈ ਤਿਆਰੀ ਕਰ ਰਹੇ ਹਨ।

### ਕਿੱਤਾਮੁੱਖੀ ਕੋਰਸਾਂ ਵਿੱਚ ਵਧੀ ਵਿਦਿਆਰਥੀਆਂ ਦੀ ਗਿਣਤੀ

ਦੁਨੀਆਂ ਭਰ ਤੋਂ ਭਾਵੇਂ ਆਸਟ੍ਰੇਲੀਆ ਵਿੱਚ ਹਰ ਕਿਸਮ ਦੇ ਕੋਰਸਾਂ ਵਿੱਚ ਦਾਖਲੇ ਲੈਣ ਲਈ ਅੰਤਰਰਾਸ਼ਟਰੀ ਵਿਦਿਆਰਥੀ ਆ ਰਹੇ ਹਨ ਪਰ ਕਿੱਤਾਮੁੱਖੀ ਕੋਰਸਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਆਸਟ੍ਰੇਲੀਆ ਦੇ ਸਿੱਖਿਆ ਮੰਤਰੀ ਜੇਸਨ ਕਲੇਅਰ ਦਾ ਕਹਿਣਾ ਹੈ ਕਿ ਅੱਜ ਸਾਡੀਆਂ ਯੂਨੀਵਰਸਿਟੀਆਂ 'ਚ ਕੋਵਿਡ ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ 10 ਫੀਸਦੀ ਜ਼ਿਆਦਾ ਅੰਤਰਰਾਸ਼ਟਰੀ ਵਿਦਿਆਰਥੀ ਹਨ, ਜਦ ਕਿ ਨਿੱਜੀ ਕਿੱਤਾ ਮੁਖੀ ਅਤੇ ਸਿਖਲਾਈ ਸੰਸਥਾਵਾਂ 'ਚ ਉਨ੍ਹਾਂ ਦੀ ਗਿਣਤੀ ਲਗਭਗ 50 ਫ਼ੀਸਦੀ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਨਵੀਂ ਹੱਦ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀਆਂ ਲਈ 145,000 ਅਤੇ ਪ੍ਰੈਕਟੀਕਲ ਅਤੇ ਹੁਨਰ-ਅਧਾਰਿਤ ਕੋਰਸਾਂ ਲਈ 95,000 ਤੱਕ ਸੀਮਤ ਕੀਤੀ ਜਾਵੇਗੀ, ਜੋ ਕਰੀਬ 2023 ਦੇ ਪੱਧਰ ਦੇ ਨੇੜੇ ਹੈ। ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਆਸਟ੍ਰੇਲੀਆ ਦੇ ਨਵੇਂ ਕਾਨੂੰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਨੂੰ ਰੋਕ ਸਕਣਗੇ ਜਾਂ ਫਿਰ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਆਉਣਾ ਪਹਿਲਾਂ ਵਾਂਗ ਹੀ ਜਾਰੀ ਰਹੇਗਾ ?

ਆਸਟ੍ਰੇਲੀਆ ਦਾ ਸ਼ਾਂਤ ਮਾਹੌਲ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਸਾਫ਼ ਸੁਥਰਾ ਵਾਤਾਵਰਣ ਜਿਥੇ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਖਿੱਚਦਾ ਹੈ, ਉਥੇ ਅੰਤਰਰਾਸ਼ਟਰੀ ਵਿਦਿਆਰਥੀ ਵੀ ਆਸਟ੍ਰੇਲੀਆ ਜਾ ਕੇ ਪੜ੍ਹਾਈ ਕਰਨ ਨੂੰ ਤਰਜੀਹ ਦੇ ਰਹੇ ਹਨ। ਭਾਵੇਂ ਕਿ ਹੁਣ ਆਸਟ੍ਰੇਲੀਆ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਖ਼ਤ ਕਾਨੂੰਨ ਬਣਾਉਣ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਹੋਣ ਦੇ ਖ਼ਦਸ਼ੇ ਖੜੇ ਹੋ ਗਏ ਹਨ, ਫਿਰ ਵੀ ਭਾਰਤ ਸਮੇਤ ਦੁਨੀਆਂ ਦੇ ਵੱਖ- ਵੱਖ ਮੁਲਕਾਂ ਤੋਂ ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆ ਜਾਣ ਦੇ ਯਤਨ ਕਰ ਰਹੇ ਹਨ।

# ਸ਼੍ਰੋਮਣੀ ਅਕਾਲੀ ਦਲ ਮੁੜ ਸੁਰਜੀਤ ਕਰੋ ਨਹੀਂ ਤਾਂ ਸਿੱਖ ਪੰਥ ਦੀ ਦੁੱਖਾਂ ਦੀ ਕਾਲ਼ੀ-ਬੋਲ਼ੀ ਰਾਤ ਮੁੱਕਣੀ ਨਹੀਂ



ਗੁਰਤੇਜ ਸਿੰਘ
ਆਈ.ਏ.ਐਸ.

ਸ਼੍ਰੋਮਣੀ ਅਕਾਲੀ ਦਲ ਦੀ ਨਵ-ਸੁਰਜੀਤੀ ਬਾਰੇ ਜ਼ਿਕਰ ਪਿੱਛੇ (2024 ਵਿੱਚ) ਹੋਈਆਂ ਲੋਕ ਸਭਾ ਚੋਣਾਂ ਤੋ ਬਾਅਦ ਨਵੇਂ ਜੋਸ਼ ਨਾਲ ਹੋ ਰਿਹਾ ਹੈ। ਅਸਲੋਂ ਔਝੜ ਪਏ ਜਾਂ ਮੁੱਢੋਂ ਭੋਲ਼ੇ ਲੋਕਾਂ ਨੂੰ ਛੱਡ ਕੇ ਸਭ ਨੂੰ ਪਤਾ ਸੀ ਕਿ ਜਦੋਂ ਵੀ 'ਅਕਾਲ ਚਲਾਣਾ' ਕਰ ਚੁੱਕੇ ਅਕਾਲੀ ਦਲ ਨੂੰ ਸੁਰਜੀਤ ਕਰਨ ਦੀ ਗੱਲ ਚੱਲੇਗੀ ਤਾਂ ਅਕਾਲੀ ਦਲ ਦੇ ਆਈਨ ਤੋਂ ਹੀ ਸ਼ੁਰੂ ਹੋਵੇਗੀ। ਕਾਰਨ ਇਹ ਹੈ ਕਿ ਇਸ ਦੀ ਜਾਣ-ਬੁੱਝ ਕੇ ਕੀਤੀ ਤਬਾਹੀ ਵੇਲੇ ਵੀ ਸ਼ੁਰੂਆਤ ਦਲ ਦੇ ਪੌਣੀ ਸਦੀ ਪਹਿਲਾਂ ਬਣੇ ਆਈਨ ਨੂੰ ਨੇਸਤੋ-ਨਾਬੂਦ ਕਰ ਕੇ ਹੀ ਕੀਤੀ ਗਈ ਸੀ। ਸੋ ਅਮਰੀਕਾ, ਕੈਨੇਡਾ, ਯੂ.ਕੇ. ਦੇ ਗੁਰਸਿੱਖ ਹਮਦਰਦਾਂ ਨਾਲ ਰਲ ਕੇ ਦਿੱਲੀ ਅਤੇ ਪੰਜਾਬ ਦੇ ਕੁਝ ਜਾਗਰੂਕ ਲੋਕਾਂ ਨੇ ਕੋਵਿਡ ਦੇ ਵਿਹਲੇ ਦਿਨੀਂ ਕਰੜੀ ਮਿਹਨਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਨੂੰ ਅਜੋਕੀ ਵਿਸ਼ਵ-ਪੱਧਰੀ ਲੋਕ-ਰਾਜੀ ਸਿਆਸੀ ਸੋਚ ਦੀ ਪੁੱਠ ਦੇ ਕੇ ਪੰਜਾਬੀ ਅਤੇ ਅੰਗ੍ਰੇਜ਼ੀ ਵਿੱਚ ਤਿਆਰ ਕੀਤਾ। ਉਮੀਦ ਸੀ ਕਿ ਜਦੋਂ ਸਿੱਖ ਕੌਮ ਆਪਣੀ ਸਿਆਸੀ ਹੋਂਦ ਬਾਰੇ ਫ਼ਿਕਰ ਕਰਨਾ ਸ਼ੁਰੂ ਕਰੇਗੀ ਤਾਂ ਉਸ ਵੇਲੇ ਘੱਟੋ-ਘੱਟ ਆਈਨ ਦਾ ਇੱਕ ਨਿੱਗਰ ਸਰੂਪ (ਜਾਂ ਖਰੜਾ) ਤਾਂ ਉਸ ਕੋਲ ਹੋਵੇਗਾ ਅਤੇ ਇਉਂ ਕੀਮਤੀ ਸਮੇ ਦੀ ਬਹੁਤ ਬੱਚਤ ਹੋ ਜਾਵੇਗੀ। ਤਿਆਰ ਕੀਤੇ ਆਈਨ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਅਤੇ ਅੰਗੇਜ਼ੀ ਵਿੱਚ ਛਪਵਾ ਵੀ ਲਿਆ ਗਿਆ ਸੀ।

ਸਿਆਸੀ ਲੋਕਾਂ ਦਾ ਧਿਆਨ ਖਿੱਚਣ ਲਈ ਇਸ ਨੂੰ ਕਈ ਪੰਥਕ ਇਕੱਠਾਂ ਵਿੱਚ ਵੰਡਿਆ ਗਿਆ। ਪੂਰੀ ਵਾਹ ਲਾ ਕੇ ਪ੍ਰਚਾਰ ਕੀਤਾ ਗਿਆ ਕਿ ਜੇ ਪੰਥ ਦੀ ਸੁਵੱਲੀ ਨਜ਼ਰ ਹੋ ਜਾਵੇ ਤਾਂ ਇਸ ਨੂੰ ਪ੍ਰਵਾਨ ਕਰ ਲਿਆ ਜਾਵੇ ਨਹੀਂ ਤਾਂ ਇਸ ਨੂੰ ਖਰੜਾ ਸਮਝ ਕੇ ਯੋਗ ਤਬਦੀਲੀਆਂ ਕਰ ਲਈਆਂ ਜਾਣ। ਪਰ ਸ਼ਾਇਦ ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥੧॥ਰਹਾਉ॥ (ਮਹਲਾ ੧, ਪੰਨਾ 750) ਗੁਰ-ਫੁਰਮਾਨ ਅਨੁਸਾਰ ਗੈਰ-ਸਿਆਸੀ ਲੋਕਾਂ ਵੱਲੋਂ ਆਇਆ ਜਾਣ ਕੇ ਕਿਸੇ ਨੇ ਇਸ ਵੱਲ ਤਵੱਜੋਂ ਤਾਂ ਕੀ ਦੇਣੀ ਸੀ, ਇਸ ਵਿਸ਼ੇ ਵੱਲ ਵੀ ਮਿਹਰ ਦੀ ਨਜ਼ਰ ਨਹੀਂ ਕੀਤੀ।

ਕੌਮ ਦਾ ਧਿਆਨ ਸੰਵਿਧਾਨ ਦੀ ਅਹਿਮੀਅਤ ਵੱਲ ਖਿੱਚਣ ਲਈ ਇੱਕ ਹੋਰ ਹੱਥਲਾ ਹੰਭਲਾ ਮਾਰਿਆ ਜਾ ਰਿਹਾ ਹੈ।

ਜਦੋਂ ਵੀ ਕੋਈ ਵੱਡਾ ਕਾਰਜ ਸਿਰੇ ਚਾੜ੍ਹਨਾ ਹੋਵੇ ਤਾਂ ਉਸ ਲਈ ਮੁੱਢਲੀ ਤਿਆਰੀ ਕਰਨੀ ਲਾਜ਼ਮੀ ਹੁੰਦੀ ਹੈ। ਅਮਰੀਕਾ ਨੇ 1776 ਵਿੱਚ ਸੰਵਿਧਾਨ ਬਣਾ ਕੇ ਮੁਲਕਾਂ ਦੀ ਕਤਾਰ ਵਿੱਚ ਸ਼ਮੂਲੀਅਤ ਕੀਤਾ ਅਤੇ ਹਿੰਦੋਸਤਾਨ ਨੇ 1946 ਵਿੱਚ ਹੀ ਵਿਧਾਨ-ਘੜਨੀ ਸਭਾ ਬਣਾ ਕੇ 1947 ਦੀ ਤਿਆਰੀ ਆਰੰਭ ਦਿੱਤੀ ਸੀ। ਏਸੇ ਤਰ੍ਹਾਂ ਕਾਰਲ ਮਾਰਕਸ ਨੇ ਆਪਣੀ ਕੌਮਿਊਨਿਸਟ ਮੈਨੀਫੈਸਟੋ ਨਾਲ ਲੈਸ ਕਰ ਕੇ ਹੀ ਕੌਮਿਊਨਿਸਟ ਪਾਰਟੀ ਨੂੰ ਸਿਆਸਤ ਵਿੱਚ ਠੇਲ੍ਹਿਆ ਸੀ। ਇਹ ਗੱਲ ਏਨੀਂ ਜਗਤ ਵਿਖਿਆਤ ਹੈ ਕਿ ਇਸ ਦੀ ਅਹਿਮੀਅਤ ਦੱਸਣ ਲੱਗਿਆਂ ਵੀ ਸੰਗ ਜਿਹੀ ਮਹਿਸੂਸ ਹੁੰਦੀ ਹੈ। ਜਿਨ੍ਹਾਂ ਦੇ ਗੁਰੂ ਨੇ ਪਹਿਲਾਂ ਗੁਰੂ ਗ੍ਰੰਥ ਤਿਆਰ ਕੀਤਾ ਅਤੇ ਫਿਰ ਖ਼ਾਲਸਾ ਸਾਜਿਆ, ਉਹਨਾਂ ਨੂੰ ਆਈਨ ਦੀ ਅਹਿਮੀਅਤ ਦੱਸਣ ਦੀ ਤਾਂ ਲੋੜ ਹੀ ਨਹੀਂ ਹੋਣੀ ਚਾਹੀਦੀ ਸੀ।

ਸਮਝ ਨਹੀਂ ਸੀ ਆ ਰਹੀ ਕਿ ਕਿਉਂ ਲੋਕਾਂ ਦਾ ਧਿਆਨ ਵਿਧਾਨ ਦੀ ਘਾਟ ਵੱਲ ਨਹੀ ਜਾਂਦਾ। ਇੱਕ ਫੁਰਨਾ ਫੁਰਿਆ ਕਿ ਸ਼ਾਇਦ ਲੋਕਾਂ ਨੂੰ ਪਤਾ ਨਹੀਂ ਕਿ ਅਕਾਲੀ ਦਲ ਦੇ ਕਤਲ ਦੀ ਪ੍ਰਕਿਰਿਆ ਆਈਨ ਨੂੰ ਕਤਲ ਕਰ ਕੇ ਹੀ ਸ਼ੁਰੂ ਕੀਤੀ ਗਈ ਸੀ। ਅੱਜ ਇਸ ਦੇ ਸੰਵਿਧਾਨ ਨੂੰ ਕਤਲ ਕਰਨ ਦੀ ਸਾਖੀ ਵੀ ਸੁਹਿਰਦ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰੀਏ ਜਿਵੇਂ 'ਅਕਾਲੀ ਦਲ ਕੇ ਅਕਾਲ ਚਲਾਣੇ ਕੀ ਸਾਖੀ' ਕਦੇ ਪੇਸ਼ ਕੀਤੀ ਸੀ। ਸ਼ਾਇਦ ਕੋਈ ਤਵੱਜੋਂ ਦੇ ਸਕੇ।

ਤੱਥ ਦੱਸਦੇ ਹਨ ਕਿ ਤਕਰੀਬਨ 1980 ਵਿੱਚ ਸਭ ਨੂੰ ਚਾਨਣ ਹੋ ਗਿਆ ਸੀ ਕਿ ਅਕਾਲੀ ਦਲ ਦੇ ਪਾਟੋਧਾੜ ਹੋਣ ਕਾਰਣ ਅਕਾਲੀ ਦਲ ਦਾ ਸੰਵਿਧਾਨ ਅਲੋਪ ਹੋ ਗਿਆ ਹੈ। ਦਰਅਸਲ ਫ਼ਤਹਿ ਸਿੰਘ ਦੇ ਸਿਆਸਤ ਵਿੱਚ ਦਾਖ਼ਲੇ ਨਾਲ ਇਹ ਅੱਖਰ-ਅੱਖਰ ਕਰ ਕੇ ਖੁਰਨਾ ਸ਼ੁਰੂ ਹੋ ਚੁੱਕਾ ਸੀ। 1980 ਵਾਲਾ ਦਲ ਦੋਫਾੜ ਹੋਣਾ ਆਈਨ ਦੇ ਤਾਬੂਤ ਵਿੱਚ ਆਖ਼ਰੀ ਕਿੱਲ ਸੀ। ਇਸ ਤੋਂ ਬਾਅਦ ਤਾਂ ਦਲ-ਦਲ ਹੀ ਬਣ ਗਈ। ਬਣਦੀ ਵੀ ਕਿਉਂ ਨਾ! ਆਈਨ ਦੀ ਤਾਂ ਲੋੜ ਨਹੀਂ ਸੀ। ਜਿਸ ਨੇ ਢਾਈ ਟੋਟਰੂ ਇਕੱਠੇ ਕਰ ਲਏ ਦਲ ਬਣਾ ਬੈਠਾ। ਇਉਂ ਬਾਦਲ ਦਲ, ਬਰਨਾਲਾ ਦਲ, ਅਮਰਿੰਦਰ ਦਲ, ਬਾਬਾ ਦਲ, ਪੰਚ-ਪ੍ਰਧਾਨੀ ਦਲ, ਪੰਥਕ ਅਕਾਲੀ ਦਲ, ਅਕਾਲੀ ਦਲ ਲੌਂਗੋਵਾਲ, ਮਾਨ ਦਲ, ਸੰਯੁਕਤ ਦਲ, ਮਨਜੀਤ ਸਿੰਘ ਦਲ ਆਦਿ ਹੋਂਦ ਵਿੱਚ ਆ ਗਏ। ਸੰਵਿਧਾਨ ਕਿਸੇ ਨਾ ਬਣਾਇਆ, ਨਾ ਲੋੜ ਸਮਝੀ। ਜਿਨ੍ਹਾਂ ਨੇ ਲੋਕਾਂ ਦੀਆਂ ਅੱਖਾਂ ਵਿੱਚ ਦੱਬ ਕੇ ਘੱਟਾ ਪਾਉਣਾ ਸੀ ਉਹਨਾਂ ਕਾਗ਼ਜ਼ਾਂ ਵਿੱਚ ਦੋ-ਦੋ ਵਿਧਾਨ ਘੜ ਲਏ। ਕਾਗ਼ਜ਼ ਦੇ ਪੁਤਲਿਆਂ ਵਾਂਗ ਇਹ ਕਦੇ ਅਸਰ-ਅੰਦਾਜ਼ ਨਾ ਹੋਏ ਪਰ ਆਪਣੀ ਮਾਈ-ਬਾਪ ਬਣੀ ਕੇਂਦਰੀ ਸਰਕਾਰ ਦੇ ਕਾਗਜ਼ਾਂ ਦਾ ਢਿੱਡ ਭਰਨ ਲਈ ਕਾਫ਼ੀ ਸਨ।

ਇਸ ਘੱਟਾ-ਪਾਊ ਅਮਲ ਦੀ ਸ਼ੁਰੂਆਤ ਕਰਦਿਆਂ ਸੰਤ ਹਰਚੰਦ ਸਿੰਘ ਨੇ ਫ਼ਰੀਦਕੋਟ ਦੇ ਬਲਬੀਰ ਸਿੰਘ ਬਰਾੜ ਅਧੀਨ ਆਈਨ ਘੜਨ ਲਈ ਇੱਕ ਕਮੇਟੀ ਸਤੰਬਰ 1980 ਵਿੱਚ ਬਣਾਈ। ਉਸ ਨੇ ਮਈ 17, 1981 ਦੇ ਜਨਰਲ ਇਜਲਾਸ ਵਿੱਚ ਆਈਨ ਦਾ ਖਰੜਾ ਪੇਸ਼ ਕਰ ਦਿੱਤਾ। ਸੰਤ ਲੌਂਗੋਵਾਲ ਨੇ ਤੁਰੰਤ 2000 ਦੀ ਗਿਣਤੀ ਵਿੱਚ ਛਾਪ ਲਿਆ। ਪਰ ਇਸ ਵਿੱਚ ਅਨੇਕਾਂ ਗ਼ਲਤੀਆਂ ਸਨ, ਇਸ ਲਈ ਤੁਰੰਤ ਰੱਦ ਕਰ ਦਿੱਤਾ ਗਿਆ। ਫੇਰ ਧਰਮ ਯੁੱਧ ਮੋਰਚਾ ਸ਼ੁਰੂ ਹੋ ਗਿਆ। ਇਹਨੀ ਦਿਨੀਂ ਭਰਪੂਰ ਸਿੰਘ ਬਲਬੀਰ ਨੇ ਵੀ ਇੱਕ ਆਈਨ ਘੜ ਕੇ ਆਪਣਾ ਯੋਗਦਾਨ ਪਾਇਆ। ਪਰ ਸਹਿਮਤੀ ਕਿਸੇ ਖਰੜੇ ਉੱਤੇ ਨਾ ਹੋ ਸਕੀ। ਸੰਤ ਲੌਂਗੋਵਾਲ ਨੇ ਮੋਰਚੇ ਦੇ ਖ਼ਾਤਮੇ ਤੋਂ ਤਿੰਨ ਦਿਨ ਬਾਅਦ ਸਭਾ ਬੁਲਾ ਕੇ ਵਿਧਾਨ ਨੂੰ ਮਨਜ਼ੂਰੀ ਦੇਣ ਦਾ ਐਲਾਨ ਕਰ ਦਿੱਤਾ ਪਰ ਮੋਰਚੇ ਦਾ ਅੰਤ ਹੋਇਆ ਤੋਪਾਂ ਦੇ ਗੋਲ਼ਿਆਂ, ਕਤਲੋਗਾਰਤ ਨਾਲ। ਕਲਮਾਂ, ਕਾਗ਼ਜ਼ ਅਤੇ ਨੇਕ ਇਰਾਦੇ ਸਭ ਧੂ-ਧੂ ਕਰ ਕੇ ਬਲ-ਮੱਚ ਗਏ।1985 ਵਿੱਚ ਬਰਨਾਲਾ ਦਲ ਨਾਂਅ ਹੇਠ ਸਰਕਾਰ ਬਣ ਗਈ। ਰਾਜੀਵ ਗਾਂਧੀ ਦੇ ਥਾਪੜੇ ਨਾਲ ਬਣੀ ਸੀ, ਇਸ ਲਈ ਕਿਸੇ ਨਾ ਵਿਚਾਰਿਆ ਕਿ ਸੰਵਿਧਾਨ ਕੀ ਸ਼ੈਅ ਹੁੰਦੀ ਹੈ। ਬਰਨਾਲਾ ਸਰਕਾਰ ਦੀਆਂ ਕਰਤੂਤਾਂ ਕਾਰਨ 1986 ਵਿੱਚ ਇੱਕ ਵਾਰ ਫੇਰ ਅਕਾਲੀ ਦਲ ਦੋਫਾੜ ਹੋ ਗਿਆ। ਜੂਨ 4, 1986 ਨੂੰ ਪ੍ਰਕਾਸ਼ ਸਿੰਘ ਬਾਦਲ ਪਾਰਟੀ ਪ੍ਰਧਾਨ ਬਣ ਗਿਆ ਅਤੇ ਇਸ ਤੋਂ ਬਾਅਦ ਕਈ ਉਤਰਾਅ-ਚੜ੍ਹਾਅ ਫੇਰ ਵੀ ਆਏ ਪਰ ਕਾਗ਼ਜ਼ੀ ਸੰਵਿਧਾਨਾਂ ਤੋਂ ਅਗਾਂਹ ਕਦੇ ਕਿਸੇ ਸੰਵਿਧਾਨ ਦੀ ਲੋੜ ਹੀ ਨਾ ਸਮਝੀ ਗਈ। ਫਰਵਰੀ 1987 ਵਿੱਚ ਸਿੰਘ ਸਾਹਿਬ ਦਰਸ਼ਨ ਸਿੰਘ ਜੀ ਨੇ ਨੌਂ ਮੈਂਬਰੀ ਕਮੇਟੀ ਬਣਾ ਕੇ ਸੰਵਿਧਾਨ ਵਾਲਾ ਫਸਤਾ ਹੀ ਵੱਢ ਦਿੱਤਾ। ਇਸ ਤੋਂ ਬਾਅਦ ਜੇਲ੍ਹ ਅੰਦਰ ਮਾਨ ਦਲ ਅਤੇ ਬਾਹਰ ਬਾਬਾ ਜੋਗਿੰਦਰ ਸਿੰਘ ਦਲ ਬਿਨਾ ਆਈਨ ਤੋਂ ਧੜੱਲੇ ਨਾਲ ਚੱਲਦੇ ਰਹੇ। (ਬਾਕੀ ਸਫ਼ਾ 31 'ਤੇ)



# ਅਕਾਲ ਤਖ਼ਤ ਸਾਹਿਬ ਤੇ ਪੰਥਕ ਫ਼ੈਸਲੇ



ਕਿਰਨਜੋਤ ਕੌਰ
(ਮੈਂਬਰ ਐੱਸ.ਜੀ.ਪੀ.ਸੀ.)

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰੂ ਪੰਥ ਨੂੰ ਵੀ ਗੁਰਿਆਈ ਬਖ਼ਸ਼ੀ। ਗੁਰੂ ਪੰਥ ਉਹ ਖ਼ਾਲਸਾ ਪੰਥ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਾਜਿਆ ਅਤੇ ਉਸ ਵਿੱਚ ਅਭੇਦ ਹੋ ਗਏ। ਭਾਈ ਪ੍ਰਹਿਲਾਦ ਸਿੰਘ ਦੀ ਰਹਿਤਨਾਮੇ ਵਿੱਚ ਇਸ ਨੂੰ ਇੰਝ ਸਮਝਾਇਆ ਗਿਆ ਹੈ। ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ, ਜੋ ਸਿੱਖ ਮੋ ਮਿਲਬੋ ਚਹਹਿ, ਖੋਜ ਇਨਹੁ ਮਹਿ ਲੇਹੁ।

ਭਾਵ ਗੁਰੂ ਦੀ ਰੂਹ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਤੇ ਦੇਹ ਖ਼ਾਲਸਾ ਪੰਥ ਵਿੱਚ। ਖ਼ਾਲਸਾ ਪੰਥ ਇੱਕ ਜਥੇਬੰਦੀ ਹੈ ਜਿਸ ਨੂੰ ਇੱਕ ਸੂਤ ਵਿੱਚ ਪਰੋਏ ਰੱਖਣ ਲਈ ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਰਹਿਣਾ ਪੈਂਦਾ ਹੈ। ਜੇ ਰਹਿਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖ਼ਸ਼ਾਉਣੀ ਸ਼ਾਮਲ ਹੈ। ਸਿੱਖ ਰਹਿਤ-ਮਰਿਆਦਾ ਵਿੱਚ ਤਨਖ਼ਾਹੀਏ ਇਹ ਹਨ- ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ ਆਦਿ ਪੰਥ ਵਿਰੋਧੀਆਂ ਜਾਂ ਨੜੀ-ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ। ਇੱਥੇ ਵਰਤਣ ਦਾ ਮਤਲਬ ਰੋਟੀ-ਬੇਟੀ ਦੀ ਸਾਂਝ ਹੈ। ਹੋਰ ਵੀ ਕਈ ਅਮਲਾਂ ਨਾਲ ਸਿੱਖ ਤਨਖ਼ਾਹੀਆ ਹੋ ਜਾਂਦਾ ਹੈ। ਪਰ ਚਾਰ ਬੱਜਰ ਕੁਰਹਿਤਾਂ 'ਚੋਂ ਕੋਈ ਵੀ ਇਕ ਕਰਨ ਵਾਲਾ ਭਾਵ ਕੇਸਾਂ ਦੀ ਬੇਅਦਬੀ, ਕੁਠਾ (ਮੁਸਲਮਾਨੀ ਤਰੀਕੇ ਨਾਲ ਬਣਿਆ) ਮਾਸ ਖਾਣਾ, ਪਰ ਇਸਤਰੀ/ਮਰਦ ਗਮਨ ਜਾਂ ਤੰਬਾਕੂ ਦੀ ਵਰਤੋਂ, ਪਤਿਤ ਹੋ ਜਾਂਦਾ ਹੈ ਅਤੇ ਆਪਣੇ-ਆਪ ਸਿੱਖੀ ਤੋਂ ਬਾਹਰ ਹੋ ਜਾਂਦਾ ਹੈ।

ਤਨਖ਼ਾਹੀਏ ਕੋਲ ਮਾਫ਼ੀ ਦਾ ਮੌਕਾ ਹੁੰਦਾ ਹੈ ਪਰ ਤਨਖ਼ਾਹੀਏ ਹੱਥੋਂ ਕੋਈ ਪਾਣੀ ਨਹੀਂ ਪੀਂਦਾ, ਫਤਹਿ ਨਹੀਂ ਬੁਲਾਉਂਦਾ ਤੇ ਗੁਰਦੁਆਰੇ ਵਿੱਚ ਉਸ ਦੀ ਦੇਗ ਪ੍ਰਵਾਨ ਨਹੀਂ ਹੁੰਦੀ। ਤਨਖ਼ਾਹੀਏ ਦੀ ਅਰਦਾਸ ਨਹੀਂ ਹੋ ਸਕਦੀ ਤੇ ਪੰਜਾਂ ਤਖ਼ਤਾਂ 'ਤੇ ਉਸ ਦਾ ਜਾਣਾ ਵਿਵਰਜਤ ਹੈ। ਅਸਲ ਵਿੱਚ ਤਨਖ਼ਾਹੀਆ ਸ਼ਬਦ ਦਾ ਮੂਲ ਇਹ ਹੈ ਕਿ ਜਦੋਂ ਪੰਜਾਬ ਦੇ ਮੁਸਲਮਾਨ ਹਾਕਮਾਂ ਨੇ ਅਮਨ ਕਾਇਮ ਕਰਨ ਲਈ ਸਿੱਖਾਂ ਨਾਲ ਜ਼ਾਹਿਰਾ ਤੌਰ 'ਤੇ ਮੇਲ ਕਰ ਲਿਆ ਤਾਂ ਕਈ ਸਿੱਖਾਂ ਨੂੰ ਮੁਨਾਸਬ ਤਨਖ਼ਾਹ 'ਤੇ ਮੁਲਾਜ਼ਮ ਰੱਖ ਲਿਆ। ਅਣਖੀ ਸਿੱਖ ਇਨ੍ਹਾਂ ਸਿੱਖਾਂ ਦਾ ਕਰਮ ਘ੍ਰਿਣਾਯੋਗ ਜਾਣ ਕੇ, ਨੌਕਰ ਸਿੱਖਾਂ ਦੀ ਅੱਲ 'ਤਨਖ਼ਾਹੀਏ' ਪਾ ਦਿੱਤੀ। ਕੁਝ ਸਮਾਂ ਪਾ ਕੇ ਧਰਮ ਅਤੇ ਮਰਿਆਦਾ ਵਿਰੁੱਧ ਕਰਮ ਕਰਨ ਵਾਲੇ ਅਤੇ ਧਰਮ ਦੰਡ ਦੇ ਅਧਿਕਾਰੀ ਦਾ ਨਾਂ 'ਤਨਖ਼ਾਹੀਆ' ਪੱਕ ਗਿਆ। ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਸ਼ਬਦਾਂ ਵਿੱਚ ਤਨਖ਼ਾਹੀਆ ਐਲਾਨਿਆ ਜਾਣਾ ਕੋਈ ਛੋਟੀ ਘਟਨਾ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਖ਼ਤ ਸ਼ਬਦ ਵਰਤੇ ਗਏ ਹਨ। 'ਸੁਖਬੀਰ ਸਿੰਘ ਬਾਦਲ ਨੇ ਬਤੌਰ ਡਿਪਟੀ ਮੁੱਖ ਮੰਤਰੀ ਪੰਜਾਬ ਸਰਕਾਰ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੁੰਦਿਆਂ ਹੋਇਆਂ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਨੂੰ ਭਾਰੀ ਢਾਹ ਲੱਗੀ, ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਬਹੁਤ ਪਤਲੀ ਹੋਈ, ਸਿੱਖ ਹਿੱਤਾਂ ਨੂੰ ਬਹੁਤ ਭਾਰੀ ਨੁਕਸਾਨ ਹੋਇਆ'। ਪਰ ਇਸ ਨੂੰ 2007 ਤੋਂ 2017 ਤੱਕ ਦੇ ਸਮੇਂ ਵਿੱਚ ਸੀਮਤ ਕਰ ਦਿੱਤਾ ਗਿਆ ਹੈ। ਇਸ ਸਮੇਂ 'ਚ ਰਹੇ ਸਿੱਖ ਮੰਤਰੀਆਂ ਨੂੰ ਵੀ ਸਪਸ਼ਟੀਕਰਨ ਦੇਣ ਲਈ ਕਿਹਾ। ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕਿਸੇ ਦੇਰੀ ਅਗਲੇ ਹੀ ਦਿਨ ਨਿੱਜੀ ਤੌਰ 'ਤੇ ਪੇਸ਼ ਹੋ ਕੇ 'ਹੁਕਮਨਾਮੇ ਅਨੁਸਾਰ ਗੁਰੂ ਪੰਥ ਪਾਸੋਂ ਦੋਵੇਂ ਹੱਥ ਜੋੜ ਕੇ ਨਿਮਰਤਾ ਤੇ ਹਲੀਮੀ ਨਾਲ ਖਿਮਾ ਜਾਚਨਾ ਕੀਤੀ'। ਇਸ ਸਾਰੇ ਵਰਤਾਰੇ 'ਚ ਇਹ ਨਹੀਂ ਦੱਸਿਆ ਗਿਆ ਕਿ ਸੁਖਬੀਰ ਸਿੰਘ ਬਾਦਲ ਦੇ ਕਿਹੜੇ ਫ਼ੈਸਲੇ ਵਿਚਾਰ ਅਧੀਨ ਹਨ।

ਨਾ ਹੀ ਇਹ ਦੱਸਿਆ ਗਿਆ ਕਿ ਕਾਹਦੀ ਖਿਮਾ ਜਾਚਨਾ ਕੀਤੀ ਜਾ ਰਹੀ ਹੈ। ਇਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਕਾਲੀ ਦਲ ਸੁਧਾਰ ਲਹਿਰ ਦੇ ਕੁਝ ਲੀਡਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਜੋ 2007 ਤੋਂ 2017 ਵਿੱਚ ਚਾਰ ਗ਼ਲਤੀਆਂ ਦੇ ਮੂਕ ਗਵਾਹ ਹੋਣ ਦੀ ਗ਼ਲਤੀ ਮੰਨੀ ਹੈ, ਉਨ੍ਹਾਂ ਹੀ ਗ਼ਲਤੀਆਂ ਦੇ ਆਧਾਰ 'ਤੇ ਕਾਰਵਾਈ ਹੋ ਰਹੀ ਹੈ। ਪਹਿਲੀ ਬੱਜਰ ਗ਼ਲਤੀ ਸਿਰਸਾ ਸਾਧ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਰਚਾਏ ਸਵਾਂਗ ਦਾ ਦਰਜ ਕੀਤਾ ਪੁਲਿਸ ਕੇਸ ਵਾਪਸ ਲੈਣਾ ਸੀ। ਸੰਨ 2007 ਵਿੱਚ ਸਾਧ ਵੱਲੋਂ ਸਵਾਂਗ ਰਚਾਉਣ ਉਪਰੰਤ ਪੰਥ 'ਚ ਅਜਿਹੀ ਰੋਸ ਦੀ ਲਹਿਰ ਦੌੜੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸਾਧ ਤੇ ਉਸ ਦੇ ਚੇਲਿਆਂ ਨਾਲ ਸਮਾਜਿਕ ਤੇ ਸਿਆਸੀ ਨਾਤਾ ਤੋੜਨ ਦਾ ਹੁਕਮ ਹੋਇਆ ਸੀ। ਡੇਰਾ ਪ੍ਰੇਮੀਆਂ ਨਾਲ ਥਾਂ-ਥਾਂ ਸਿੱਖਾਂ ਦੀ ਤਕਰਾਰ ਹੋਈ। ਅਚਾਨਕ ਬਠਿੰਡਾ ਪੁਲਿਸ ਨੇ 2012 ਦੀ ਚੋਣ ਤੋਂ ਤਿੰਨ ਦਿਨ ਪਹਿਲਾਂ ਚੁੱਪ-ਚੁਪੀਤੇ ਕੇਸ ਵਾਪਸ ਲੈ ਲਿਆ ਪਰ ਸਿਰਸਾ ਸਾਧ ਵਿਰੁੱਧ ਹੋਇਆ ਹੁਕਮਨਾਮਾ ਵਾਪਸ ਨਹੀਂ ਹੋਇਆ, ਇਸ ਲਈ ਡੇਰਾ ਪ੍ਰੇਮੀਆਂ ਨੂੰ ਮਿਲਣਾ ਵੀ ਹੁਕਮਨਾਮੇ ਦੀ ਹੁਕਮ-ਅਦੂਲੀ ਸੀ। ਸੁਖਬੀਰ ਸਿੰਘ ਬਾਦਲ ਨੇ ਡੇਰਾ ਪ੍ਰੇਮੀਆਂ ਨਾਲ ਮਿਲਵਰਤਣ ਰੱਖਿਆ ਤੇ ਉਹ ਉਨ੍ਹਾਂ ਦੇ ਘਰ ਬੇਖ਼ੌਫ਼ ਆਉਂਦੇ-ਜਾਂਦੇ ਰਹੇ।

ਸਿਰਸਾ ਸਾਧ ਨੂੰ ਮਾਫ਼ੀ ਦਿਵਾਉਣ ਲਈ ਤਖ਼ਤਾਂ ਦੇ ਜਥੇਦਾਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਬੁਲਾ ਕੇ ਵਿਓਂਤ ਬਣਾਈ ਗਈ। ਇਹ ਸਭ ਗੱਲਾਂ ਲੋਕਾਂ ਨੂੰ ਪਤਾ ਹਨ। ਇੱਥੇ ਧਾਰਮਿਕ ਪੱਖੋਂ ਇਹ ਅਹਿਮ ਨੁਕਤਾ ਹੈ ਕਿ ਆਪਣੇ ਰੁਤਬੇ ਦੀ ਹਉਮੈ ਵਿੱਚ ਤਖ਼ਤਾਂ ਦੇ ਜਥੇਦਾਰਾਂ ਨੂੰ ਸੁਖਬੀਰ ਸਿੰਘ ਨੇ ਆਪਣੀ ਮਨਮਰਜ਼ੀ ਨਾਲ ਵਰਤਿਆ। ਜਿਸ ਤਖ਼ਤ 'ਤੇ ਸਿੱਖਾਂ ਦੀ ਸਿਰ ਨਿਵਾ ਕੇ ਆਤਮਿਕ ਸ਼ੁੱਧੀ ਲਈ ਜਾਣ ਦੀ ਪਰੰਪਰਾ ਹੈ, ਉੱਥੇ ਦੇ ਜਥੇਦਾਰਾਂ ਤੋਂ ਪੰਥਕ ਮਰਿਆਦਾ ਛਿੱਕੇ ਟੰਗ ਕੇ ਪੰਥ ਵਿਰੋਧੀ ਫ਼ੈਸਲਾ ਕਰਵਾਉਣ ਦੇ ਜਿੰਨੇ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ, ਉਤਨੇ ਹੀ ਉਹ ਸਿੰਘ ਸਾਹਿਬਾਨ ਵੀ ਮਰਿਆਦਾ ਉੱਤੇ ਪਹਿਰਾ ਨਾ ਦੇਣ ਦੇ ਜ਼ਿੰਮੇਵਾਰ ਹਨ। ਇੱਕ ਛੇੜਛਾੜ ਵਾਲੀ (ਸੋਧੀ ਹੋਈ) ਚਿੱਠੀ ਦੇ ਆਧਾਰ 'ਤੇ ਸਿਰਸਾ ਸਾਧ ਨੂੰ ਮਾਫ਼ ਕਰ ਦਿੱਤਾ ਗਿਆ।

ਜਦਕਿ ਮਰਿਆਦਾ ਇਹ ਹੈ ਕਿ ਗ਼ਲਤੀ ਕਰਨ ਵਾਲੇ ਸੱਜਣ ਦੇ ਖ਼ੁਦ ਹਾਜ਼ਰ ਹੋਣ 'ਤੇ ਹੀ ਉਸ ਦਾ ਫ਼ੈਸਲਾ ਕੀਤਾ ਜਾ ਸਕਦਾ ਹੈ। ਬਤੌਰ ਪ੍ਰਧਾਨ ਅਕਾਲੀ ਦਲ ਅਤੇ ਡਿਪਟੀ ਮੁੱਖ ਮੰਤਰੀ ਪੰਜਾਬ ਜਿੰਨੇ ਸੁਖਬੀਰ ਸਿੰਘ ਬਾਦਲ ਦੋਸ਼ੀ ਹਨ, ਉਨ੍ਹਾਂ ਦਾ ਹੁਕਮ ਮੰਨਣ ਵਾਲੇ ਜਥੇਦਾਰ ਵੀ ਉਤਨੇ ਹੀ ਦੋਸ਼ੀ ਹਨ। ਅਫ਼ਸੋਸ, ਮਾਫ਼ੀਨਾਮਾ ਸਿਰਸਾ ਸਾਧ ਦੀ ਪੰਜਾਬ ਵਿੱਚ ਫ਼ਿਲਮ ਚਲਾਉਣ ਲਈ ਕੀਤਾ ਗਿਆ ਸੀ। ਪੰਜਾਬ ਵਿੱਚ ਫ਼ਿਲਮ ਚਲਾਉਣ ਲਈ ਅਕਾਲੀ ਸਰਕਾਰ ਨੇ ਨਾ ਕੇਵਲ ਪੁਲਿਸ ਪਹਿਰਾ ਲਵਾਇਆ, ਅਕਾਲੀ ਵਰਕਰਾਂ ਨੂੰ ਫ਼ਿਲਮ ਵੇਖਣ ਲਈ ਉਤਸ਼ਾਹਤ ਕਰਨ ਦੀ ਚਰਚਾ ਹੈ।

ਸਿੱਖ ਪੰਥ ਦੇ ਵਿਰੋਧ ਅੱਗੇ ਜਥੇਦਾਰਾਂ ਨੂੰ ਝੁਕਣਾ ਪਿਆ ਅਤੇ ਹੁਕਮਨਾਮਾ ਵਾਪਸ ਲੈਣਾ ਪਿਆ। ਹੁਕਮਨਾਮਾ ਵਾਪਸ ਲੈਣ ਦੀ ਸਿੱਖ ਇਤਿਹਾਸ 'ਚ ਪਰੰਪਰਾ ਨਹੀਂ ਹੈ। ਇੱਥੇ ਵੀ ਪਰੰਪਰਾ ਤੇ ਸਿਧਾਂਤ ਦਾ ਘਾਣ ਹੋਇਆ ਹੈ। ਇੱਕ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਦੇ ਗੁਰਦੁਆਰੇ ਤੋਂ ਚੋਰੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ 'ਤੇ ਅਕਾਲੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਗੁਰਦੁਆਰੇ ਦੀ ਕੰਧ 'ਤੇ ਸਿੱਖਾਂ ਨੂੰ ਚੁਣੌਤੀ ਦੇਣ ਤੇ ਚਿੜਾਉਣ ਵਾਲੇ ਪੋਸਟਰ ਦਾ ਸੰਜੀਦਾ ਨੋਟਿਸ ਨਹੀਂ ਲਿਆ ਗਿਆ। ਜਦੋਂ ਲਲਕਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਬੇਅਦਬੀ ਹੋਈ ਤੇ ਸਿੱਖ ਰੋਹ 'ਚ ਸੜਕਾਂ 'ਤੇ ਆ ਗਏ, ਉਸ ਪੰਥਕ ਜਜ਼ਬੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਹੋਈ ਜਾਪਦੀ। ਪੁਲਿਸ ਦੀ ਸ਼ਕਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। (ਬਾਕੀ ਸਫ਼ਾ 31 'ਤੇ)



# ਕੈਨੇਡਾ ਦੇ ਮੋਢੀ ਸਿੱਖ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ
ਐਬਟਸਫੋਰਡ ਬੀ.ਸੀ. ਕੈਨੇਡਾ

ਗੌਰਵਮਈ ਇਤਿਹਾਸ ਕੌਮਾਂ ਦੀ ਜਿੰਦ ਜਾਨ ਹੋਇਆ ਕਰਦੇ ਹਨ। ਦੁਨੀਆਂ ਦੀਆਂ ਮਹਾਨ ਕੌਮਾਂ ਆਪਣੇ ਵਿਰਸੇ ਨੂੰ ਸੰਭਾਲਦੀਆਂ ਅਤੇ ਉਸ ਤੋਂ ਸੇਧ ਲੈ ਕੇ ਵਰਤਮਾਨ ਵਿੱਚ ਜੂਝਦੀਆਂ ਅਤੇ ਭਵਿੱਖ ਲਈ ਨਵੇਂ ਦਿਸਹੱਦੇ ਕਾਇਮ ਕਰਦੀਆਂ ਹਨ। ਸੰਸਾਰ ਪ੍ਰਸਿੱਧ ਲਿਖਾਰੀ ਰਸੂਲ ਹਮਜ਼ਾਤੋਵ 'ਮੇਰਾ ਦਾਗਿਸਤਾਨ' 'ਚ ਲਿਖਦਾ ਹੈ ਕਿ ਜੇਕਰ ਬੀਤੇ 'ਤੇ ਪਿਸਤੌਲ ਨਾਲ ਗੋਲ਼ੀ ਚਲਾਓਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ। ਇਬਰਾਹਿਮ ਲਿੰਕਨ ਦਾ ਕਥਨ ਹੈ ਕਿ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਤੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ, ਉਹ ਭਵਿੱਖ ਵਿੱਚ ਕੁਝ ਵੀ ਨਹੀਂ ਸਿਰਜ ਸਕਦੀਆਂ। ਸਾਡੇ ਲਈ ਵੀ ਇਹ ਚਿੰਤਾ ਵਾਲੀ ਗੱਲ ਹੈ ਕਿ ਅਸੀਂ ਆਪਣਾ ਇਤਿਹਾਸ ਅਤੇ ਵਿਰਸਾ ਵਿਸਾਰਦੇ ਜਾ ਰਹੇ ਹਾਂ। ਅਜਿਹੀ ਹੀ ਇੱਕ ਇਤਿਹਾਸਕ ਗਾਥਾ, ਜੋ ਅਸੀਂ ਵਿਸਾਰ ਦਿੱਤੀ ਹੈ, ਆਓ ਉਸ ਦੀ ਸਾਂਝ ਪਾਉਂਦੇ ਹਾਂ। ਇਹ ਗੌਰਵਮਈ ਗਾਥਾ 5 ਸਤੰਬਰ 1914 ਈਸਵੀ ਦੀ ਹੈ। ਸਥਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਿੰਡ ਐਵੀਨਿਊ 'ਤੇ ਬਣਿਆ ਪਹਿਲਾ ਗੁਰਦੁਆਰਾ ਸੀ। ਸਮਾਂ ਸ਼ਾਮ ਦੇ ਕਰੀਬ ਸੱਤ ਵੱਜਣ 'ਚ ਕੁਝ ਕੁ ਮਿੰਟ ਬਾਕੀ ਸਨ। ਅਰਜਨ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਸਸਕਾਰ ਮਗਰੋਂ ਪਾਠ ਦਾ ਭੋਗ ਪੈ ਚੁੱਕਾ ਸੀ ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਅਰਦਾਸ ਹੋਣ ਹੀ ਲੱਗੀ ਸੀ ਕਿ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਦੇ ਪਿੱਛੇ ਬੈਠੇ ਗ਼ੱਦਾਰ ਬੇਲਾ ਜਿਆਣ ਨੇ ਦੋਵਾਂ ਹੱਥਾਂ 'ਚ ਪਿਸਤੌਲ ਫੜ ਲਈ ਅਤੇ ਭਾਈ ਭਾਗ ਸਿੰਘ ਦੀ ਪਿੱਠ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਹ ਵੇਖਦਿਆਂ ਸਾਰ ਹੀ ਅਰਦਾਸ 'ਚ ਖੜ੍ਹੇ ਇੱਕ ਹੋਰ ਯੋਧੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਜਾਨ ਦੀ ਪ੍ਰਵਾਹ ਨਾ



ਕਰਦਿਆਂ, ਹਤਿਆਰੇ ਨੂੰ ਧੌਣੋਂ ਜਾ ਦਬੋਚਿਆ। ਬੇਲਾ ਜਿਆਣ ਨੇ ਆਪਣਾ ਪਿਸਤੌਲ ਭਾਈ ਬਤਨ ਸਿੰਘ ਵੱਲ ਕਰ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ 'ਚੋਂ ਚਾਰ ਗੋਲ਼ੀਆਂ ਬਤਨ ਸਿੰਘ ਦੇ ਲੱਗੀਆਂ। ਹਮਲਾਵਰ ਨੂੰ ਬਤਨ ਸਿੰਘ ਵਲੋਂ ਫੜਨ ਕਰਕੇ, ਉਲਝੇ ਬੇਲੇ ਜਿਆਣ ਦਾ ਨਿਸ਼ਾਨੇ ਚੂਕ ਜਾਣ ਕਾਰਨ, ਮਹਾਨ ਯੋਧੇ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਬਚਾਅ ਹੋ ਗਿਆ, ਜੋ ਉਸ ਵੇਲੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਸਨ ਤੇ ਤਾਬਿਆਂ 'ਚ ਚੌਰ ਕਰ ਰਹੇ ਸਨ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ।

ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ



ਹਾਪਕਿਨਸਨ ਨੇ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਇਸ ਸਮੇਂ ਚੱਲ ਰਹੀ ਕਸ਼ਮਕਸ਼ ਦੇ ਦੌਰ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ 110 ਸਾਲ ਪਹਿਲਾਂ ਭਾਰਤੀ ਬ੍ਰਿਟਿਸ਼ ਏਜੰਟਾਂ ਨੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਹਕੂਮਤੀ ਸ਼ਹਿ 'ਤੇ ਸ਼ਹੀਦ ਕਰਵਾਇਆ ਸੀ ਅਤੇ ਹੁਣ ਫੇਰ ਇਹ ਇਤਿਹਾਸ ਦੁਹਰਾਇਆ ਗਿਆ ਹੈ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਨ੍ਹਾਂ 'ਚੋਂ ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ ਤੇ ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ ਅਗਲੇ ਦਿਨ ਭਾਵ 6 ਸਤੰਬਰ 1914 ਨੂੰ ਸ਼ਹੀਦੀ ਪਾ ਗਏ ਤੇ ਬਾਕੀਆਂ ਦਾ ਇਲਾਜ ਚੱਲਦਾ ਰਿਹਾ। ਹਤਿਆਰੇ ਬੇਲੇ ਜਿਆਣ ਨੂੰ ਚਾਹੇ ਗ੍ਰਿਫ਼ਤਾਰ ਵੀ ਕਰ ਲਿਆ, ਪਰ ਮਗਰੋਂ ਸਰਕਾਰੀ ਮੁਖ਼ਬਰ ਹੋਣ ਕਰ ਕੇ ਉਸ ਨੂੰ ਰਿਹਾਅ ਕਰਕੇ ਭਾਰਤ ਭੇਜ ਦਿੱਤਾ, ਜਿੱਥੇ 19 ਸਾਲ ਮਗਰੋਂ ਬੱਬਰ ਅਕਾਲੀ ਭਾਈ ਹਰੀ ਸਿੰਘ ਸੂੰਢ ਨੇ ਸਾਥੀਆਂ ਸਮੇਤ, ਬੇਲਾ ਜਿਆਣ ਉਸ ਦੇ ਜੱਦੀ ਪਿੰਡ ਨੇੜੇ ਹੀ 9 ਦਸੰਬਰ 1933 ਨੂੰ ਸੋਧਿਆ। ਕੈਨੇਡਾ ਦੀ ਧਰਤੀ 'ਤੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਇਹ ਕੋਈ ਸਾਧਾਰਨ ਘਟਨਾ ਨਹੀਂ , ਸਗੋਂ ਉੱਤਰੀ ਅਮਰੀਕਾ ਦੇ ਇਤਿਹਾਸ 'ਚ ਗੁਰਦੁਆਰੇ ਅੰਦਰ ਪਾਈਆਂ ਗਈਆਂ ਸ਼ਹੀਦੀਆਂ ਦੀ ਤਰਜਮਾਨੀ ਕਰਦਾ ਗੌਰਵਮਈ ਇਤਿਹਾਸਕ ਅਧਿਆਇ ਹੈ, ਜਿਸ ਵਿੱਚ ਕੈਨੇਡਾ ਦੇ ਮੋਢੀ ਸਿੱਖ ਸ਼ਹੀਦਾਂ ਦੀ ਕੁਰਬਾਨੀ ਅੰਕਤ ਹੈ।

ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧ ਸਨ, ਜਿਹਨਾਂ ਕੈਨੇਡਾ ਆ ਕੇ ਜਿੱਥੇ ਖ਼ਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ 'ਚ ਮੁੱਖ ਭੂਮਿਕਾ ਨਿਭਾਈ, ਉਥੇ ਗ਼ਦਰ ਲਹਿਰ ਦੇ ਸੰਘਰਸ਼ ਵਿੱਚ ਵੀ ਮਹਾਨ ਆਗੂ ਵਜੋਂ ਉੱਭਰੇ। ਕੈਨੇਡਾ ਆ ਕੇ ਉਹਨਾਂ ਬਾਕੀ ਭਾਈਆਂ ਨਾਲ ਮਿਲ ਕੇ ਖ਼ਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ। ਪ੍ਰੋ਼ਫ਼ੈਸਰ ਤੇਜਾ ਸਿੰਘ ਜੀ ਦੀ ਅਗਵਾਈ ਵਿੱਚ ਅੰਮ੍ਰਿਤ ਛਕਿਆ ਅਤੇ ਪੂਰਨ ਸਿੰਘ ਸਜੇ। ਉਨ੍ਹਾਂ ਬਸਤੀਵਾਦ ਅਤੇ ਨਸਲਵਾਦ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਅਤੇ ਕੈਨੇਡਾ ਦੀ ਧਰਤੀ ਤੋਂ ਮੋੜੇ ਗਏ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਦੇ ਹੱਕ ਵਿੱਚ ਅਗਵਾਈ ਕੀਤੀ। ਇਸ ਤੋਂ ਇਲਾਵਾ ਕੈਨੇਡਾ 'ਚੋਂ ਭਾਰਤੀਆਂ ਨੂੰ ਕੱਢ ਕੇ ਹੋਂਡੂਰਸ ਭੇਜਣ ਦੀ ਕਾਰਵਾਈ ਦਾ ਵਿਰੋਧ ਕਰਨਾ, ਸਾਬਕਾ ਬਰਤਾਨਵੀ ਫ਼ੌਜੀਆਂ ਦੇ ਤਮਗੇ,ਇਨਸਿਗਨੀਆ ਆਦਿ ਅੱਗ ਵਿੱਚ ਸੜਨਾ ਅਤੇ ਬਰਤਾਨੀਆ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਸਮਾਗਮਾਂ ਦਾ ਵਿਰੋਧ ਆਦਿ ਦਲੇਰਾਨਾ ਕਾਰਜ ਭਾਈ ਭਾਗ ਸਿੰਘ ਜੀ ਦੀ ਅਗਵਾਈ ਵਿੱਚ ਹੀ ਹੋਏ।

ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਪਿੰਡ ਨਾਲ ਸਬੰਧਤ ਸਨ, ਖ਼ਾਲਸਾ ਦੀਵਾਨ ਸੁਸਾਇਟੀ ਦੇ ਬਾਨੀਆਂ ਵਿੱਚੋਂ ਇੱਕ



ਸਨ ਅਤੇ ਅੰਮ੍ਰਿਤਧਾਰੀ, ਚੜ੍ਹਦੀ ਕਲਾ ਵਾਲੇ ਗੁਰਸਿੱਖ ਸਨ, ਜਿਹਨਾਂ ਕੈਨੇਡਾ ਵਿਚਲੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਇਨਕਲਾਬੀ ਸਰਗਰਮੀਆਂ ਜਾਰੀ ਰੱਖੀਆਂ ਅਤੇ ਮਗਰੋਂ ਸ਼ਹੀਦੀ ਪਾਈ। ਕਈ ਇਤਿਹਾਸਕਾਰਾਂ ਨੇ ਆਪ ਦਾ ਨਾਂ ਬਦਨ ਸਿੰਘ ਲਿਖਿਆ ਹੈ, ਜਦਕਿ ਆਪ ਦਾ ਸਹੀ ਨਾਂ ਬਤਨ ਸਿੰਘ, ਭਾਵ ਵਤਨ, ਦੇਸ਼ ਸ਼ਬਦ ਤੋਂ ਹੈ। ਖ਼ੈਰ ਨਾਂ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਜਿੱਥੇ ਸ਼ਹਾਦਤ ਵਤਨ ਲਈ ਦਿੱਤੀ, ਉੱਥੇ ਆਪਣਾ ਬਦਨ ਭਾਵ ਤਨ ਕੌਮ ਲਈ ਸਮਰਪਿਤ ਕਰ ਦਿੱਤਾ। ਦੁਖਦਾਈ ਗੱਲ ਇਹ ਹੈ ਕਿ ਇਨ੍ਹਾਂ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਅਸੀਂ ਪੂਰੀ ਤਰ੍ਹਾਂ ਅਣਜਾਣ ਹਾਂ।

ਸ਼ਹੀਦ ਭਾਈ ਭਾਗ ਸਿੰਘ ਤੇ ਸ਼ਹੀਦ ਭਾਈ ਬਤਨ ਸਿੰਘ ਦੀਆਂ ਸ਼ਹੀਦੀਆਂ ਦੀ ਇਹ ਇਤਿਹਾਸਕ ਵਾਰਤਾ ਸਾਡੇ ਮਨਾਂ ਵਿੱਚੋਂ ਵਿਸਰ ਚੁੱਕੀ ਹੈ, ਹਾਲਾਂਕਿ ਇਨ੍ਹਾਂ ਸ਼ਹਾਦਤਾਂ ਮਗਰੋਂ ਮਹਾਨ ਗ਼ਦਰੀ ਯੋਧੇ ਅਤੇ ਵਿਸ਼ਵਾਸੀ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ 21 ਅਕਤੂਬਰ 1914 ਈਸਵੀ ਨੂੰ ਵੈਨਕੂਵਰ ਦੀ ਕਚਹਿਰੀ 'ਚ ਅੰਗਰੇਜ਼-ਭਾਰਤੀ ਵਿਲੀਅਮ ਹੌਪਕਿਨਸਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ 11 ਜਨਵਰੀ 1915 ਨੂੰ ਹਸਦਿਆਂ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪਾਈ ਸੀ। ਇਹ ਯੋਧੇ ਜਿੱਥੇ ਸਿੱਖ ਕੌਮ ਦੇ ਸ਼ਹੀਦ ਹਨ, ਉੱਥੇ ਹੀ ਗ਼ਦਰ ਲਹਿਰ ਨਾਲ ਸਬੰਧਿਤ ਮਹਾਨ ਸੂਰਬੀਰ ਵੀ ਹਨ, ਜਿਨ੍ਹਾਂ ਨੇ ਕੈਨੇਡਾ ਦੀ ਧਰਤੀ 'ਤੇ ਆ ਕੇ ਦੌਲਤ -ਸ਼ੋਹਰਤ ਕਮਾਉਣ ਦੀ ਥਾਂ ਦੇਸ- ਕੌਮ ਦੀ ਸੇਵਾ ਨੂੰ ਪਹਿਲ ਦਿੱਤੀ।

ਇਨ੍ਹਾਂ ਸ਼ਹੀਦਾਂ ਨੇ ਘਰ-ਬਾਰ ਉਜਾੜ ਕੇ ਕੌਮੀ ਘਰ ਬਣਾਉਣ ਲਈ ਹਰ ਕੁਰਬਾਨੀ ਦਿੱਤੀ। ਸ਼ਹੀਦ ਭਾਈ ਭਾਗ ਸਿੰਘ ਆਪਣੇ ਕੇਵਲ 32 ਮਹੀਨਿਆਂ ਦੇ ਪੁੱਤਰ ਜੋਗਿੰਦਰ ਸਿੰਘ ਸਣੇ ਅਮਰੀਕਾ ਦੀ ਸੂਮਸ ਜੇਲ 'ਚ ਬੰਦ ਹੋਏ ਅਤੇ ਮਗਰੋਂ ਆਜ਼ਾਦੀ ਅਤੇ ਇਨਸਾਫ਼ ਲਈ ਜਾਨ ਵੀ ਕੁਰਬਾਨ ਕਰ ਦਿੱਤੀ। ਭਾਈ ਬਤਨ ਸਿੰਘ ਨੇ ਗੋਲ਼ੀਆਂ ਵਰ੍ਹਾ ਰਹੇ ਸਰਕਾਰੀ ਮੁਖਬਰ ਬੇਲੇ ਨੂੰ ਧੌਣ ਤੋਂ ਧੂਹ ਕੇ, ਖੁਦ ਮੌਤ ਨੂੰ ਸੱਦਾ ਦਿੱਤਾ। ਸ਼ਹੀਦ ਭਾਈ ਮੇਵਾ ਸਿੰਘ ਨੇ ਇਨ੍ਹਾਂ ਦੇ ਦੋਸ਼ੀ ਵਿਲੀਅਮ ਹੌਪਕਿਨਸਨ ਨੂੰ ਸੋਧਣ ਲਈ ਹਥਿਆਰ ਚੁੱਕਿਆ ਤੇ ਲਾੜੀ ਮੌਤ ਨਾਲ ਵਿਆਹ ਸਜਾਇਆ।

ਅੱਜ ਕੈਨੇਡਾ-ਅਮਰੀਕਾ ਅੰਦਰ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਸ ਦੇ ਸੰਕਲਪ ਪਿੱਛੇ ਇਨ੍ਹਾਂ ਯੋਧਿਆਂ ਦਾ ਡੁੱਲ੍ਹਿਆ ਲਹੂ ਹੀ ਹੈ। ਦੂਜੇ ਪਾਸੇ ਭਾਰਤ ਵਿੱਚੋਂ ਫਿਰੰਗੀਆਂ ਨੂੰ ਕੱਢਣ ਲਈ ਜਿਹਨਾਂ ਨੇ ਖ਼ੂਨ ਦਾ ਕਤਰਾ- ਕਤਰਾ ਵਹਾ ਦਿੱਤਾ, ਉਹ ਇਹੀ ਗ਼ਦਰੀ ਯੋਧੇ ਅਤੇ ਸ਼ਹੀਦ ਸਨ। ਅੱਜ ਲਾਲ ਕਿਲੇ 'ਤੇ ਜਿਹੜਾ ਝੰਡਾ ਝੁੱਲਦਾ ਹੈ, ਉਸ ਦੀਆਂ ਨੀਂਹਾਂ 'ਚ ਵੀ ਗਦਰੀ ਬਾਬਿਆਂ ਦੀਆਂ ਮਾਸ ਤੇ ਹੱਡੀਆਂ ਮੌਜੂਦ ਹਨ, ਹਾਲਾਂ ਕਿ ਇਨ੍ਹਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਫਾਸ਼ੀਵਾਦੀ ਹਾਕਮਾਂ ਨੇ ਮੂਲੋਂ ਹੀ ਵਿਸਾਰ ਦਿੱਤਾ ਹੈ। ਕੈਨੇਡਾ ਅਤੇ ਅਮਰੀਕਾ ਦੀ ਧਰਤੀ ਤੇ ਸੰਘਰਸ਼ ਕਰਨ ਵਾਲੇ ਗਦਰ ਲਹਿਰ ਦੇ ਯੋਧਿਆਂ ਦੀਆਂ, ਆਜ਼ਾਦੀ ਦੇ ਸੰਘਰਸ਼ ਵਿੱਚ ਵਡਮੁੱਲੀਆਂ ਮਹਾਨ ਕੁਰਬਾਨੀਆਂ ਹਨ।


ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਗ਼ਦਰੀ ਯੋਧਿਆਂ ਦੇ ਸ਼ਹੀਦੀ ਦਿਹਾੜੇ ਭਾਰਤ ਵਿੱਚ ਕਿਉਂ ਨਹੀਂ ਮਨਾਏ ਜਾਂਦੇ ? ਕੀ ਇਹ ਸ਼ਹੀਦ ਕੇਵਲ ਕੈਨੇਡਾ ਦੇ ਹੀ ਸ਼ਹੀਦ ਹਨ ? ਅੱਜ ਪੰਜਾਬ 'ਚ ਖਾਸ ਕਰਕੇ ਅਤੇ ਭਾਰਤ 'ਚ ਆਮ ਕਰਕੇ ਇਨ੍ਹਾਂ ਸ਼ਹੀਦਾਂ ਬਾਰੇ ਲੋਕਾਂ ਨੂੰ ਇਤਿਹਾਸਕ ਜਾਣਕਾਰੀ ਕਿਉਂ ਨਹੀਂ ਦਿੱਤੀ ਜਾ ਰਹੀ ? ਕਿਹੜੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚ ਇਨ੍ਹਾਂ ਦੀਆਂ ਜੀਵਨੀਆਂ ਬਾਰੇ ਪੜ੍ਹਾਇਆ ਕੀਤਾ ਜਾਂਦਾ ਹੈ ? ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਿਹੜੀ ਜਮਾਤ ਦੇ ਸਿਲੇਬਸ 'ਚ ਇਨ੍ਹਾਂ ਨਾਲ ਸੰਬੰਧਤ ਪਾਠਕ੍ਰਮ ਸ਼ਾਮਿਲ ਹੈ ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ 'ਚ ਉਚੇਰੇ ਰੂਪ 'ਚ ਮੋਢੀ ਸਿੱਖ ਸ਼ਹੀਦਾਂ ਦੀਆਂ ਬਾਹਰਲੇ ਦੇਸ਼ਾਂ 'ਚ ਕੀਤੀਆਂ ਕੁਰਬਾਨੀਆਂ ਬਾਰੇ ਕਿੰਨਾ ਕੁ ਜ਼ਿਕਰ ਮਿਲਦਾ ਹੈ ? ਪੰਜਾਬ ਸਰਕਾਰ ਨੇ ਮਹਾਨ ਗ਼ਦਰੀ ਯੋਧਿਆਂ ਦੀਆਂ ਸ਼ਹੀਦੀਆਂ ਦੇ ਦਿਹਾੜੇ ਮਨਾਉਣ ਦਾ ਕਦੇ ਕੋਈ ਸੰਕਲਪ ਲਿਆ ਹੈ ?

ਜੇਕਰ ਉਕਤ ਸਾਰੇ ਸੁਆਲਾਂ ਦਾ ਜਵਾਬ 'ਨਾਂਹ' ਵਿੱਚ ਹੈ, ਤਾਂ ਭਾਰਤ ਜਾਂ ਪੰਜਾਬ ਦੀਆਂ ਸਰਕਾਰਾਂ, ਕੇਂਦਰੀ ਸਿੱਖ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਨਾਂ ਵੇਚਣ ਵਾਲੀਆਂ ਅਖੌਤੀ ਸੱਭਿਆਚਾਰਕ ਸੰਸਥਾਵਾਂ ਆਦਿ ਸਾਰੇ ਦੋਸ਼ੀ ਹਨ। ਚਾਹੀਦਾ ਇਹ ਹੈ ਕਿ ਆਜ਼ਾਦੀ ਦੇ ਸੰਘਰਸ਼ ਲਈ ਸ਼ਹੀਦੀਆਂ ਪਾਉਣ ਵਾਲੇ ਗਦਰੀ ਯੋਧਿਆਂ ਦੇ ਇਤਿਹਾਸ ਨਵੇਂ ਸਿਰਿਓਂ ਸਹੀ ਅਤੇ ਤੱਥਾਂ ਅਧਾਰਤ ਲਿਖਵਾਏ ਜਾਣ। ਕੈਨੇਡਾ, ਅਮਰੀਕਾ ਵਿੱਚ ਸਥਾਪਤ ਕੀਤੀਆਂ ਗਈਆਂ ਸੰਸਥਾਵਾਂ ਵਿੱਚ ਸ਼ਹੀਦ ਮੇਵਾ ਸਿੰਘ ਸ਼ਹੀਦ ਭਾਗ ਸਿੰਘ ਤੇ ਸ਼ਹੀਦ ਬਤਨ ਸਿੰਘ ਸਣੇ ਸ਼ਹੀਦੀਆਂ ਪਾਉਣ ਵਾਲੇ ਯੋਧਿਆਂ ਦੀਆਂ ਤਸਵੀਰਾਂ ਲੱਗਣ, ਨਾ ਕਿ 'ਚੀਚੀ 'ਤੇ ਲਹੂ' ਲਗਾ ਕੇ ਸ਼ਹੀਦ ਅਖਵਾਉਣ ਵਾਲਿਆਂ ਦੀਆਂ ਫੋਟੋਆਂ ਸਜਾਈਆਂ ਜਾਣ। ਵੱਡੀ ਗੱਲ ਕਿ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੱਤਾ ਜਾਵੇ, ਜੋ ਕਿ ਨਹੀਂ ਦਿੱਤਾ ਜਾ ਰਿਹਾ ਅਤੇ ਜਿਸ ਨਾਲ ਲਗਾਤਾਰ ਖਿਲਵਾੜ ਹੋ ਰਿਹਾ ਹੈ।

ਹਰ ਜਾਗਰੂਕ ਲੇਖਕ, ਪੱਤਰਕਾਰ, ਬੁੱਧੀਜੀਵੀ ਤੇ ਇਤਿਹਾਸਕਾਰ ਨੂੰ ਵੀ ਇਨ੍ਹਾਂ ਗ਼ਦਰੀ ਸ਼ਹੀਦ ਯੋਧਿਆਂ ਬਾਰੇ ਨਾਟਕ, ਲੇਖ, ਕਵਿਤਾਵਾਂ ਤੇ ਖੋਜ ਪੁਸਤਕਾਂ ਤਿਆਰ ਕਰਕੇ ਆਪੋ-ਆਪਣਾ ਯੋਗਦਾਨ ਪਾਉਣ ਦੀ ਲੋੜ ਹੈ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸ਼ਹੀਦ ਭਾਈ ਭਾਗ ਸਿੰਘ ਅਤੇ ਸ਼ਹੀਦ ਭਾਈ ਬਤਨ ਸਿੰਘ ਨੇ ਕੌਮ ਦੇ ਸੁਨਿਹਰੀ ਭਵਿੱਖ ਲਈ ਆਪਣਾ ਵਰਤਮਾਨ ਕੁਰਬਾਨ ਕੀਤਾ। ਅਫਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਅਸਥਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ 'ਸੈਕਿੰਡ ਐਵਨਿਊ' ਵੈਨਕੂਵਰ ਵਿਖੇ, ਇਨ੍ਹਾਂ ਸਿੱਖ ਸੂਰਬੀਰਾਂ ਦੀ ਸ਼ਹੀਦੀ ਹੋਈ, ਉਸ ਇਤਿਹਾਸਕ ਜਗ੍ਹਾ ਨੂੰ ਵੀ ਗ਼ੈਰ-ਜ਼ਿੰਮੇਵਾਰ ਅਤੇ ਬੁੱਧੀਹੀਣ ਪ੍ਰਬੰਧਕਾਂ ਨੇ ਸੱਤਰਵਿਆਂ ਵਿੱਚ ਵੇਚ ਛੱਡਿਆ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਤਿਹਾਸ ਉਸ ਮੌਕੇ ਦੇ ਗੁਮਰਾਹ ਆਗੂਆਂ ਦੀ ਇਸ ਗੁਸਤਾਖੀ ਲਈ ਉਨ੍ਹਾਂ ਨੂੰ ਸਦਾ ਲਾਹਨਤਾਂ ਪਾਉਂਦਾ ਰਹੇਗਾ।ਮਹਾਨ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਸਥਾਪਤੀ ਖ਼ਿਲਾਫ਼ ਸ਼ਹੀਦੀਆਂ ਪਾਈਆਂ ਸਨ ਅਤੇ ਅਜੋਕੇ ਸਮੇਂ ਵੀ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਇਕਮੁੱਠ ਹੋ ਕੇ ਲੜਨ ਦੀ ਲੋੜ ਹੈ। ਅੱਜ ਦਾ ਸਮਾਂ ਉਸ ਤੋਂ ਵੀ ਭਿਆਨਕ ਹੈ, ਕਿਉਂਕਿ ਅੱਜ ਦੀ ਸਰਕਾਰ ਫਾਸ਼ੀਵਾਦ ਅਤੇ ਮਨੂੰਵਾਦ ਦੇ ਢਹੇ ਚੜ੍ਹ ਕੇ ਘੱਟ ਗਿਣਤੀਆਂ 'ਤੇ ਜ਼ੁਲਮ ਢਾਹ ਰਹੀ ਹੈ, ਉਸ ਖ਼ਿਲਾਫ਼ ਇਨ੍ਹਾਂ ਮਹਾਨ ਯੋਧਿਆਂ ਦੀ ਸੋਚ ਅਪਣਾਉਂਦਿਆਂ ਹੋਇਆ ਸੰਘਰਸ਼ ਕਰਨਾ ਹਰ ਸੁਚੇਤ ਵਿਅਕਤੀ ਦਾ ਫਰਜ਼ ਬਣਦਾ ਹੈ।



# ਸੂਖਮ ਰੰਗਾਂ ਦਾ ਸ਼ਾਇਰ ਕਮਲ ਬੰਗਾ ਸੈਕਰਾਮੈਂਟੋ




**ਗੁਰਮੀਤ ਸਿੰਘ ਪਲਾਹੀ**

| | | |
|---|---|---|
| ਪੁਸਤਕ ਦਾ ਨਾਮ | : | ਕਾਵਿ-ਕ੍ਰਿਸ਼ਮਾ |
| ਲੇਖਕ ਦਾ ਨਾਮ | : | ਕਮਲ ਬੰਗਾ ਸੈਕਰਾਮੈਂਟੋ |
| ਸਾਲ | : | 2024 |
| ਪ੍ਰਕਾਸ਼ਕ ਦਾ ਨਾਮ | : | ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ |
| ਕੀਮਤ | : | 300/- ਰੁਪਏ |
| ਪੰਨੇ | : | 248 |

"ਉਂਝ ਵੀ ਕਲਮ ਵਾਲਾ, ਸਮੁੰਦਰ 'ਚੋਂ ਲੰਘਦਾ ਜਦ।
ਹਿੰਮਤ ਕਰਦਾ, ਖ਼ਾਰੇ ਪਾਣੀ ਨਾਲ ਪਿਆਸ ਬੁਝਾਉਣ ਦੀ।"

ਵਰਗੇ ਸ਼ਿਅਰ ਲਿਖਣ ਵਾਲਾ ਸ਼ਾਇਰ ਕਮਲ ਬੰਗਾ ਸੈਕਰਾਮੈਂਟੋ ਸੂਖ਼ਮ ਰੰਗਾਂ ਦਾ ਸ਼ਾਇਰ ਹੈ। ਰੰਗ ਤਾਂ ਸੱਤ ਨੇ, ਪਰ ਕਮਲ ਬੰਗਾ ਨੌਂ ਰੰਗਾਂ 'ਚ ਰੰਗਿਆ ਸ਼ਾਇਰ ਹੈ। ਉਸ ਦਾ ਅੱਠਵਾਂ ਰੰਗ ਸੂਖ਼ਮਤਾ ਹੈ ਅਤੇ ਨੌਵਾਂ ਰੰਗ ਨਿਵੇਕਲਾ ਪਨ।

ਕਮਲ ਬੰਗਾ ਦੀਆਂ ਗ਼ਜ਼ਲਾਂ ਪੜ੍ਹਦਿਆਂ ਇੰਝ ਜਾਪਦਾ ਹੈ ਜਿਵੇਂ ਦਰਿਆ ਦੇ ਪਾਣੀਆਂ 'ਚ ਗੋਤੇ ਲਾ ਰਹੇ ਹੋਈਏ, ਹਵਾਵਾਂ ਨੂੰ ਫੜ ਰਹੇ ਹੋਈਏ ਅਤੇ ਜਾਂ ਫਿਰ ਸਾਵੀਂ ਪੱਧਰੀ ਧਰਤੀ ਉੱਤੇ ਲੋਕਾਂ ਨਾਲ ਖੜ੍ਹ ਕੇ ਜ਼ਿੰਦਗੀ ਦਾ ਰਸ ਮਾਣ ਰਹੇ ਹੋਈਏ।

ਉਸ ਦੀ 18ਵੀਂ ਕਿਤਾਬ 'ਕਾਵਿ-ਕ੍ਰਿਸ਼ਮਾ' ਅਸਲ ਮਾਅਨਿਆਂ 'ਚ ਕ੍ਰਿਸ਼ਮਾ ਹੈ। ਉਹਦੇ ਮਨ ਦੇ ਰੰਗਾਂ ਦੀ ਗੂੜ੍ਹੀ, ਅਰਥ ਭਰੂਪਰ ਤਰਜ਼ਮਾਨੀ। ਉਹਦੇ ਲਿਖੇ ਸ਼ਿਅਰ ਅਗਿਆਤ ਦਾ ਆਭਾਸ ਅਤੇ ਅਪ੍ਰਕਟ ਦਾ ਪ੍ਰਕਟ ਹੋਣਾ ਲੱਗਦੇ ਹਨ।

ਭੀੜ ਤੋਂ ਦੂਰੀ ਰੱਖ ਕੇ, ਉਸ ਦੇ ਤਿਲਿਸਮ ਤੋਂ ਮੁਕਤ ਰਹਿ ਕੇ, ਸਾਹਿਤਕਾਰ ਦੀ ਸਾਧਕ, ਜ਼ਿੰਦਗੀ ਨੂੰ ਸਮਝਣ ਦਾ ਯਤਨ ਹੁੰਦੀ ਹੈ। ਲਿਖਣ ਅਤੇ ਸਿਰਜਣ ਵਿਚਲਾ ਸਬੰਧ ਡੂੰਘਾ ਹੈ। ਭਾਸ਼ਾ ਸਵੈ ਦੇ ਨਾਲ, ਸਵੈ ਭਾਸ਼ਾ ਦੇ ਨਾਲ, ਭਾਸ਼ਾ ਸਿਰਜਣਾ ਦੇ ਨਾਲ, ਸਿਰਜਣਾ ਭਾਸ਼ਾ ਦੇ ਨਾਲ, ਸਿਰਜਣਾ ਸਵੈ ਦੇ ਨਾਲ ਤੇ ਸਵੈ ਸਿਰਜਣਾ ਦੇ ਨਾਲ ਕਾਰਜਸ਼ੀਲ ਰਹਿੰਦੀ ਹੈ। ਇਹ ਸਿਰਜਣਾ, ਲਿਖਤ ਦਾ ਚੱਕਰ ਹੈ। ਸਾਡਾ ਗ਼ਜ਼ਲਗੋ ਕਮਲ ਬੰਗਾ ਸੈਕਰਾਮੈਂਟੋ ਇਸ ਤਿਕੋਨੀ ਚੱਕਰ ਦਾ ਮਾਹਿਰ ਸ਼ਾਇਰ ਹੈ।

ਕਵੀ ਲੋਕਾਂ ਨੂੰ ਕੰਨ ਧਾਰਣ ਕਰਨਾ ਸਿਖਾਉਂਦਾ ਹੈ। ਅਸੀਂ ਬਿਨਾਂ ਕੰਨਾਂ ਦੇ ਹੁੰਦੇ ਹਾਂ, ਸਾਨੂੰ ਧੁਨੀ ਸੁਣਦੀ ਨਹੀਂ। ਪਰ ਉਹ ਕਵੀ ਸਾਨੂੰ ਕੰਨਦਾਨ ਕਰਦਾ ਹੈ। ਸੰਭਾਵਨਾਵਾਂ ਪੈਦਾ ਕਰਨਾ, ਕੰਨ ਈਜਾਦ ਕਰਨਾ, ਜ਼ੁਬਾਨ ਈਜਾਦ ਕਰਨਾ, ਇੰਦਰੀਆਂ ਈਜਾਦ ਕਰਨਾ। ਅਤੇ ਇਸ ਤਰ੍ਹਾਂ ਰੂਹ ਸਿਰਜਣਾ। ਇਹ ਸਭ ਕੁਝ ਕਵੀ ਦੇ ਹਿੱਸੇ ਆਉਂਦਾ ਹੈ। ਸ਼ਾਇਰ ਬੰਗਾ ਇਹ ਸਭ ਕੁਝ ਕਰਕੇ ਆਪਣਾ ਕਵੀ ਹੋਣ ਦਾ ਫ਼ਰਜ਼ ਨਿਭਾਅ ਰਿਹਾ ਹੈ।

ਕਲਾਕਾਰ ਲਈ, ਕਵੀ ਲਈ, ਲੇਖਕ ਲਈ, ਲੇਖਣ ਤੇ ਕਲਾ ਕੋਈ ਜਾਦੂ ਨਹੀਂ ਹੁੰਦੇ। ਇਹ ਤਾਂ ਕਵੀ ਦੀ ਕਲਪਨਾ ਹੈ, ਆਲਾ-ਦੁਆਲਾ ਵੇਖਣਾ, ਉਸ ਨੂੰ ਸਮਝਣਾ ਤੇ ਫਿਰ ਸੂਖ਼ਮ ਰੰਗਾਂ 'ਚ ਚਿਤਰਣ ਕਰਨਾ। ਸ਼ਬਦਾਂ ਨੂੰ ਬੋਲ ਦੇਣੇ, ਅਰਥ ਭਰਪੂਰ ਬੋਲ। ਸ਼ਾਇਰ ਕਮਲ ਬੰਗਾ ਸ਼ਬਦਾਂ ਨੂੰ ਬੋਲ ਦਿੰਦਾ ਹੈ, ਰੰਗ-ਬਰੰਗੀ ਦੁਨੀਆਂ ਸਿਰਜਦਾ ਹੈ। ਪਾਠਕਾਂ ਦੀ ਝੋਲੀ ਭਰਦਾ ਹੈ। ਕਵੀ ਲੋਕਾਂ ਨੂੰ ਤੋਹਫ਼ਾ ਦਿੰਦਾ ਹੈ, ਸ਼ਬਦਾਂ ਦਾ। ਇਹ ਤੋਹਫ਼ਾ ਉਦੋਂ ਤੱਕ ਸੰਪੂਰਨ ਨਹੀਂ ਹੁੰਦਾ, ਜਦੋਂ ਤੱਕ ਇਸ ਨੂੰ ਅੱਗੇ ਦੀ ਅੱਗੇ ਨਾ ਤੋਰ ਦਿੱਤਾ ਜਾਵੇ। ਕਵੀ ਬੰਗਾ ਨਿਰੰਤਰ ਤੁਰਦਾ ਹੈ, ਉਹਦੀ ਤੋਰ ਤਿੱਖੀ ਹੈ, ਨਿਵੇਕਲੀ ਹੈ, ਅਰਥ ਭਰਪੂਰ ਹੈ। ਉਹਦੇ ਕੁਝ ਸ਼ਿਅਰ ਨਜ਼ਰ ਹਨ –

ਜਦ ਸ਼ਾਇਰ ਦੀ ਗ਼ਜ਼ਲ, ਪੂਰੀ ਹੋ ਜਾਂਦੀ 'ਕਮਲ',
ਇਹ ਵੀ ਤਾਂ ਸ਼ਾਇਰੀ ਦੀ, ਰੂਹ ਨਸ਼ਿਆਉਂਦੀ ਹੈ।

* * * * *

ਇਕ ਸ਼ਾਇਰ ਕਰਦਾ ਬਹਿਰ ਦੀ ਗੱਲ।
ਦੂਆ ਸ਼ਾਇਰ ਕਰਦਾ ਲਹਿਰ ਦੀ ਗੱਲ।


ਸ਼ਾਇਰ ਬੰਗਾ 'ਲਹਿਰ' ਦਾ ਕਵੀ ਹੈ। ਲੋਕਾਂ ਦਾ ਸ਼ਾਇਰ ਹੈ। ਆਪਣੇ ਨਿੱਜ ਤੱਕ ਸਿਮਟਿਆ ਸ਼ਾਇਰ ਨਹੀਂ ਹੈ।

ਸ਼ਾਇਰ ਬੰਗਾ ਸ਼ਰਧਾ, ਜਨੂੰਨੀ ਵਫ਼ਾਦਾਰੀ, ਸੁਪਨਿਆਂ, ਵੈਰਾਗ ਦਾ ਸ਼ਾਇਰ ਹੈ। ਮਨੁੱਖ ਨੂੰ ਵੈਰਾਗੀ ਹੋਏ ਬਗੈਰ ਆਪਣੇ ਕੀਤੇ ਕੰਮ ਦੀਆਂ ਗ਼ਲਤੀਆਂ, ਉਸ ਦੀਆਂ ਕਮੀਆਂ, ਉਸ ਦੀਆਂ ਤਰੁੱਟੀਆਂ ਨਜ਼ਰ ਨਹੀਂ ਆਉਂਦੀਆਂ। ਖ਼ੂਬਸੂਰਤ ਗੱਲ ਇਹ ਹੈ ਕਿ ਵੈਰਾਗ ਲੈ ਕੇ ਹੀ ਅਭਿਆਸ ਕਰਨਾ ਹੁੰਦਾ ਹੈ। ਵੈਰਾਗ ਲੈ ਕੇ ਹੀ ਸ਼ਰਧਾ ਰੱਖਣੀ ਹੁੰਦੀ ਹੈ ਅਤੇ ਤਿੰਨਾਂ ਦਾ ਆਪਸ ਵਿਚ ਕੋਈ ਰਿਸ਼ਤਾ ਨਾ ਲਗਦੇ ਹੋਏ ਵੀ ਰਿਸ਼ਤਾ ਰਹਿੰਦਾ ਹੈ। ਸ਼ਾਇਰ ਬੰਗਾ ਇਸ ਗੱਲ ਨੂੰ ਸਮਝਦਿਆਂ ਲਿਖਦਾ ਹੈ, ਨਿਰੰਤਰ ਲਿਖਦਾ ਹੈ। ਉਹਦੀ ਕਲਮ ਨੂੰ ਸਲਾਮ।

ਉਸ ਦੇ ਗ਼ਜ਼ਲ ਸੰਗ੍ਰਿਹ 'ਚ ਸਵਾ ਦੋ ਸੋ ਗ਼ਜ਼ਲਾਂ ਹਨ, ਕੁਝ ਸ਼ਿਅਰ ਹਨ, ਰੁਬਾਈ ਹੈ ਅਤੇ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਉਸ ਨੇ ਸ਼ਾਇਰ ਅਜ਼ਾਦ ਜਲੰਧਰੀ ਅਤੇ ਯੁਗ ਸ਼ਾਇਰ ਸੁਰਜੀਤ ਪਾਤਰ ਨੂੰ ਵੀ ਯਾਦ ਕੀਤਾ ਹੈ।



# ਕਿਸਾਨੀ ਦੇ ਵਿਕਾਸ ਲਈ ਫ਼ੂਡ ਪ੍ਰੋਸੈਸਿੰਗ ਨੂੰ ਅੱਗੇ ਵਧਾਇਆ ਜਾਵੇ



ਡਾ. ਅੰਮ੍ਰਿਤ ਸਾਗਰ ਮਿੱਤਲ
ਪੰਜਾਬ ਆਰਥਿਕ ਨੀਤੀ ਤੇ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ



ਖੇਤ ਤੋਂ ਲੈ ਕੇ ਭੋਜਨ ਦੀ ਥਾਲੀ ਤੱਕ ਸਪਲਾਈ ਚੇਨ ਨੂੰ ਮਜ਼ਬੂਤ ਕਰਨ, ਸੰਸਾਰਿਕ ਤੇ ਭਾਰਤੀ ਖੁਰਾਕ ਸੈਕਟਰ ਦੇ ਹਿੱਸੇਦਾਰਾਂ ਵਿਚਕਾਰ ਸਹਿਯੋਗ ਵਧਾਉਣ ਅਤੇ ਕਿਸਾਨਾਂ ਲਈ ਬਿਹਤਰ ਮੁਨਾਫੇ ਨੂੰ ਯਕੀਨੀ ਬਣਾਉਣ ਤੇ ਵਾਢੀ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਖੇਤਾਂ ਨੇੜੇ ਫ਼ੂਡ ਪ੍ਰੋਸੈਸਿੰਗ ਯੂਨਿਟ ਸਥਾਪਿਤ ਕਰਨ ਦੇ ਸਮਰਥਨ ਨੂੰ ਹੁਲਾਰਾ ਦੇਣ ਲਈ ਫ਼ੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੀ ਅਗਵਾਈ ਤੇ ਮੇਜ਼ਬਾਨੀ ਵਿੱਚ 19 ਤੋਂ 22 ਸਤੰਬਰ ਨੂੰ ਨਵੀਂ ਦਿੱਲੀ ਵਿਖੇ ‘ਵਰਲਡ ਫ਼ੂਡ ਇੰਡੀਆ’ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।

ਇਸ ਦੇ ਇਲਾਵਾ ਵਿੱਤੀ ਸਾਲ 2024-25 ਦੇ ਕੇਂਦਰੀ ਬਜਟ ’ਚ ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਤਰਜੀਹ ਦੇਣ ਲਈ 1.52 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਹ ਫੰਡਿੰਗ ਜਲਵਾਯੂ ਲਚਕਤਾ, ਉਤਪਾਦਕਤਾ, ਨਵੀਨਤਾ ਤੇ ਪ੍ਰੋਸੈਸਡ ਭੋਜਨ ਦੇ ਨਿਰਯਾਤ ’ਤੇ ਕੇਂਦ੍ਰਿਤ ਹੋਵੇਗੀ। ਇਹ ਮਹੱਤਵਪੂਰਨ ਪਹਿਲ ਹੈ, ਕਿਉਂਕਿ ਖੇਤੀਬਾੜੀ ਉਤਪਾਦ ਨਿਰਯਾਤ 2022-23 ਦੌਰਾਨ 53.2 ਅਰਬ ਅਮਰੀਕੀ ਡਾਲਰ ਤੋਂ 8 ਫ਼ੀਸਦੀ ਘੱਟ ਕੇ 2023-24 ਵਿੱਚ 48.9 ਅਰਬ ਡਾਲਰ ਰਹਿ ਗਿਆ ਹੈ। 2014 ਤੋਂ 2023 ਦੌਰਾਨ ਖੇਤੀਬਾੜੀ ਨਿਰਯਾਤ ਦਾ ਔਸਤ ਸਾਲਾਨਾ ਵਾਧਾ ਦਰ ਸਿਰਫ਼ 2 ਫ਼ੀਸਦੀ ਸੀ। ਜ਼ਿਕਰਯੋਗ ਹੈ ਕਿ 5 ਉਤਪਾਦ- ਚਾਵਲ, ਕਣਕ, ਮਾਸ, ਮਸਾਲੇ, ਖੰਡ ਅਤੇ ਚਾਹ/ ਕਾਫੀ ਕੁੱਲ ਖੇਤੀਬਾੜੀ ਨਿਰਯਾਤ ’ਚ 50 ਫ਼ੀਸਦੀ ਤੋਂ ਵੱਧ ਯੋਗਦਾਨ ਪਾਉਂਦੇ ਹਨ, ਕਈ ਵਾਰ ਮਹਿੰਗਾਈ ਨੂੰ ਕੰਟਰੋਲ ਕਰਨ ਅਤੇ ਘਰੇਲੂ ਮੰਗ ਤੇ ਪੂਰਤੀ ਨੂੰ ਬਣਾਈ ਰੱਖਣ ਲਈ ਇਨ੍ਹਾਂ ਨੂੰ ਨਿਰਯਾਤ ’ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਾਡੇ ਖੇਤੀਬਾੜੀ ਨਿਰਯਾਤ ਦੇ ਸਿਰਫ਼ 25 ਫ਼ੀਸਦੀ ਨੂੰ ਹੀ ਪ੍ਰੋਸੈਸਡ ਜਾਂ ਮੁੱਲ ਨਿਰਧਾਰਣ ਨਾਲ ਜੋੜਿਆ ਜਾਂਦਾ ਹੈ, ਇਹ ਇੱਕ ਅਜਿਹਾ ਅੰਕੜਾ ਹੈ, ਜਿਸ ਵਿੱਚ ਪਿਛਲੇ ਦਹਾਕੇ ਦੌਰਾਨ ਲਗਭਗ ਕੋਈ ਬਦਲਾਅ ਨਹੀਂ ਆਇਆ। ਜੋ ਸੰਸਾਰਿਕ ਮਾਰਕੀਟ ਤੋਂ ਲਾਭ ਉਠਾਉਣ ਲਈ ਵਧੇਰੇ ਤਕਨੀਕ-ਅਧਾਰਿਤ ਸੰਚਾਲਨ ਆਕਾਰ ਅਤੇ ਉਤਪਾਦਨ ਸਮਰੱਥਾ ਤੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ਦੀ ਲੋੜ ਦੇ ਕਾਰਨ ਮਹੱਤਵਪੂਰਨ ਹੈ। ਹਾਲਾਂਕਿ ਪ੍ਰੋਸੈਸਡ ਫ਼ੂਡ ਤੇ ਪੀਣ ਵਾਲੇ ਪਦਾਰਥਾਂ ਦੇ ਖੇਤਰ ’ਚ 111 ਅਰਬ ਡਾਲਰ ਦੇ ਸਾਲਾਨਾ ਕਾਰੋਬਾਰ ਨਾਲ ਨੈਸਲੇ (ਸਵਿਟਜ਼ਰਲੈਂਡ) ਵਰਗੇ ਸੰਸਾਰਿਕ ਦਿੱਗਜ ਦੀ ਕਾਮਯਾਬੀ ਸਾਨੂੰ ਵਿਖਾਉਂਦੀਹੈ ਕਿ ਤਕਨੀਕ ਤੇ ਖੋਜ ਨਾਲ ਕੀ ਕੁਝ ਸੰਭਵ ਹੋ ਸਕਦਾ ਹੈ। ਘਰੇਲੂ ਪ੍ਰੋਸੈਸਡ ਖੇਤੀ ਉਤਪਾਦਾਂ ’ਚ ਪ੍ਰਸਿੱਧ ਭਾਰਤੀ ਫਰਮ ‘ਅਮੂਲ’ 9 ਅਰਬ ਡਾਲਰ ਦੇ ਟਰਨਓਵਰ ਨਾਲ ਕਾਰਜਸ਼ੀਲ ਆਕਾਰ, ਉਤਪਾਦਨ ਸਮਰੱਥਾ ਤੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ’ਚ ਉਸ ਤੋਂ ਬਹੁਤ ਪਿੱਛੇ ਹੈ। ਫਿਰ ਵੀ ਉਹ ਸਹੀ ਸਹਾਇਤਾ ਤੇ ਪਹੁੰਚ ਨਾਲ ਅਜਿਹੀ ਸਫਲਤਾ ਪ੍ਰਾਪਤ ਕਰ ਸਕਦੇ ਹਨ।ਪ੍ਰੋਸੈਸਡ ਖੇਤੀ ਉਤਪਾਦਾਂ ’ਚ ਵਿਸ਼ਵ ਵਿਆਪੀ ਨਿਰਯਾਤ 1 ਲੱਖ ਕਰੋੜ (ਟ੍ਰਿਲੀਅਨ) ਡਾਲਰ ਦੇ ਨੇੜੇ ਹੈ, ਜਿਸ ’ਚ ਜਰਮਨੀ 63 ਅਰਬ ਡਾਲਰ ਦੇ ਯੋਗਦਾਨ ਨਾਲ ਸਿਖਰ ’ਤੇ ਹੈ, ਜਦਕਿ ਅਮਰੀਕਾ 58 ਅਰਬ ਡਾਲਰ, ਚੀਨ 53 ਅਰਬ ਡਾਲਰ ਤੇ ਫਰਾਂਸ 50 ਅਰਬ ਡਾਲਰ ਨਾਲ ਇਸ ਤੋਂ ਪਿੱਛੇ ਹਨ। ਦੱਖਣ-ਪੂਰਬੀ ਏਸ਼ਿਆਈ ਦੇਸ਼ਾਂ ’ਚ ਇੰਡੋਨੇਸ਼ੀਆ, ਮਲੇਸ਼ੀਆ ਤੇ ਥਾਈਲੈਂਡ ਵੀ ਪ੍ਰੋਸੈਸਡ ਖੇਤੀ ਉਤਪਾਦਾਂ ਦੇ ਪ੍ਰਮੁੱਖ ਨਿਰਯਾਤਕ ਹਨ, ਜਦਕਿ ਮੁੱਲ-ਅਧਾਰਿਤ ਨਿਰਯਾਤ ਨੂੰ ਉਤਸ਼ਾਹਿਤ ਕੀਤੇ ਜਾਣ ਬਾਅਦ ਪਿਛਲੇ 5 ਸਾਲਾਂ ਦੌਰਾਨ ਭਾਰਤ ਦੇ ਖੇਤੀ ਨਿਰਯਾਤ ’ਚ 6.5 ਅਰਬ ਡਾਲਰ ਦਾ ਵਾਧਾ ਹੋਇਆ ਹੈ, ਜਿਸ ਨੂੰ ਖੇਤੀ-ਨਿਰਯਾਤ ਨੀਤੀ ਤਹਿਤ ਵੈਲਯੂ-ਐਡਿਡ ਖੇਤੀ ਨਿਰਯਾਤ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਹੀ ਪੇਸ਼ ਕੀਤਾ ਗਿਆ ਸੀ। ਭਾਰਤ ਦਾ ਖੇਤੀ ਨਿਰਯਾਤ ਵਧ ਕੇ 15 ਅਰਬ ਡਾਲਰ ਤੱਕ ਪਹੁੰਚ ਚੁੱਕਾ ਹੈ, ਇਸ ਨੇ ਸਾਡੇ ਸੰਸਾਰਿਕ ਰੈਂਕ ਵਿਚ 21 ਤੋਂ 17 ਤੱਕ ਮਾਮੂਲੀ ਰੂਪ ’ਚ ਸੁਧਾਰ ਕੀਤਾ ਹੈ।

ਭਾਰਤ ਫਲਾਂ ਤੇ ਸਬਜ਼ੀਆਂ ਦੇ ਉਤਪਾਦਨ ’ਚ 30 ਕਰੋੜ ਟਨ ਨਾਲ ਚੀਨ ਤੋਂ ਬਾਅਦ ਦੁਨੀਆਂ ਭਰ ’ਚ ਦੂਜੇ ਸਥਾਨ ’ਤੇ ਹੈ, ਫਿਰ ਵੀ ਫਲਾਂ ਦਾ ਪ੍ਰੋਸੈਸਿੰਗ ਪੱਧਰ 4.5 ਫ਼ੀਸਦੀ, ਸਬਜ਼ੀਆਂ 2.7 ਫ਼ੀਸਦੀ, ਦੁੱਧ 21.1 ਫ਼ੀਸਦੀ, ਮਾਸ 34.2 ਫ਼ੀਸਦੀ ਤੇ ਮੱਛੀ ਪਾਲਣ ’ਚ 15.4 ਫ਼ੀਸਦੀ ਹੈ, ਜਦਕਿ ਚੀਨ ’ਚ ਇਹ 25-30 ਫ਼ੀਸਦੀ ਤੇ ਯੂਰਪੀਨ ਦੇਸ਼ਾਂ ’ਚ 60-80 ਫ਼ੀਸਦੀ ਤੱਕ ਹੈ। ਭਾਰਤ ’ਚ ਪ੍ਰੋਸੈਸਿੰਗ ਸਮਰੱਥਾ ਦੀ ਕਮੀ ਦੇ ਚੱਲਦਿਆਂ ਵੱਡੀ ਮਾਤਰਾ ’ਚ ਉਪਜ ਬਰਬਾਦ ਹੋ ਜਾਂਦੀ ਹੈ। ਭਾਰਤ ’ਚ ਵਾਢੀ ਦੇ ਬਾਅਦ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਪੂਰੀ ਸਪਲਾਈ ਲੜੀ ’ਚ 18 ਫ਼ੀਸਦੀ ਤੋਂ 25 ਫ਼ੀਸਦੀ ਤੱਕ ਹੈ, ਹਾਲਾਂਕਿ ਫਲ ਤੇ ਸਬਜ਼ੀਆਂ ਲਈ ਇਹ 45 ਫ਼ੀਸਦੀ ਤੱਕ ਮੰਨਿਆ ਜਾਂਦਾ ਹੈ। ਨੀਤੀ ਆਯੋਗ ਨੇ ਵਾਢੀ ਤੋਂ ਬਾਅਦ ਸਾਲਾਨਾ 90,000 ਕਰੋੜ ਰੁਪਏ ਦੇ ਨੁਕਸਾਨ ਦਾ ਅੰਦਾਜ਼ਾ ਲਗਾਇਆ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਖੇਤਾਂ ਨੇੜੇ ਉਚਿਤ ਛਾਂਟੀ ਤੇ ਗ੍ਰੇਡਿੰਗ ’ਤੇ ਧਿਆਨ ਕੇਂਦਰਿਤ ਕਰਨ ਤੇ ਪ੍ਰੋਸੈਸਿੰਗ ਸਮਰੱਥਾ ਨੂੰ ਵਧਾਉਣ ਦਾ ਸੁਝਾਅ ਦਿੱਤਾ ਗਿਆ ਹੈ।

**ਕਿਸਾਨਾਂ ਨੂੰ ਉਤਸ਼ਾਹਿਤ ਕਰਨਾ:** ਕਿਸਾਨਾਂ ਨੂੰ ਖੇਤਾਂ ਵਿੱਚ ਤੇ ਇਸ ਦੇ ਨੇੜ-ਤੇੜੇ ਦੀ ਰਹਿੰਦ-ਖੂੰਹਦ ਨੂੰ ਸਹੀ ਢੰਗ ਨਾਲ ਨਿਪਟਾਉਣ ਤੇ ਉਸ ਦੀ ਮੁੜ ਵਰਤੋਂ ਲਈ ਪ੍ਰੇਰਿਤ ਕਰਨਾ ਇਕ ਮਹੱਤਵਪੂਰਨ ਪਹਿਲ ਹੈ। 2020 ’ਚ ਕੇਂਦਰ ਸਰਕਾਰ ਨੇ ਖੇਤਾਂ ਕੋਲ ਵਾਢੀ ਬਾਅਦ ਇਕੱਤਰੀਕਰਨ ਬਿੰਦੂਆਂ ’ਤੇ ਕੋਲਡ ਚੇਨ ਦੇ ਬੁਨਿਆਦੀ ਢਾਂਚੇ ਦੀ ਸਥਾਪਨਾ ਲਈ ਦਰਮਿਆਨੀ ਤੋਂ ਲੰਬੀ ਮਿਆਦ ਦੇ ਕਰਜ਼ੇ ਦੀ ਵਿੱਤੀ ਮਦਦ ਪ੍ਰਦਾਨ ਕਰਨ ਲਈ 1ਟ੍ਰਿਲੀਅਨ ਰੁਪਏ ਦੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਦਾ ਐਲਾਨ ਕੀਤਾ ਸੀ। ਤਾਮਿਲਨਾਡੂ ਨੇ ਹਾਲ ਹੀ ’ਚ ਆਪਣੀ ਫ਼ੂਡ ਪ੍ਰੋਸੈਸਿੰਗ ਨੀਤੀ ਦਾ ਐਲਾਨ ਕੀਤਾ ਹੈ, ਜੋ ਖੇਤੀ ਉਤਪਾਦਾਂ ਦੀ ਬਰਬਾਦੀ ਨੂੰ ਘਟਾਉਣ ਤੇ ਉਨ੍ਹਾਂ ਦੇ ਮੁੱਲਾਂ ਨੂੰ ਵਧਾਉਣ ਵੱਲ ਇੱਕ ਸ਼ਾਨਦਾਰ ਪਹਿਲ ਹੈ। ਇਹ ਨੀਤੀ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓਜ਼) ਤੇ ਫ਼ੂਡ ਪ੍ਰੋਸੈਸਿੰਗ ਉਦਯੋਗ ਨੂੰ ਕੇਂਦਰੀ ਸਕੀਮਾਂ ਤੋਂ ਵਿੱਤੀ ਮਦਦ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰੇਗੀ। ਹਾਲਾਂਕਿ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਹਰਿਆਣਾ ਜਿਹੇ ਗੁਆਂਢੀ ਸੂਬੇ ਵੱਲੋਂ ਆਪਣੀ ਖੇਤੀ ਸਮਰਪਿਤ ਕਾਰੋਬਾਰ ਤੇ ਫ਼ੂਡ ਪ੍ਰੋਸੈਸਿੰਗ ਨੀਤੀ ਦੀ ਸਫਲਤਾ ਦੇ ਬਾਵਜੂਦ ਪੰਜਾਬ ਨੇ ਅਜੇ ਤੱਕ ਅਜਿਹੀ ਪਹਿਲ ਲਈ ਕੋਈ ਕਦਮ ਨਹੀਂ ਉਠਾਇਆ ਹੈ।

**ਉਤਪਾਦਨ ਅਧਾਰਿਤ ਉਤਸ਼ਾਹ ਦੇਣ ਦੀ ਨੀਤੀ** : ਫ਼ੂਡ ਪ੍ਰੋਸੈਸਿੰਗ ਉਦਯੋਗ ਦੇ ਲਈ ਉਤਪਾਦਨ ਨਾਲ ਜੁੜੀ ਉਤਸ਼ਾਹਿਤ ਕਰਨ ਵਾਲੀ ਯੋਜਨਾ (ਪੀ.ਐਲ.ਆਈ.ਐਸ. ਐਫ.ਪੀ.ਆਈ.) ਵਾਸਤੇ 2021-22 ਤੋਂ 2026-27 ਤੱਕ ਲਈ 10,900 ਕਰੋੜ ਰੁਪਏ ਦੀ ਜ਼ਰੂਰਤ ਹੋਵੇਗੀ, ਤਾਂ ਕਿ ਵਿਸ਼ਵ ਪੱਧਰ ’ਤੇ ਮੁਕਾਬਲੇ ਵਾਲੀਆਂ ਖੇਤੀ ਫਰਮਾਂ ਦੇ ਉਤਪਾਦਨ ਦਾ ਮੁਕਾਬਲਾ ਕੀਤਾ ਜਾ ਸਕੇ। ਇਸ ਯੋਜਨਾ ਦਾ ਉਦੇਸ਼ ਪ੍ਰੋਸੈਸਿੰਗ ਸਮਰੱਥਾ ਦਾ ਵਿਸਤਾਰ ਕਰਨਾ, ਮਜ਼ਬੂਤ ਭਾਰਤੀ ਬ੍ਰਾਂਡ ਵਿਕਸਿਤ ਕਰਨੇ, ਵਿਸ਼ਵ ਵਿਆਪੀ ਬਾਜ਼ਾਰ ’ਚ ਮੌਜੂਦਗੀ ਨੂੰ ਵਧਾਉਣਾ ਤੇ ਰੁਜ਼ਗਾਰ ਪੈਦਾ ਕਰਦਿਆਂ ਕਿਸਾਨਾਂ ਦੀ ਆਮਦਨ ਨੂੰ ਵਧਾਉਣਾ ਹੈ। ਮਈ 2024 ਤੱਕ ਇਸ ਪੀ.ਐਲ.ਆਈ.ਐਸ.ਐਫ.ਪੀ.ਆਈ. ਫੰਡ ਦਾ 90 ਫ਼ੀਸਦੀ ਅਜੇ ਵੀ ਵਰਤਿਆ ਨਹੀਂ ਗਿਆ ਹੈ। ਸਰਕਾਰ ਵਲੋਂ 158 ਛੋਟੇ ਤੇ ਦਰਮਿਆਨੇ ਉਦਯੋਗਾਂ (ਐਸ.ਐਮ.ਈ.) ਦੇ ਲਾਭਪਾਤਰੀਆਂ ’ਚ ਸਿਰਫ਼ 1,073 ਕਰੋੜ ਰੁਪਏ ਹੀ ਵੰਡੇ ਗਏ ਹਨ, ਜਦਕਿ ਇਸ ਯੋਜਨਾ ਦੀ ਅੱਧੀ ਤੋਂ ਵੱਧ ਸਮਾਂ ਹੱਦ ਬੀਤ ਚੁੱਕੀ ਹੈ ਤੇ ਉਕਤ ਫੰਡ ਦੇ ਕੇਵਲ 10 ਫ਼ੀਸਦੀ ਹਿੱਸੇ ਦੀ ਹੀ ਵਰਤੋਂ ਹੋ ਸਕੀ ਹੈ। ਜੋ ਇਸ ਦੀ ਘੱਟ ਵਰਤੋਂ ਲਈ ਜ਼ਿੰਮੇਵਾਰ ਵਧੇਰੇ ਕੇਂਦਰਿਤ ਨੀਤੀ ’ਚ ਦਖ਼ਲ ਦੀ ਲੋੜ ਨੂੰ ਉਜਾਗਰ ਕਰਦੀ ਹੈ।ਪੀ.ਐਲ.ਆਈ. ਸਕੀਮ ਦੇ ਦੋਹਰੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਗਲੋਬਲ ਮੁਕਾਬਲੇਬਾਜ਼ੀ ਤੇ ਨਿਰਯਾਤ ’ਚ ਵਾਧਾ ਪ੍ਰਾਪਤ ਕਰਨ ਲਈ ਇਸ ਐਸ.ਐਮ.ਈ. ਨੂੰ ਵਿਸ਼ਵ ਪੱਧਰ ’ਤੇ ਸਥਾਪਿਤ ਕਰਨ ਲਈ ‘ਐਂਕਰ’ ਫਰਮਾਂ ਨਾਲ ਸਾਂਝੇ ਉੱਦਮ ਬਣਾਉਣੇ ਚਾਹੀਦੇ ਹਨ। ਪਿਛਲੇ ਇੱਕ ਦਹਾਕੇ ਦੌਰਾਨ ਭਾਰਤ ਨੇ 500 ਅਰਬ ਰੁਪਏ ਦੇ ਵਿਦੇਸ਼ੀ ਸਿੱਧੇ ਨਿਵੇਸ਼ (ਐਫ.ਡੀ.ਆਈ.) ਨੂੰ ਆਕਰਸ਼ਿਤ ਕੀਤਾ ਹੈ, ਜਿਸ ’ਚ 100 ਫ਼ੀਸਦੀ ਐਫ.ਡੀ.ਆਈ. ਦੀ ਇਜਾਜ਼ਤ ਹੈ।

**ਅੱਗੇ ਦਾ ਰਸਤਾ:** ਫ਼ੂਡ ਪ੍ਰੋਸੈਸਿੰਗ ਨੂੰ ਭਾਰਤ ਦਾ ਇਕ ਉੱਭਰਦਾ ਹੋਇਆ ਉਦਯੋਗ ਮੰਨਿਆ ਜਾਂਦਾ ਹੈ, ਜੋ ਕਿਸਾਨਾਂ ਨੂੰ ਪ੍ਰਭਾਵੀ ਢੰਗ ਨਾਲ ਲਾਭ ਪਹੁੰਚਾਉਣ ਲਈ ਬਦਲਾਅ ’ਚ ਇੱਕ ਮਹਤੱਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਖੁਰਾਕ ਸੁਰੱਖਿਆ ਪ੍ਰਦਾਨ ਕਰਨ ’ਚ ਇਸ ਦੀ ਰਣਨੀਤਕ ਮਹਤੱਤਾ ਦੇ ਕਾਰਨ ਖੇਤੀਬਾੜੀ ਵਿਕਾਸ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ’ਚ ਵਾਧਾ ਤੇ ਉਦਯੋਗਿਕ ਏਕੀਕਰਨ ਦੇ ਸੰਯੋਜਨ ਲਈ ਬਹੁਪੱਖੀ ਦ੍ਰਿਸ਼ਟੀਕੋਣ ਜ਼ਰੂਰੀ ਹੈ।(**ਬਾਕੀ ਸਫ਼ਾ 31 ’ਤੇ**)





# ਨਿੰਮ ਦੇ ਸੰਦੂਕ ਵਾਲੀਏ ...

**ਜੋਗਿੰਦਰ ਕੌਰ ਅਗਨੀਹੋਤਰੀ**

ਰੁੱਖਾਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ। ਇੱਕ ਰੁੱਖ ਸੌ ਸੁੱਖ। ਅਜਿਹੀਆਂ ਨਿਆਮਤਾਂ ਕੁਦਰਤ ਦੀ ਦੇਣ ਹਨ। ਮਨੁੱਖ ਨੂੰ ਜਿਉਂਦੇ ਰਹਿਣ ਲਈ ਹਵਾ ਪਾਣੀ ਤੇ ਅੰਨ ਦੀ ਜ਼ਰੂਰਤ ਹੈ ਅਤੇ ਇਹ ਸਭ ਚੀਜ਼ਾਂ ਇਨ੍ਹਾਂ ਰੁੱਖਾਂ ਕਰਕੇ ਹੀ ਸੰਭਵ ਹਨ। ਰੁੱਖਾਂ ਕਰਕੇ ਹੀ ਮੀਂਹ ਵਰ੍ਹਦਾ ਹੈ। ਮੀਂਹ ਤੋਂ ਧਰਤੀ 'ਤੇ ਭਿੰਨ-ਭਿੰਨ ਪ੍ਰਕਾਰ ਦੇ ਬੀਜ ਉੱਗਦੇ ਹਨ। ਮਨੁੱਖ ਨੇ ਆਪਣਾ ਪੇਟ ਭਰਨ ਲਈ ਭਿੰਨ-ਭਿੰਨ ਪ੍ਰਕਾਰ ਦੇ ਬੀਜਾਂ ਨੂੰ ਆਪਣੀ ਬੁੱਧੀ ਦੇ ਅਨੁਸਾਰ ਵਰਤੋਂ ਵਿੱਚ ਲਿਆਂਦਾ। ਕੁਝ ਬੀਜਾਂ ਨੂੰ ਪੀਸ ਕੇ ਰੋਟੀ ਬਣਾਉਣ ਲਈ ਵਰਤਿਆ ਅਤੇ ਕੁਝ ਨੂੰ ਮਿੱਠੇ ਪਦਾਰਥਾਂ ਲਈ ਵਰਤਿਆ। ਰੋਟੀ ਬਣਾਉਣ ਲਈ ਉਸਨੇ ਕਣਕ , ਜੌਂ, ਛੋਲੇ, ਮੱਕੀ, ਬਾਜਰਾ ਆਦਿ ਨੂੰ ਵਰਤਿਆ ਤੇ ਮਿੱਠੇ ਪਦਾਰਥਾਂ ਵਿੱਚ ਚੌਲ ਤੇ ਸਵਾਂਖਾਂ ਦੇ ਚੌਲ ਤੋ ਬਿਨਾਂ ਹੋਰ ਬੀਜ ਵੀ ਵਰਤੋਂ ਵਿੱਚ ਲਿਆਂਦਾ। ਕੁਝ ਬੀਜਾਂ ਨੂੰ ਪੀੜ ਕੇ ਮਨੁੱਖ ਨੇ ਉਨ੍ਹਾਂ ਤੋਂ ਤੇਲ ਤਿਆਰ ਕੀਤਾ ਜਿਵੇਂ ਸਰ੍ਹੋਂ, ਮੂੰਗਫਲੀ, ਅਲਸੀ ਤੇ ਤਿਲ ਆਦਿ। ਮਨੁੱਖੀ ਜੀਵਨ ਨੂੰ ਰੋਗਾਂ ਤੋਂ ਬਚਾਉਣ ਲਈ ਜਾਂ ਉਨ੍ਹਾਂ ਦੇ ਇਲਾਜ ਲਈ ਜੜ੍ਹੀਆਂ-ਬੂਟੀਆਂ ਵਰਤਣ ਦਾ ਢੰਗ ਤੇ ਉਨ੍ਹਾਂ ਤੋਂ ਦਵਾਈ ਤਿਆਰ ਕਰਨ ਦੇ ਨੁਸਖ਼ੇ ਵੀ ਦੱਸੇ ਹੋਏ ਹਨ।

ਅਨੇਕਾਂ ਮਿੱਠੇ ਫਲਾਂ ਵਾਲੇ ਰੁੱਖਾਂ ਤੇ ਹੋਰ ਰੁੱਖਾਂ ਵਿਚੋਂ ਨਿੰਮ ਦਾ ਰੁੱਖ ਕੌੜਾ ਹੋਣ ਦੇ ਬਾਵਜੂਦ ਮਹੱਤਵਪੂਰਨ ਰੁੱਖ ਹੈ। ਧਾਰਮਿਕ ਪਰੰਪਰਾ ਅਨੁਸਾਰ ਬੋਹੜ, ਪਿੱਪਲ ਤੇ ਨਿੰਮ ਤਿੰਨਾਂ ਦਰੱਖ਼ਤਾਂ ਦੇ ਇਕੱਠੇ ਲਾਉਣ ਨੂੰ ਤ੍ਰਿਵੈਣੀ ਕਿਹਾ ਜਾਂਦਾ ਹੈ। ਧਾਰਮਿਕ ਪੱਖ ਨੂੰ ਛੱਡ ਕੇ ਵਿਗਿਆਨਿਕ ਨਜ਼ਰੀਏ ਤੋਂ ਦੇਖੀਏ ਤਾਂ ਇਹ ਤਿੰਨੇ ਰੁੱਖ ਮਨੁੱਖ ਲਈ ਬਹੁਤ ਹੀ ਲਾਭਦਾਇਕ ਹਨ।

ਇਹ ਰੁੱਖ ਵੱਧ ਆਕਸੀਜਨ ਦਿੰਦੇ ਤੇ ਕਾਰਬਨ ਡਾਈਆਕਸਾਈਡ ਆਪਣੇ ਅੰਦਰ ਜਜ਼ਬ ਕਰਦੇ ਹਨ ਅਤੇ ਸ਼ੁੱਧ ਵਾਤਾਵਰਨ ਪ੍ਰਦਾਨ ਕਰਦੇ ਹਨ। ਨਿੰਮ ਦੇ ਰੁੱਖਾਂ ਤੋਂ ਅਨੇਕਾਂ ਦਵਾਈਆਂ/ਔਸ਼ਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਨਿੰਮ ਦਾ ਤੇਲ ਮਨੁੱਖੀ ਸਰੀਰ ਨੂੰ ਖਾਰਿਸ਼ ,ਖੁਜਲੀ ਆਦਿ ਤੋਂ ਬਚਾਉਂਦਾ ਹੈ। ਮੱਛਰ ਤੋਂ ਬਚਾਅ ਕਰਨ ਲਈ ਵੀ ਨਿੰਮ ਦਾ ਤੇਲ ਲਾਇਆ ਜਾਂਦਾ ਹੈ। ਫੋੜੇ ਫਿਨਸੀਆਂ ਤੋਂ ਛੁਟਕਾਰਾ ਪਾਉਣ ਲਈ ਨਿੰਮ ਦੇ ਸੱਕ ਨੂੰ ਘੜੇ ਦੇ ਚੱਪਣ ਜਾਂ ਚਕਲੇ 'ਤੇ ਘਸਾ ਕੇ ਉਸਦਾ ਲੇਪ ਜਿਹਾ ਬਣਾ ਕੇ ਲਾਉਣ ਲਈ ਆਰਾਮ ਮਿਲਦਾ ਹੈ। ਸਿਰ ਵਿੱਚ ਜੂੰਆਂ ਪੈਣ 'ਤੇ ਨਿੰਮ ਦੀਆਂ ਨਿੰਮੋਲੀਆਂ ਨੂੰ ਰਗੜ ਕੇ ਉਸਦੇ ਪਾਣੀ ਨੂੰ ਸਿਰ ਵਿੱਚ ਲਾਉਣ ਨਾਲ ਜੂੰਆਂ ਮਰ ਜਾਂਦੀਆਂ ਹਨ ਤੇ ਇਹ ਪਾਣੀ ਲਾਉਣ ਨਾਲ ਸਿਰ ਦੇ ਵਾਲਾਂ ਵਿੱਚ ਪਈ ਸਿੱਕਰੀ ਵੀ ਖ਼ਤਮ ਹੋ ਜਾਂਦੀ ਹੈ ਤੇ ਖ਼ੁਰਕ ਵੀ ਨਹੀਂ ਹੁੰਦੀ ।

ਨਿੰਮ ਦੀਆਂ ਕਰੂੰਬਲਾਂ ਨੂੰ ਸਰੋਂ ਦੇ ਤੇਲ ਵਿੱਚ ਕਾੜ੍ਹ ਕੇ ਲਾਉਣ ਨਾਲ ਖੁਰਕ ,ਫੋੜੇ ਤੇ ਫਿਨਸੀਆਂ ਤੋਂ ਰਾਹਤ ਮਿਲਦੀ ਹੈ। ਇਸ ਤੇਲ ਨੂੰ ਲਾਉਣ ਨਾਲ ਮੱਛਰ ਵੀ ਨਹੀਂ ਕੱਟਦਾ। ਜ਼ਖ਼ਮਾਂ ਨੂੰ ਧੋਣ ਲਈ ਵੀ ਨਿੰਮ ਉਬਾਲ ਕੇ ਉਸਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ ਅਤੇ ਹੁਣ ਵੀ ਕੁਝ ਲੋਕ ਕਰਦੇ ਹਨ। ਇਸ ਨਾਲ ਸੋਜ਼ਿਸ਼ ਵੀ ਦੂਰ ਹੁੰਦੀ ਹੈ ਤੇ ਜ਼ਖ਼ਮ ਅੰਦਰਲੀ ਪੀਕ ਵੀ ਘੱਟਦੀ ਹੈ। ਦੰਦਾਂ ਵਿੱਚ ਪਈ ਪਸ ਉਰਫ਼ ਰੇਸ਼ੇ ਤੋਂ ਛੁਟਕਾਰਾ ਪਾਉਣ ਲਈ ਨਿੰਮ ਦੇ ਪੱਤਿਆਂ ਅਤੇ ਅਮਰੂਦ ਦੇ ਪੱਤਿਆਂ ਨੂੰ ਉਬਾਲ ਕੇ ਉਸ ਨੂੰ ਮੂੰਹ ਵਿੱਚ ਭਰ ਕੇ ਸਿਰਫ਼ ਦੋ ਮਿੰਟ ਰੱਖ ਕੇ ਉਸ ਕੁਰਲੀ ਨੂੰ ਸੁੱਟਣ ਨਾਲ ਹੀ ਮਰੀਜ਼ ਨੂੰ ਰਾਹਤ ਮਿਲਦੀ ਹੈ। ਕਣਕ ਨੂੰ ਕੀੜਾ ਜਾਂ ਸੁਸਰੀ ਤੋਂ ਬਚਾਉਣ ਲਈ ਉਸ ਵਿੱਚ ਨਿੰਮ ਦੇ ਪੱਤੇ ਪਾਏ ਜਾਂਦੇ ਹਨ। ਨਿੰਮ ਦੇ ਰੁੱਖ ਵਿੱਚ ਖ਼ਾਸ ਗੁਣ ਇਹ ਹੈ ਕਿ ਇਹ ਮਨੁੱਖ ਨੂੰ ਹਾਨੀਕਾਰਕ ਕੀਟਾਣੂਆਂ ਤੋਂ ਬਚਾਉਂਦਾ ਹੈ। ਮਿਰਤਕ ਦੀ ਦੇਹ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਉਸ ਉੱਤੇ ਨਿੰਮ ਪਾ ਕੇ ਰੱਖਿਆ ਜਾਂਦਾ ਹੈ।



ਨਿੰਮ 'ਤੇ ਪੀਂਘਾਂ ਤੇ ਪਲਾਂਘਾ

ਨਿੰਮ ਸਾਨੂੰ ਸੰਘਣੀ ਛਾਂ ਵੀ ਪ੍ਰਦਾਨ ਕਰਦਾ ਹੈ। ਕਦੇ ਸਵੇਰੇ ਸਵੇਰੇ ਸਫ਼ਾਈ ਕਰ ਕੇ ਨਿੰਮ ਦੇ ਰੁੱਖ ਹੇਠਾਂ ਮੰਜੇ ਡਾਹੇ ਜਾਂਦੇ ਅਤੇ ਉੱਥੇ ਹੀ ਬੈਠ ਕੇ ਰੋਟੀ ਖਾਧੀ ਜਾਂਦੀ ਸੀ। ਇਹ ਰੋਟੀ ਭਾਵੇਂ ਬਿਲਕੁਲ ਸਾਦੀ ਹੁੰਦੀ ਸੀ ਪਰ ਛੱਤੀ ਪਦਾਰਥਾਂ ਤੋਂ ਉੱਤੇ ਲੱਗਦੀ। ਇਸ ਭੋਜਨ ਵਿਚ ਹਾਰੇ ਦੀ ਬਣੀ ਛੋਲਿਆਂ ਦੀ ਦਾਲ ਜਿਸ ਦੇ ਰਿੱਝਣ ਸਮੇਂ ਹੀ ਲੱਸਣ, ਗੰਢੇ ਅਤੇ ਟਿੰਡੀਆਂ ਭਾਵ ਟਿੰਡੇ ਵੀ ਕੱਟ ਕੇ ਪਾਏ ਜਾਂਦੇ ਹਨ।

ਸਾਬਤ ਲਾਲ ਮਿਰਚਾਂ ਉਬਲਦੀ ਦਾਲ ਵਿੱਚ ਪਾਉਣ ਨਾਲ,ਦਾਲ ਹੋਰ ਵੀ ਸੁਆਦ ਬਣਦੀ ਹੈ। ਫਿਰ ਇਨ੍ਹਾਂ ਉਬਲੀਆਂ ਲਾਲ ਮਿਰਚਾਂ ਨੂੰ ਕੜਛੀ ਨਾਲ ਹੀ ਰਲਾ ਕੇ ਦਾਲ ਵਿਚ ਮਿਲਾ ਦਿੱਤਾ ਜਾਂਦਾ ਤੇ ਦਾਲ ਘੋਟ ਕੇ ਤਿਆਰ ਕਰ ਲਈ ਜਾਂਦੀ। ਮਿਰਚ ਖਾਣ ਦੇ ਸ਼ੌਕੀਨ ਵਿਅਕਤੀ ਸਾਬਤ ਲਾਲ ਉਬਲੀਆਂ ਮਿਰਚਾਂ,ਆਪਣੇ ਵਾਸਤੇ ਰੱਖਦੇ। ਇਸ ਦਾਲ ਨਾਲ ਕੱਚਾ ਗੰਢਾ, ਦਹੀਂ, ਲੱਸੀ ਤੇ ਮੱਖਣੀ ਦੀ ਵਰਤੋਂ ਵੀ ਕੀਤੀ ਜਾਂਦੀ। ਬੱਚਿਆਂ ਤੇ ਕੁੜੀਆਂ ਵਾਸਤੇ ਨਿੰਮ 'ਤੇ ਪੀਂਘਾਂ ਪਾਈਆਂ ਜਾਂਦੀਆਂ ਸਨ । ਛੋਟੇ ਬੱਚਿਆਂ ਲਈ ਪੀਂਘ ਪਾ ਕੇ ਉਸ ਵਿੱਚ ਟੋਕਰਾ ਵੀ ਪਾਇਆ ਜਾਂਦਾ ਜਿਸ ਵਿੱਚ ਮਾਸੂਮਾਂ ਨੂੰ ਪਾ ਕੇ ਝੂਟੇ ਦਿੱਤੇ ਜਾਂਦੇ। ਕਈ ਵਾਰ ਪਲਾਂਘਾ ਵੀ ਪਾਇਆ ਜਾਂਦਾ। ਦੋ ਮੋਟੇ ਰੱਸੇ (ਲੱਜ ਜਾਂ ਲਾਸ) ਲੈ ਕੇ ਨਿੰਮ ਦੇ ਵਧੀਆ ਟਾਹਣੇ ਉੱਤੇ ਆੜਵੰਦ ਪਾ ਕੇ ਪਲਾਂਘਾ ਪਾਇਆ ਜਾਂਦਾ। ਪਲਾਂਘਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਦੋਵਾਂ ਪੀਂਘਾਂ ਵਿਚ ਮੰਜਾ ਪਾ ਦਿੱਤਾ ਜਾਂਦਾ ਹੈ, ਜਿਸ ਉੱਤੇ ਬੱਚੇ ਝੂਲੇ ਦਾ ਅਨੰਦ ਲੈ ਸਕਦੇ ਹਨ। ਤੀਆਂ ਦੇ ਦਿਨਾਂ ਵਿੱਚ ਕੁੜੀਆਂ ਪਿੱਪਲਾਂ, ਬਰੋਟਿਆਂ ਤੇ ਨਿੰਮਾਂ 'ਤੇ ਪੀਘਾਂ ਪਾਉਂਦੀਆਂ ਹਨ–

ਨਿੰਮ 'ਤੇ ਝੂਟਦੀਏ
ਤੇਰੇ ਝੁਮਕੇ ਲੈਣ ਹੁਲਾਰੇ।

ਕਈ ਵਾਰ ਸੁੰਦਰ ਲੜਕੀ ਦੀ ਪ੍ਰਸੰਸਾ ਕਰ ਕੇ ਗੀਤ ਗਾਇਆ ਜਾਂਦਾ–ਨਿੰਮ 'ਤੇ ਝੂਟਦੀਏ,
ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ।

ਹਰੇ ਭਰੇ ਰੁੱਖਾਂ ਤੇ ਪੰਛੀਆਂ ਦਾ ਆਉਣਾ ਅਤੇ ਚਹਿਚਹਾਉਣਾ ਆਮ ਜਿਹੀ ਗੱਲ ਹੈ। ਭਾਵੇਂ ਨਿੰਮ ਦੀਆਂ ਨਿੰਮੋਲੀਆਂ ਨਿੰਮ ਦੇ ਕੌੜਾ ਹੋਣ ਕਾਰਨ ਪੰਛੀਆਂ ਲਈ ਕੋਈ ਜ਼ਿਆਦਾ ਮਹਾਨਤਾ ਨਹੀਂ ਰੱਖਦੀਆਂ ਪ੍ਰੰਤੂ ਪੰਛੀ ਫਿਰ ਵੀ ਚੁੰਝਾਂ ਮਾਰਦੇ ਹਨ–

ਤੋਤੇ ਰੰਗੀ ਚੁੰਨੀ ਮੇਰੀ ਨੂੰ,
ਲੱਗੀ ਲਾਲ ਕਿਨਾਰੀ।
ਨੀ ਟੁੱਟ ਪੈਣੇ ਤੋਤੇ ਨੇ
ਮੇਰੀ ਗੱਲ੍ਹ 'ਤੇ ਨਮੋਲੀ ਮਾਰੀ।

ਘਰਾਂ ਵਿੱਚ ਵਿਹੜੇ ਵਿੱਚ ਲੱਗੇ ਰੁੱਖ, ਘਰ ਦੀ ਸ਼ਾਨ ਹੁੰਦੇ ਸਨ। ਟਾਹਲੀ, ਨਿੰਮ, ਤੂਤ ਅਤੇ ਸਰੀਂਹ ਵਰਗੇ ਰੁੱਖਾਂ ਦੀ ਸੰਘਣੀ ਛਾਂ ਹੇਠ ਦੁਪਹਿਰੇ ਗੁਜ਼ਾਰੇ ਜਾਂਦੇ ਸਨ ਕਿਉਂਕਿ ਅੱਜ ਵਾਂਗ ਪਰਿਵਾਰ ਦੇ ਜੀਆਂ ਦੇ ਨਾ ਤਾਂ ਵੱਖਰੇ ਕਮਰੇ ਹੁੰਦੇ ਸਨ ਅਤੇ ਨਾ ਹੀ ਜ਼ਿਆਦਾ ਸੁੱਖ ਦੇ ਸਾਧਨ ਜਿਵੇਂ ਪੱਖੇ, ਕੂਲਰ, ਏ .ਸੀ ਆਦਿ। ਅਜਿਹੀਆਂ ਸੰਘਣੀਆਂ ਛਾਵਾਂ ਵਿੱਚ ਸਾਰਾ ਪਰਿਵਾਰ ਇਕੱਠਾ ਬੈਠ ਜਾਂਦਾ ਅਤੇ ਕਈ ਵਾਰ ਗੁਆਂਢੀਆਂ ਤੋਂ ਬਿਨਾਂ ਕੋਈ ਰਾਹ ਜਾਂਦੇ ਰਾਹੀ ਵੀ ਆ ਕੇ ਦੁਪਹਿਰਾ ਢਾਲ ਲੈਂਦੇ। ਇਸ ਤਰ੍ਹਾਂ ਕਈ ਵਾਰ ਪ੍ਰੇਮੀ ਪ੍ਰੇਮਿਕਾ ਦਾ ਮਿਲਣ ਵੀ ਰੁੱਖਾਂ ਦੇ ਝੁੰਡਾਂ ਵਿੱਚ ਹੀ ਹੁੰਦਾ ਪਰ ਜੇ ਕਿਧਰੇ ਰਾਤ ਬਰਾਤੇ ਮਿਲਣ ਦਾ ਇਕਰਾਰ ਹੁੰਦਾ ਤਾਂ ਪ੍ਰੇਮੀ ਪ੍ਰੇਮਿਕਾ ਨੂੰ ਘਰ ਦੀ ਨਿਸ਼ਾਨੀ ਇੰਝ ਸਮਝਾਉਂਦਾ–

ਜਿਹੜਾ ਨਿੰਮ ਵਾਲਾ ਉੱਚਾ ਚੁਬਾਰਾ,
ਨੀਂ ਉਹ ਘਰ ਮਿੱਤਰਾਂ ਦਾ।

ਇਸ ਤਰ੍ਹਾਂ ਪਤੀ-ਪਤਨੀ ਦਾ ਰਿਸ਼ਤਾ ਵੀ ਅਜਿਹਾ ਹੁੰਦਾ ਹੈ ਕਿ ਕਦੇ ਕਬੀਲਦਾਰੀ ਦੀਆਂ ਗੱਲਾਂ ਜਾਂ ਮੁਸ਼ਕਲਾਂ ਹੱਲ ਕਰਨ ਦੀਆਂ ਵਿਉਂਤਾਂ ਬਣਾਉਂਦੇ ਹਨ ਅਤੇ ਕਦੇ ਦੁੱਖਾਂ ਨੂੰ ਇੱਕ ਦੂਜੇ ਨਾਲ ਵੰਡਦੇ ਹਨ। ਕਹਿੰਦੇ ਨੇ ਸਦਾ ਦੁੱਖ ਵੀ ਨਹੀਂ ਰਹਿੰਦਾ ਤੇ ਹਾਸੇ ਵੀ ਆਉਂਦੇ ਹਨ। ਇਸ ਤਰ੍ਹਾਂ ਅਜਿਹੇ ਸਮੇਂ ਕਈ ਵਾਰ ਖੁਸ਼ੀ ਵਿੱਚ ਨਿੰਮ ਹੇਠਾਂ ਬੈਠਾ ਗੱਭਰੂ ਆਪਣੀ ਪਤਨੀ ਨੂੰ ਬੁਲਾਉਣ ਲਈ ਇਸ ਤਰ੍ਹਾਂ ਕਹਿੰਦਾ ਹੈ–

ਬੈਠਾ ਨਿੰਮ ਥੱਲੇ
ਨੀ ਜਮਾਈ ਤੇਰੇ ਬਾਪ ਦਾ।

ਕਬੀਲਦਾਰੀ ਤਾਂ ਮਿੱਟੀ ਦੇ ਚੁੱਲ੍ਹੇ ਦੀ ਤਰ੍ਹਾਂ ਹੈ ਜੋ ਹੌਲੀ-ਹੌਲੀ ਟੁੱਟਦੇ ਫੁੱਟਦੇ ਰਹਿੰਦੇ ਨੇ ਅਤੇ ਕਈ ਵਾਰ ਅਚਨਚੇਤ ਘਰੇਲੂ ਖ਼ਰਚੇ ਵੀ ਮਨੁੱਖ ਨੂੰ ਪੈ ਜਾਂਦੇ ਹਨ। ਅਜਿਹੀ ਸਥਿਤੀ ਨੂੰ ਸਾਹਮਣੇ ਕਰਕੇ ਉਸਦੀ ਘਰ ਵਾਲੀ ਉਸਦੇ ਇਸ ਪ੍ਰਸ਼ਨ ਦਾ ਜਵਾਬ ਕੁਝ ਇਸ ਤਰ੍ਹਾਂ ਦਿੰਦੀ ਹੈ–

'ਪੈਸਾ ਹੈ ਨਹੀਂ ਪੱਲੇ ਵੇ,
ਗੁਟਾਰ ਵਾਂਗੂੰ ਝਾਕਦਾ।'

ਨਿੰਮ ਦਾ ਘੋਟਣਾ

ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੇਤੀ ਵੀ ਮਹੱਤਵਪੂਰਨ ਸਾਧਨ ਹੈ ਪਰ ਕਹਿੰਦੇ ਹਨ ਕਿ ਖੇਤੀ ਵੀ ਅਜਿਹਾ ਸਾਧਨ ਹੈ ਜੋ ਕੁਦਰਤ 'ਤੇ ਨਿਰਭਰ ਹੈ। ਖੇਤੀ ਨੂੰ ਬਹੁਤ ਸਾਰੀਆਂ ਅਲਸੇਟੀਆਂ ਪੈ ਜਾਂਦੀਆਂ ਹਨ ਜਿਵੇਂ ਫ਼ਸਲਾਂ ਨੂੰ ਕੋਈ ਬਿਮਾਰੀ ਪੈਣਾ, ਮੀਂਹ ਨਾ ਪੈਣਾ ਜਾਂ ਬਹੁਤ ਜ਼ਿਆਦਾ ਪੈਣਾ। ਕੋਈ ਕੁਦਰਤੀ ਆਫ਼ਤ ਆ ਜਾਣਾ ਜਿਵੇਂ ਟਿੱਡੀ ਦਲ ਦਾ ਆਉਣਾ। ਟਿੱਡੀ ਦਲ ਤੋਂ ਬਚਾਓ ਲਈ ਨਿੰਮ ਦੇ ਰੁੱਖ ਬਹੁਤ ਸਹਾਇਤਾ ਕਰਦੇ ਹਨ ਕਿਉਂਕਿ ਇਨ੍ਹਾਂ ਕੌੜੇ ਪੱਤਿਆਂ ਉੱਤੇ ਉਹ ਟਿੱਡੇ ਨਹੀਂ ਬੈਠਦੇ ਕਿਉਂਕਿ ਉਨ੍ਹਾਂ ਨੂੰ ਵਧੀਆ ਖ਼ੁਰਾਕ ਨਹੀਂ ਮਿਲਦੀ। ਨਿੰਮ ਦੀ ਲੱਕੜ ਤੋਂ ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਅਨੇਕਾਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਨਿੰਮ ਦਾ ਘੋਟਣਾ ਸਾਡੀ ਰਸੋਈ ਦਾ ਮਹੱਤਵਪੂਰਨ ਅੰਗ ਹੈ। ਚੱਟਣੀ ਕੁੱਟਣ ਤੇ ਦਾਲ ਸਬਜ਼ੀ ਲਈ ਮਸਾਲਾ ਕੁੱਟਣ ਦਾ ਇਹ ਵਧੀਆ ਤੇ ਸਸਤਾ ਸਾਧਨ ਹੈ। ਭਾਵੇਂ ਹੁਣ ਮਿਕਸੀ ਵਿੱਚ ਵੀ ਚੱਟਣੀ ਬਣਾ ਲਈ ਜਾਂਦੀ ਹੈ ਪਰ ਇਹ ਕੂੰਡੇ ਘੋਟਣੇ ਨਾਲ ਬਣਾਈ ਚੱਟਣੀ ਤੋਂ ਵੱਧ ਨਾ ਤਾਂ ਮੁਲਾਇਮ ਹੁੰਦੀ ਹੈ ਤੇ ਨਾ ਹੀ ਸਵਾਦ। ਇਸ ਕਰਕੇ ਨਿੰਮ ਦੇ ਘੋਟਣੇ ਦੀ ਪ੍ਰਸੰਸਾ ਕੀਤੀ ਜਾਂਦੀ ਹੈ ਤੇ ਕਈ ਵਾਰ ਨਿੰਮ ਦਾ ਘੋਟਣਾ ਲੜਾਈ ਝਗੜੇ ਦਾ ਵੀ ਸਾਧਨ ਬਣ ਜਾਂਦਾ ਜਿਵੇਂ ਲੋਕ ਬੋਲੀ ਵਿੱਚ ਆਉਂਦਾ ਹੈ,

'ਵੇ ਮੈਂ ਸੱਸ ਕੁੱਟਣੀ
ਨਿੰਮ ਦੇ ਘੋਟਣੇ ਨਾਲ।'

ਸਾਗ ਘੋਟਣ ਵਾਲਾ ਘੋਟਣਾ ਵੀ ਬਣਾਇਆ ਜਾਂਦਾ ਹੈ ਤੇ ਦੁੱਧ ਰਿੜਕਣ ਵਾਲਾ ਰਿੜਕਣਾ ਰੱਖਣ ਲਈ ਨਿੰਮ ਦੀ ਗਿੜਗਿਣ ਵੀ ਬਣਾਈ ਜਾਂਦੀ ਹੈ।

ਮੀਨਾਕਾਰੀ

ਨਿੰਮ ਦੀ ਲੱਕੜ ਦੇ ਵਧੀਆ ਤੇ ਨਮੂਨੇਦਾਰ ਸੰਦੂਕ ਵੀ ਨਿੰਮ ਤੋਂ ਤਿਆਰ ਕੀਤੇ ਜਾਂਦੇ। ਇੰਨ੍ਹਾਂ 'ਤੇ ਵਧੀਆ ਮੀਨਾਕਾਰੀ ਵੀ ਕੀਤੀ ਜਾਂਦੀ ਸੀ, ਜਿਸ ਵਿੱਚ ਪਿੱਤਲ ਦੀਆਂ ਮੇਖਾਂ ਦੇ ਨਾਲ ਪਿੱਤਲ ਦੇ ਮੋਰ ਮੋਰਨੀਆਂ ਵੀ ਜੜ੍ਹੇ ਹੁੰਦੇ ਸਨ। ਸੰਦੂਕ ਹੇਠਾਂ ਤੋਂ ਪੇਟੀ ਵਰਗੇ ਹੁੰਦੇ ਸਨ ਤੇ ਥੋੜ੍ਹੀ ਜਿਹੀ ਉੱਤੇ ਜਾ ਕੇ ਇਨ੍ਹਾਂ ਨੂੰ ਕੋਠੀਆਂ ਵਰਗਾ ਰੂਪ ਦੇ ਦਿੱਤਾ ਜਾਂਦਾ ਸੀ। ਇਨ੍ਹਾਂ ਨੂੰ ਖੋਲ੍ਹਣ ਲਈ ਖਿੜਕੀ ਤਿਆਰ ਕੀਤੀ ਜਾਂਦੀ ਜਿਸ ਨੂੰ ਕੁੰਡਾ ਜਿੰਦਾ ਵੀ ਲੱਗਦਾ ਸੀ। ਵੱਡੇ ਸੰਦੂਕ ਤਿਆਰ ਕਰਨ ਵਾਲੇ ਕਾਰੀਗਰਾਂ ਦੀ ਕਲਾ ਦਾ ਇਹ ਪ੍ਰਤੱਖ ਪ੍ਰਮਾਣ ਹੈ। ਸੁੰਦਰ ਸੰਦੂਕ ਜਦੋਂ ਗੱਡੇ ਵਿੱਚ ਜਾਂਦਾ ਤਾਂ ਉਸਦੇ ਅੱਗੇ ਵਿਆਹੁਤਾ ਦਾ ਰੱਥ ਵੀ ਹੁੰਦਾ। ਕਿਸੇ ਦੀ ਅਮੀਰੀ ਗ਼ਰੀਬੀ ਦਾ ਅੰਦਾਜ਼ਾ ਸੰਦੂਕ ਤੋਂ ਹੀ ਲਾ ਲਿਆ ਜਾਂਦਾ ਸੀ। ਅਜਿਹੇ ਸਮੇਂ ਵੀ ਸਮਾਜ ਦੀ ਪਾਰਖੂ ਅੱਖ ਆਪਣੇ ਫ਼ਰਜ਼ ਤੋਂ ਅਵੇਸਲੀ ਨਹੀਂ ਹੁੰਦੀ ਸੀ ਬਲਕਿ ਆਪਣੇ ਸ਼ਬਦਾਂ ਰਾਹੀਂ ਇੱਕ ਨਵਾਂ ਗੀਤ ਸਿਰਜ ਦਿੰਦੀ ਸੀ–

"ਨਿੰਮ ਦੇ ਸੰਦੂਕ ਵਾਲੀਏ
ਕਿਹੜੇ ਪਿੰਡ ਮੁਕਲਾਵੇ ਜਾਣਾ।"

# ਪੰਜਾਬੀ ਸੱਭਿਆਚਾਰ ਵਿੱਚ ਵਿਸਰ ਰਹੀ ਦਰੀਆਂ ਬੁਣਨ ਦੀ ਕਲਾ

**ਡਾ. ਰਣਜੀਤ ਸਿੰਘ**

ਪੰਜਾਬੀ ਔਰਤਾਂ ਦੀਆਂ ਹਰਮਨ ਪਿਆਰੀਆਂ ਦੋ ਕਲਾਵਾਂ ਸਨ। ਫੁਲਕਾਰੀ ਦੀ ਕਢਾਈ ਅਤੇ ਦਰੀਆਂ ਦੀ ਬੁਣਾਈ। ਕੁੜੀਆਂ ਆਪਣੇ ਦਾਜ ਲਈ ਵਧੀਆ ਤੋਂ ਵਧੀਆ ਨਮੂਨੇ ਪਾ ਕੇ ਰੰਗ ਬਿਰੰਗੇ ਧਾਗਿਆਂ ਨਾਲ ਬੁਣਾਈ ਕਰਦੀਆਂ ਸਨ। ਦਰੀਆਂ ਬੁਨਣ ਲਈ ਖੇਤੋਂ ਚੁਗੀ ਕਪਾਹ ਦੀ ਬਿਲਾਈ ਤੇ ਪਿੰਜਾਈ ਕਰਕੇ ਪੂਣੀਆਂ ਵੱਟ ਚਰਖੇ 'ਤੇ ਕਤਾਈ ਕੀਤੀ ਜਾਂਦੀ ਸੀ।

ਮੁੜ ਅਟੇਰਨ ਤੇ ਅਟੇਰ ਧਾਗੇ ਦੀਆਂ ਅਟੀਆਂ ਬਣਾਈਆਂ ਜਾਂਦੀਆਂ। ਇਨ੍ਹਾਂ ਨੂੰ ਵੱਖੋ-ਵੱਖਰੇ ਰੰਗਾਂ ਵਿਚ ਰੰਗਿਆ ਵੀ ਘਰ ਹੀ ਜਾਂਦਾ ਸੀ। ਪਿਛਲੀ ਸਦੀ ਤੱਕ ਘਰ ਵਿਚ ਦਰੀ ਦੀ ਬਹੁਤ ਮਹੱਤਤਾ ਸੀ। ਪ੍ਰਾਹੁਣਿਆਂ ਦੇ ਬੈਠਣ ਲਈ ਸੋਫ਼ੇ ਜਾਂ ਕੁਰਸੀਆਂ ਨਹੀਂ ਸਨ ਸਗੋਂ ਮੰਜਿਆਂ ਉਤੇ ਹੀ ਬੈਠਿਆ ਜਾਂਦਾ ਸੀ। ਅਲਾਣੀ ਮੰਜੀ



ਉਤੇ ਬੈਠਣਾ ਚੰਗਾ ਨਹੀਂ ਸੀ ਮੰਨਿਆ ਜਾਂਦਾ ਸਗੋਂ ਬੈਠਣ ਲਈ ਪਹਿਲਾਂ ਮੰਜੇ ਉਤੇ ਦਰੀ ਵਿਛਾਈ ਜਾਂਦੀ ਸੀ। ਹੁਣ ਪਲੰਘਾਂ ਉਤੇ ਦਰੀਆਂ ਦੀ ਥਾਂ ਗੱਦੇ ਵਿਛਾਏ ਜਾਂਦੇ ਹਨ। ਬਹੁਤ ਘੱਟ ਘਰ ਅਜਿਹੇ ਹਨ ਜਿਨ੍ਹਾਂ ਅਜੇ ਵੀ ਪੇਟੀਆਂ ਵਿੱਚ ਦਾਜ ਵਿੱਚ ਆਈਆਂ ਦਰੀਆਂ ਸਾਂਭ ਕੇ ਰੱਖੀਆਂ ਹਨ।ਦਰੀ ਬਾਰੇ ਨਵਤੇਜ ਭਾਰਤੀ ਲਿਖਦਾ ਹੈ ਕਿ ਦਰੀ ਪਿੰਡ ਦਾ ਹੀ ਨਹੀਂ ਸਾਡੇ ਵਾਤਾਵਰਨ ਦਾ ਵੀ ਤਾਣਾ ਪੇਟਾ ਸੀ। ਪਿੰਡ ਦੇ ਬਿਰਖ, ਬੂਟੇ, ਚਿੜੀਆਂ, ਜੰਗਲ ਸਾਡੇ ਫੇਫੜੇ, ਪਵਨ ਗੁਰੂ, ਪਾਣੀ ਪਿਤਾ ਤੇ ਧਰਤੀ ਮਾਂ ਸੀ। ਇਨ੍ਹਾਂ ਦੀ ਪੂਜਾ ਅੰਧ ਵਿਸ਼ਵਾਸ ਨਹੀਂ ਸੀ, ਸਾਨੂੰ ਜਿਊਂਦਾ ਰੱਖਣ ਲਈ ਇਨ੍ਹਾਂ ਦਾ ਧੰਨਵਾਦ ਸੀ। ਪੰਜਾਬੀ ਸਮਾਜ ਵਿਚ ਦਰੀ ਬੁਣਨਾ ਘਰ ਦੀਆਂ ਸੁਆਣੀਆਂ, ਲਈ ਨਿੱਤ ਦੇ ਰੁਝੇਵੇਂ ਦਾ ਹਿੱਸਾ ਹੁੰਦੀ ਸੀ। ਦਰੀ, ਧੀ ਦੇ ਦਾਜ ਵਿੱਚ ਗਹਿਣਿਆਂ ਵਾਂਗ ਦਿੱਤੀ ਜਾਂਦੀ ਸੀ। ਦਰੀ ਯੁੱਗ ਦੀ ਅਮੀਰ, ਸਮਾਜਿਕ, ਆਰਥਿਕ ਤੇ ਮਨੋਵਿਗਿਆਨਕ ਸਰੋਕਾਰਾਂ ਦੀ ਬਾਤ ਪਾਉਂਦੀ ਹੈ।



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰੂ ਅਮਰਦਾਸ ਜੀ : ਦਰਸ਼ਨ, ਮਹਿਮਾ ਅਤੇ ਯੋਗਦਾਨ

ਗੁਰੂ ਅਮਰਦਾਸ ਜੀ ਨੇ ਸਮਾਜ ਦੀ ਭਲਾਈ ਲਈ ਜਿਹੜੇ ਕਾਰਜ ਕੀਤੇ ਉਹਨਾਂ ਨੇ ਸਿੱਖਾਂ ਸਮੇਤ ਉਹਨਾਂ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਸਮੂਹ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ। ਨਵੇਂ ਨਗਰ ਵਸਾਉਣ, ਨਵੇਂ ਖੂਹ ਲਵਾਉਣ, ਭਾਈਚਾਰਕ ਸਾਂਝ ਪੈਦਾ ਕਰਨ, ਸਤੀ ਦੀ ਪ੍ਰਥਾ ਨੂੰ ਤਿਆਗਣ ਅਤੇ ਜੀਵਨ ਦੇ ਦੈਵੀ ਉਦੇਸ਼ ਦੀ ਪ੍ਰਾਪਤੀ ਕਰਨ ਲਈ ਗੁਰੂ ਜੀ ਦੁਆਰਾ ਪ੍ਰੇਰਨਾ ਪੈਦਾ ਕੀਤੀ ਗਈ ਸੀ। ਇਸ ਪ੍ਰੇਰਨਾ ਦਾ ਸਦੀਵੀ ਸੋਮਾ ਉਹਨਾਂ ਦੁਆਰਾ ਰਚੀ ਅਤੇ ਵਿਰਾਸਤ ਵਿਚ ਪ੍ਰਾਪਤ ਹੋਈ ਗੁਰਬਾਣੀ ਹੈ ਜਿਹੜੀ ਕਿ ਸਹਿਜ ਅਤੇ ਅਨੰਦ ਦੀ ਪ੍ਰਾਪਤੀ ਵਾਲੇ ਮਾਰਗ 'ਤੇ ਲਿਜਾ ਕੇ ਮਨ ਵਿਚੋਂ ਦਵੈਤ ਭਾਵ ਖ਼ਤਮ ਕਰਨ ਦਾ ਕਾਰਜ ਕਰਦੀ ਹੈ। ਗੁਰੂ ਅਮਰਦਾਸ ਜੀ ਦੇ ਦੈਵੀ ਗੁਣਾਂ ਦੀ ਮਹਿਮਾ ਦਾ ਵਿਖਿਆਨ ਕਰਦੇ ਹਏ ਭੱਟ ਸਾਹਿਬਾਨ ਕਹਿੰਦੇ ਹਨ :

ਗੁਰੁ ਅਮਰਦਾਸੁ ਜਿਨ ਸੇਵਿਅਉ ਤਿਨ ਦੁਖੁ ਦਰਿਦ੍ਰੁ ਪਰਹਰਿ ਪਰੈ ॥
(ਪੰਨਾ 1395)

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥
(ਪੰਨਾ 1396)

ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੈਂਦੇ ਬਾਸਰਕੇ ਪਿੰਡ ਵਿਖੇ ਭੱਲਾ ਖੱਤਰੀ ਪਰਿਵਾਰ ਨਾਲ ਸੰਬੰਧਿਤ ਸ੍ਰੀ ਤੇਜ ਭਾਨ ਅਤੇ ਮਾਤਾ ਬਖ਼ਤ ਕੌਰ ਦੇ ਘਰ 1479 ਵਿੱਚ ਸ੍ਰੀ ਅਮਰਦਾਸ ਜੀ ਦਾ ਪ੍ਰਕਾਸ਼ਮਾਨ ਹੋਇਆ ਸੀ। ਬਚਪਨ ਤੋਂ ਹੀ ਇਹ ਧਾਰਮਿਕ ਰੁਚੀਆਂ ਦੇ ਮਾਲਕ ਸਨ। ਬੀਬੀ ਮਨਸਾ ਦੇਵੀ ਜੀ ਨਾਲ ਇਹਨਾਂ ਦਾ ਵਿਆਹ ਹੋਇਆ ਜਿਸ ਤੋਂ ਦੋ ਸਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਪੈਦਾ ਹੋਈਆਂ ਸਨ। ਮਨ ਵਿੱਚ ਧਾਰਮਿਕ ਗੁਣਾਂ ਦੇ ਪ੍ਰਭਾਵ ਅਧੀਨ ਇਹ ਤੀਰਥ ਯਾਤਰਾਵਾਂ 'ਤੇ ਜਾਇਆ ਕਰਦੇ ਸਨ। ਇਹਨਾਂ ਯਾਤਰਾਵਾਂ ਦੌਰਾਨ ਹੀ ਇਹਨਾਂ ਦਾ ਮੇਲ ਇੱਕ ਸਾਧੂ ਨਾਲ ਹੋਇਆ ਜਿਸ ਦੇ ਬਚਨਾਂ ਨੇ ਇਹਨਾਂ ਦੇ ਮਨ ਵਿੱਚ ਗੁਰੂ ਧਾਰਨ ਕਰਨ ਦੀ ਪ੍ਰੇਰਨਾ ਪੈਦਾ ਕੀਤੀ। ਆਪਣੇ ਘਰ ਵਿਚੋਂ ਹੀ ਇਹਨਾਂ ਨੂੰ ਸੱਚੇ ਗੁਰੂ ਦੇ ਦਰਸ਼ਨ ਕਰਨ ਦਾ ਵਸੀਲਾ ਪ੍ਰਾਪਤ ਹੋਇਆ ਜਦੋਂ ਇਹਨਾਂ ਦੀ ਭਤੀਜ-ਨੂੰਹ ਇਹਨਾਂ ਨੂੰ ਆਪਣੇ ਪਿਤਾ ਗੁਰੂ ਅੰਗਦ ਦੇਵ ਜੀ ਕੋਲ ਲੈ ਆਈ। ਇਹ ਇਹਨਾਂ ਦੇ ਜੀਵਨ ਦੀ ਸਭ ਤੋਂ ਅਮੋਲਕ ਪ੍ਰਾਪਤੀ ਸੀ ਜਿਸ ਨੂੰ ਗ੍ਰਹਿਣ ਕਰਕੇ ਇਹ ਉੱਥੇ ਹੀ ਰਹਿ ਗਏ ਸਨ ਸ੍ਰੀ ਅਮਰਦਾਸ ਜੀ ਗੁਰੂ-ਘਰ ਵਿਖੇ ਰਹਿ ਕੇ ਲੰਗਰ ਅਤੇ ਸੰਗਤ ਦੀ ਸੇਵਾ ਕਰਨ ਲੱਗੇ ਸਨ ਪਰ ਇਹਨਾਂ ਦੁਆਰਾ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਨੂੰ ਪ੍ਰਮੁੱਖਤਾ ਨਾਲ ਦੇਖਿਆ ਜਾਂਦਾ ਹੈ ਜਿਹੜਾ ਕਿ ਉਸ ਸਮੇਂ ਸਭ ਤੋਂ ਕਠਿਨ ਕਾਰਜ ਮੰਨਿਆ ਜਾਂਦਾ ਸੀ। 62 ਸਾਲ ਤੋਂ ਵਡੇਰੀ ਉਮਰ ਵਿੱਚ ਪਹਿਰ ਰਾਤ ਰਹਿੰਦੀ ਬਿਆਸ ਦਰਿਆ ਤੋਂ ਜਲ ਦੀ ਗਾਗਰ ਸਿਰ 'ਤੇ ਚੁੱਕ ਕੇ ਲਿਆਉਣੀ ਸੌਖਾ ਕਾਰਜ ਨਹੀਂ ਸੀ। 1552 ਵਿੱਚ, ਗੁਰਿਆਈ ਧਾਰਨ ਕਰਨ ਤੱਕ ਇਹਨਾਂ ਨੇ ਇਹ ਕਾਰਜ ਪੂਰਨ ਨਿਸ਼ਠਾ ਅਤੇ ਨਿਮਰਤਾ ਨਾਲ ਕੀਤਾ। ਇਸੇ ਸਮੇਂ ਦੌਰਾਨ ਹੀ ਭਾਈ ਗੋਇੰਦੇ ਵਲੋਂ ਬਿਆਸ ਦਰਿਆ ਦੇ ਕੰਢੇ ਇੱਕ ਪਿੰਡ ਵਸਾਉਣ ਲਈ ਯਤਨ ਕੀਤਾ ਜਾ ਰਿਹਾ ਸੀ ਪਰ ਸਫ਼ਲਤਾ ਪ੍ਰਾਪਤ ਨਹੀਂ ਹੋ ਰਹੀ ਸੀ। ਜਦੋਂ ਉਸ ਨੇ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਨੂੰ ਇਸ ਕਾਰਜ ਵਿੱਚ ਸਹਾਇਤਾ ਕਰਨ ਦੀ ਬੇਨਤੀ ਕੀਤੀ ਤਾਂ ਉਹਨਾਂ ਨੇ ਸ੍ਰੀ ਅਮਰਦਾਸ ਜੀ ਨੂੰ ਉਸ ਦੀ ਸਹਾਇਤਾ ਲਈ ਭੇਜਿਆ ਸੀ। ਸ੍ਰੀ ਅਮਰਦਾਸ ਜੀ ਨੇ ਭਾਈ ਗੋਇੰਦੇ ਦੇ ਨਾਂ 'ਤੇ ਪਿੰਡ ਦੀ ਮੋਹੜੀ ਗੱਡੀ ਅਤੇ ਹੌਲੀ-ਹੌਲੀ ਇੱਥੇ ਰੌਣਕ ਵੱਧਣ ਲੱਗੀ। ਸ੍ਰੀ ਅਮਰਦਾਸ ਜੀ ਨੇ ਇੱਥੋਂ ਦੇ ਵਸਨੀਕਾਂ ਨੂੰ ਨਾਮ ਬਾਣੀ ਨਾਲ ਜੋੜਨ ਅਤੇ ਉਹਨਾਂ ਦੀਆਂ ਰੋਜਾਨਾਂ ਦੀਆਂ ਜੀਵਨ ਲੋੜਾਂ ਪੂਰੀਆਂ ਕਰਨ ਦਾ ਕਾਰਜ ਅਰੰਭ ਕਰ ਦਿੱਤਾ ਸੀ ਜਿਸ ਕਰਕੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਲੋਕ ਇੱਥੇ ਆ ਕੇ ਵਸਣੇ ਸ਼ੁਰੂ ਹੋ ਗਏ ਸਨ।

ਗੁਰਿਆਈ ਧਾਰਨ ਕਰਨ ਉਪਰੰਤ ਗੁਰੂ ਅਮਰਦਾਸ ਜੀ ਨੇ ਇਸ ਨਗਰ ਵਿਖੇ ਪੱਕਾ ਟਿਕਾਣਾ ਕਰ ਲਿਆ ਸੀ ਜਿਸ ਕਰਕੇ ਇਹ ਨਗਰ ਤੇਜੀ ਨਾਲ ਵਿਕਾਸ ਕਰਨ ਲੱਗਾ ਸੀ। ਇਤਿਹਾਸ ਵਿੱਚ ਇਹ ਨਗਰ ਗੋਇੰਦਵਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਸ਼ਰਧਾ ਪੂਰਵਕ ਸਿੱਖ ਇਸ ਨੂੰ 'ਸ੍ਰੀ ਗੋਇੰਦਵਾਲ ਸਾਹਿਬ' ਕਹਿੰਦੇ ਹਨ। ਭੱਟ ਨਲ੍ਹ ਦੱਸਦਾ ਹੈ ਕਿ ਬੈਕੁੰਠ ਵਰਗਾ ਗੋਇੰਦਵਾਲ ਬਿਆਸ ਦਰਿਆ ਦੇ ਪਾਣੀ ਕੰਢੇ ਉਸਾਰ ਦਿੱਤਾ ਗਿਆ ਹੈ। ਇੱਥੇ ਗੁਰੂ ਜੀ ਦੇ ਦਰਸ਼ਨ ਕਰਕੇ ਵਰ੍ਹਿਆਂ ਦੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ :

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲਕੁਨ ਤੀਰਿ ਬਿਪਾਸ ਬਨਾਯਉ॥
ਗਯਉ ਦੁਖੁ ਦੂਰਿ ਬਰਖਨ ਕੋ ਸੁ ਗੂਰੁ ਮੁਖੁ ਦੇਖਿ ਗਰੂ ਸੁਖੁ ਪਾਯਉ॥
(ਪੰਨਾ 1400)

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਅੰਗਦ ਦੇਵ ਜੀ ਤੋਂ ਇਲਾਹੀ ਦਾਤ
ਪ੍ਰਾਪਤ ਕਰਕੇ ਸ੍ਰੀ ਅਮਰਦਾਸ ਜੀ ਨੇ ਗੁਰਿਆਈ ਧਾਰਨ ਕੀਤੀ ਅਤੇ ਫਿਰ ਇਹਨਾਂ ਨੇ ਗੋਇੰਦਵਾਲ ਦੀ ਸਥਾਪਨਾ ਕਰਕੇ ਅਜਿਹਾ ਅਸਚਰਜ ਕਾਰਜ ਕੀਤਾ ਜਿਸ ਨੂੰ ਸਮਝਿਆ ਨਹੀਂ ਜਾ ਸਕਦਾ :

ਗੁਰੁ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲ ਅਚਰਜ ਖੇਲੁ ਨ ਲਖਿਆ ਜਾਈ। (ਵਾਰ 1.46) ਇਤਿਹਾਸ ਵਿੱਚ ਇਸ ਨਗਰ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇੱਥੇ ਹੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ਸਨ ਅਤੇ ਬਾਦਸ਼ਾਹ ਜਹਾਂਗੀਰ ਆਪਣੀ ਰਚਨਾ ਤੁਜ਼ਕ-ਇ- ਜਹਾਂਗੀਰੀ ਵਿੱਚ ਵੀ ਇਸੇ ਨਗਰ ਦਾ ਜ਼ਿਕਰ ਕਰਦਾ ਹੈ। ਗੋਇੰਦਵਾਲ ਨਗਰ ਦੀ ਸਥਾਪਨਾ ਦੇ ਨਾਲ-ਨਾਲ ਗੁਰੂ ਅਮਰਦਾਸ ਜੀ ਨੇ ਸੰਗਤ ਨੂੰ ਗੁਰੂ-ਘਰ ਨਾਲ ਜੋੜਨ ਲਈ 22 ਮੰਜੀਦਾਰ ਨਿਯੁਕਤ ਕੀਤੇ ਜਿਨ੍ਹਾਂ ਦੇ ਇਹ ਨਾਂ ਦੱਸੇ ਜਾਂਦੇ ਹਨ - ਅੱਲਾਯਾਰ, ਸੱਚਨ ਸੱਚ, ਸਾਧਾਰਨ, ਸਾਵਣ ਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਈਦਾਸ, ਮਾਣਕ ਚੰਦ, ਮੁਰਾਰੀ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ, ਲਾਲੋ। ਪ੍ਰਚਾਰਕ ਵਜੋਂ ਕਾਰਜਸ਼ੀਲ ਇਹ ਮੰਜੀਦਾਰ ਗੁਰੂ ਜੀ ਅਤੇ ਸੰਗਤ ਵਿਚਕਾਰ ਪੁਲ ਦਾ ਕੰਮ ਕਰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਰੱਖਣ ਵਾਲੀ ਸੰਗਤ ਨੂੰ ਇਹ ਗੁਰੂ-ਘਰ ਲਿਆਉਣ ਦਾ ਕਾਰਜ ਵੀ ਕਰਦੇ ਸਨ। ਵਿਸਾਖੀ ਅਤੇ ਦਿਵਾਲੀ ਮੌਕੇ ਸਿੱਖ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀ ਸੀ। ਵਿਸਾਖੀ ਦਾ ਜ਼ਿਕਰ ਕਰਦੇ ਹੋਏ ਸਰੂਪ ਦਾਸ ਭੱਲਾ ਦੱਸਦਾ ਹੈ :

ਤਬ ਲਗ ਬਿਸੋਏ ਕਾ ਦਿਨ ਆਵਾ।
ਸਭ ਸਿਖਨ ਮਨ ਭਇਆ ਬਧਾਵਾ।
ਦੇਸ ਦੇਸ ਮਿਲ ਹੋਇ ਇਕਤ੍ਰ।
ਮਿਲ ਦਰਸਨ ਆਏ ਸਤਿਗੁਰ ਮਿਤ੍ਰ। (ਮਹਿਮਾ ਪ੍ਰਕਾਸ਼, ਸਾਖੀ 3.7)

ਗੋਇੰਦਵਾਲ ਨਗਰ ਨਿਰੰਤਰ ਵਿਕਾਸ ਕਰ ਰਿਹਾ ਸੀ ਅਤੇ ਇਸ ਦੀ ਦਿਸ਼ਾ ਗੁਰੂ-ਆਸ਼ੇ ਅਤੇ ਗੁਰਮਤਿ ਸਿਧਾਂਤ ਅਨੁਸਾਰੀ ਸੀ। ਇਸ ਨਗਰ ਵਿੱਚ ਹੋਣ ਵਾਲੇ ਸਮੂਹ ਕਾਰਜ ਗੁਰਮਤਿ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਵਾਲੇ ਸਨ। ਅਜਿਹਾ ਹੀ ਇਕ ਸਰਬੋਤਮ ਕਾਰਜ ਬਾਉਲੀ ਦੀ ਸਥਾਪਨਾ ਸੀ ਜਿਹੜੀ ਕਿ 1559 ਵਿਚ ਤਿਆਰ ਕਰਵਾਈ ਗਈ। ਸੂਝਵਾਨਾਂ ਅਤੇ ਵਿਦਵਾਨਾਂ ਨੇ ਬਾਉਲੀ ਦੀ ਸਥਾਪਨਾ ਦੇ ਪ੍ਰਮੁੱਖ ਤੌਰ 'ਤੇ ਇਹ ਕਾਰਨ ਦੱਸੇ ਹਨ :

1. ਨੀਵੀਆਂ ਜਾਤਾਂ ਵਾਲੇ ਲੋਕਾਂ ਨੂੰ ਪਿੰਡ ਦੇ ਖੂਹ ਤੋਂ ਪਾਣੀ ਭਰਨ ਵਿੱਚ ਮੁਸ਼ਕਿਲ ਆਉਂਦੀ ਸੀ। ਉੱਚੀਆਂ ਜਾਤਾਂ ਵਾਲੇ ਲੋਕ ਉਹਨਾਂ ਦੀਆਂ ਗਾਗਰਾਂ ਤੋੜ ਦਿੰਦੇ ਸਨ। ਇਹ ਸ਼ਿਕਾਇਤ ਗੁਰੂ ਅਮਰਦਾਸ ਜੀ ਪਾਸ ਪੁੱਜੀ ਤਾਂ ਉਹਨਾਂ ਨੇ ਪਿੱਤਲ ਆਦਿ ਧਾਤ ਦੀਆਂ ਬਣੀਆਂ ਹੋਈਆਂ ਗਾਗਰਾਂ ਲੋਕਾਂ ਨੂੰ ਵੰਡੀਆਂ, ਪਰ ਮਸਲਾ ਫੇਰ ਵੀ ਹੱਲ ਨਾ ਹੋਇਆ ਅਤੇ ਵਿਭਿੰਨ ਜਾਤਾਂ ਦੇ ਲੋਕਾਂ ਵਿਚਕਾਰ ਖਿਚੋਤਾਣ ਬਣੀ ਰਹਿੰਦੀ ਸੀ। ਲੋਕਾਂ ਵਿਚੋਂ ਭੇਦ-ਭਾਵ ਦੀ ਭਾਵਨਾ ਖ਼ਤਮ ਕਰਨ ਅਤੇ ਸਾਰਿਆਂ ਨੂੰ ਕੁਦਰਤ ਦੇ ਸਾਂਝੇ ਸਰੋਤ ਨਾਲ ਜੋੜਨ ਲਈ ਗੁਰੂ ਜੀ ਨੇ ਖੂਹ ਲਵਾਉਣ ਦਾ ਕਾਰਜ ਕੀਤਾ ਸੀ।

2. ਗੋਇੰਦਵਾਲ ਬਿਆਸ ਦਰਿਆ ਦੇ ਕੰਢੇ 'ਤੇ ਬਣਿਆ ਹੋਇਆ ਸੀ ਅਤੇ ਇੱਥੋਂ ਹੀ ਬਹੁਤ ਸਾਰੇ ਪਾਣੀ ਦੀ ਪੂਰਤੀ ਗੁਰੂ-ਘਰ ਦੇ ਕਾਰਜਾਂ ਲਈ ਹੁੰਦੀ ਸੀ। ਬਰਸਾਤ ਦੇ ਦਿਨਾਂ ਵਿੱਚ ਪਾਣੀ ਗੰਧਲਾ ਹੋ ਕੇ ਵਰਤੋਂ ਯੋਗ ਨਹੀਂ ਰਹਿੰਦਾ ਸੀ। ਜਿਸ ਕਰਕੇ ਇਕ ਹੋਰ ਖੂਹ ਦੀ ਲੋੜ ਮਹਿਸੂਸ ਹੋ ਰਹੀ ਸੀ।

3. ਗੁਰੂ ਘਰ ਵਿੱਚ ਨਾਮ-ਦਾਨ-ਇਸ਼ਨਾਨ ਦੀ ਪਰੰਪਰਾ ਅਰੰਭ ਹੋ ਗਈ ਸੀ। ਇਸ ਦ੍ਰਿਸ਼ਟੀ ਤੋਂ ਹਰ ਇੱਕ ਸਿੱਖ ਲਈ ਇਸ਼ਨਾਨ ਕਰਕੇ ਗੁਰੂ-ਘਰ ਜਾਣਾ ਜ਼ਰੂਰੀ ਸੀ। ਇਸ ਲਈ ਸਾਫ਼ ਪਾਣੀ ਦੀ ਪੂਰਤੀ ਅਤੇ ਸਭਨਾਂ ਵਿੱਚ ਭੇਦਭਾਵ ਮਿਟਾਉਣ ਦੇ ਆਸ਼ੇ ਨਾਲ ਗੁਰੂ ਜੀ ਨੇ ਬਾਉਲੀ ਦੀ ਖੁਦਵਾਈ ਕਰਵਾਈ ਸੀ।

ਜਦੋਂ ਬਾਉਲੀ ਤਿਆਰ ਕੀਤੀ ਜਾ ਰਹੀ ਸੀ ਅਤੇ ਖੂਹ ਦੀ ਖੁਦਾਈ ਪਾਣੀ ਦੇ ਤਲ ਤੱਕ ਪੁੱਜ ਚੁੱਕੀ ਸੀ ਪਰ ਰਾਹ ਵਿੱਚ ਇੱਕ ਪੱਥਰ ਆ ਜਾਣ ਕਰਕੇ ਪਾਣੀ ਬਾਹਰ ਨਹੀਂ ਨਿਕਲ ਰਿਹਾ ਸੀ।

ਗੁਰੂ ਜੀ ਦੇ ਇੱਕ ਸੇਵਕ ਭਾਈ ਮਾਣਕ ਚੰਦ ਨੇ ਉਸ ਪੱਥਰ ਨੂੰ ਤੋੜਿਆ ਤਾਂ ਪਾਣੀ ਇੰਨੀ ਤੇਜੀ ਨਾਲ ਬਾਹਰ ਆਇਆ ਕਿ ਮਾਣਕ ਚੰਦ ਉਸ ਵਿੱਚ ਡੁੱਬ ਗਿਆ। ਜਦੋਂ ਪਾਣੀ ਦਾ ਪੱਧਰ ਘਟਿਆ ਤਾਂ ਮਾਣਕ ਚੰਦ ਨੂੰ ਬਾਹਰ ਕੱਢ ਕੇ ਗੁਰੂ ਜੀ ਕੋਲ ਲਿਆਂਦਾ ਗਿਆ। ਗੁਰੂ ਜੀ ਤੋਂ ਇਲਾਵਾ ਸਾਰਿਆਂ ਨੇ ਇਹ ਸਮਝ ਲਿਆ ਸੀ ਕਿ ਮਾਣਕ ਚੰਦ ਅਕਾਲ ਚਲਾਣਾ ਕਰ ਗਿਆ ਹੈ। ਗੁਰੂ ਜੀ ਨੇ ਉਸ ਦੇ ਪੇਟ ਵਿਚੋਂ ਪਾਣੀ ਕੱਢ ਕੇ ਦਵਾ-ਦਾਰੂ ਕੀਤਾ ਤਾਂ ਉਹ ਜੀਵਿਤ ਹੋ ਗਿਆ ਜਿਸ ਤੋਂ ਇਸ ਦੇ ਨਾਂ ਨਾਲ 'ਜੀਵੜਾ' ਸ਼ਬਦ ਪੱਕੇ ਤੌਰ 'ਤੇ ਜੁੜ ਗਿਆ। ਗੁਰੂ ਜੀ ਨੇ ਮਣਕ ਚੰਦ ਜੀਵੜੇ ਨੂੰ ਸਿੱਖੀ ਦੇ ਪ੍ਰਚਾਰ ਲਈ ਇੱਕ ਮੰਜੀ ਦੀ ਬਖ਼ਸ਼ਿਸ਼ ਕੀਤੀ ਸੀ।

ਜਾਤ-ਪਾਤ ਅਤੇ ਭੇਦਭਾਵ ਦੀ ਭਾਵਨਾ ਨੂੰ ਦੂਰ ਕਰਨ ਲਈ ਗੁਰੂ ਅਮਰਦਾਸ ਜੀ ਦਾ ਇਕ ਹੋਰ ਮਹੱਤਵਪੂਰਨ ਕਾਰਜ ਲੰਗਰ ਦੀ ਪਕਿਆਈ ਸੀ। ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਸੀ ਅਤੇ ਗੁਰੂ ਅੰਗਦ ਦੇਵ ਜੀ ਨੇ ਵੀ ਇਸ ਨੂੰ ਖਡੂਰ ਸਾਹਿਬ ਵਿਖੇ ਜਾਰੀ ਰੱਖਿਆ ਹੋਇਆ ਸੀ। ਗੁਰੂ ਅਮਰਦਾਸ ਜੀ ਨੇ ਮਨੁੱਖ ਦੇ ਮਨ ਵਿਚੋਂ ਭੇਦਭਾਵ ਦੂਰ ਕਰਨ ਲਈ ਇਸ ਨੂੰ ਪੱਕੇ ਤੌਰ 'ਤੇ ਹਰ ਸ਼ਰਧਾਲੂ ਲਈ ਲਾਜ਼ਮੀ ਕਰ ਦਿੱਤਾ ਸੀ। ਸੰਗਤ ਵਿੱਚ ਤਾਂ ਸ਼ਰਧਾਲੂ ਗੁਰੂ ਜੀ ਨੂੰ ਮੱਥਾ ਟੇਕ ਕੇ ਪਾਸੇ ਹੋ ਕੇ ਬਹਿ ਸਕਦਾ ਸੀ ਪਰ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਨਾਲ ਮਨ ਵਿਚੋਂ ਇਹ ਭੇਦ ਵੀ ਦੂਰ ਹੋਣ ਲੱਗਾ ਸੀ। ਇਕੋ ਥਾਂ 'ਤੇ, ਇਕੋ ਪਾਣੀ ਨਾਲ, ਸਮੂਹ ਜਾਂਤਾਂ ਦੇ ਲੋਕਾਂ ਵੱਲੋਂ ਮਿਲ ਕੇ ਸਾਂਝੇ ਤੌਰ 'ਤੇ ਤਿਆਰ ਕਰਨ ਉਪਰੰਤ ਇਕੋ ਭਾਵਨਾ ਅਤੇ ਇਕੋ ਪੰਗਤ ਵਿੱਚ ਲੰਗਰ ਛਕਾਇਆ ਜਾਂਦਾ ਸੀ ਜਿਹੜਾ ਕਿ ਮਨ ਵਿਚੋਂ ਦਵੈਤ ਭਾਵ ਦੂਰ ਕਰਕੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਵਾਲਾ ਸੀ। ਗੁਰੂ ਜੀ ਨੇ ਦਰਸ਼ਨ ਕਰਨ ਲਈ ਜਿਹੜਾ ਆਦੇਸ਼ ਜਾਰੀ ਕੀਤਾ ਉਸ ਨੂੰ 'ਪਹਿਲੇ ਪੰਗਤ ਪਾਛੈ ਸੰਗਤ' ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਸਰੂਪ ਦਾਸ ਭੱਲਾ ਗੁਰੂ ਜੀ ਦੇ ਆਦੇਸ਼ ਦਾ ਵਿਖਿਆਨ ਕਰਦੇ ਹੋਏ ਕਹਿੰਦਾ ਹੈ :

ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ।
ਸਤਿਗੁਰ ਕੋ ਦਰਸਨ ਨਹੀਂ ਪਾਇ । (ਮਹਿਮਾ ਪ੍ਰਕਾਸ਼, ਸਾਖੀ 3.2)

ਉੱਚ ਜਾਤੀ ਨਾਲ ਸੰਬੰਧਿਤ ਲੋਕਾਂ ਨੇ ਬਾਦਸ਼ਾਹ ਅਕਬਰ ਨੂੰ ਇਹ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਸਨਾਤਨ ਧਰਮ ਦੀਆਂ ਪਰੰਪਰਾਵਾਂ ਤੋੜ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਨੂੰ ਲਾਹੌਰ ਬੁਲਾਇਆ ਤਾਂ ਉਹਨਾਂ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਅਤੇ ਕੁੱਝ ਮੁਖੀ ਸਿੱਖਾਂ ਨੂੰ ਲਾਹੌਰ ਭੇਜਿਆ। ਭਾਈ ਜੇਠਾ ਜੀ ਨੇ ਗੁਰੂ ਜੀ ਦਾ ਸੁਨੇਹਾ ਦਿੰਦੇ ਹੋਏ ਕਿਹਾ ਕਿ ਪਰਮਾਤਮਾ ਦੀ ਦ੍ਰਿਸ਼ਟੀ ਵਿੱਚ ਸਭ ਮਨੁੱਖ ਬਰਾਬਰ ਹਨ ਜਿਸ ਕਰਕੇ ਬਾਦਸਾਹ ਨੇ ਸ਼ਿਕਾਇਤ ਦੀ ਅਪੀਲ ਖਾਰਜ ਕਰ ਦਿੱਤੀ ਸੀ। ਗੁਰੂ ਜੀ ਦੇ ਲੰਗਰ ਦੀ ਮਹਿਮਾ ਦੂਰ-ਦੂਰ ਤੱਕ ਫੈਲ ਰਹੀ ਸੀ ਅਤੇ ਬਹੁਤ ਸਾਰੇ ਇਸ ਨਵੀਂ ਅਰੰਭ ਕੀਤੀ ਰੀਤ ਨੂੰ ਦੇਖਣ ਲਈ ਆਉਣ ਲੱਗੇ ਸਨ। ਦੂਜੇ ਪਾਸੇ, ਗੋਇੰਦਵਾਲ ਦਿੱਲੀ ਤੋਂ ਲਾਹੌਰ ਜਾਣ ਵਾਲੇ ਮਾਰਗ 'ਤੇ ਪੈਂਦਾ ਸੀ ਅਤੇ ਇੱਥੋਂ ਲੰਘਣ ਵਾਲੇ ਮੁਸਾਫ਼ਰ, ਅਮੀਰ, ਵਜ਼ੀਰ, ਦਰਬਾਰੀ, ਕਾਰੋਬਾਰੀ ਪ੍ਰਸ਼ਾਦਾ ਛਕਣ ਲਈ ਗੁਰੂ-ਘਰ ਆ ਜਾਂਦੇ ਸਨ। ਬਾਦਸ਼ਾਹ ਅਕਬਰ ਦਾ ਗੁਰੂ-ਘਰ ਵਿਖੇ ਆ ਕੇ ਲੰਗਰ ਵਿੱਚ ਪ੍ਰਸ਼ਾਦਾ ਛਕਣ ਨੂੰ ਪ੍ਰਮੁੱਖਤਾ ਨਾਲ ਦੇਖਿਆ ਜਾਂਦਾ ਹੈ। ਉਸ ਨੇ ਵੀ ਗੁਰੂ ਜੀ ਦੁਆਰਾ ਦਿੱਤੇ ਗਏ ਸੰਦੇਸ਼ ਦਾ ਪਾਲਣ ਕਰਦੇ ਹੋਏ ਉਹਨਾਂ ਨੂੰ ਮਿਲਣ ਤੋਂ ਪਹਿਲਾਂ ਪੰਗਤ ਵਿੱਚ ਪ੍ਰਸ਼ਾਦਾ ਛਕਿਆ ਸੀ। ਲੰਗਰ ਵਿੱਚ ਪ੍ਰਸ਼ਾਦਾ ਛਕ ਕੇ ਬਾਦਸ਼ਾਹ ਨੂੰ ਜਿਹੜਾ ਅਨੰਦ ਪ੍ਰਾਪਤ ਹੋਇਆ ਉਸ ਦਾ ਜ਼ਿਕਰ ਕਰਦੇ ਹੋਏ ਸਰੂਪ ਦਾਸ ਭੱਲਾ ਦੱਸਦਾ ਹੈ :

ਓਗਰਾ ਅਲੂਣਾ ਖਾਇ ਕੇ ਪਾਏ ਸਰਬ ਸੁਆਦ।
ਸਭ ਸਵਾਦ ਤਾ ਮੋ ਮਿਲੈ ਜੋ ਖਾਇ ਜਨਮਾਦ। (ਮਹਿਮਾ ਪ੍ਰਕਾਸ਼, ਸਾਖੀ 3.25)

ਸੁਜਾਨ ਰਾਏ ਭੰਡਾਰੀ ਲਿਖਦਾ ਹੈ ਕਿ ਗੁਰੂ-ਘਰ ਵਿਖੇ ਪ੍ਰਸ਼ਾਦਾ ਛਕਣ ਉਪਰੰਤ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨਾਲ ਮੁਲਾਕਾਤ ਕੀਤੀ ਸੀ ਅਤੇ ਗੁਰੂ ਜੀ ਦੇ ਸੁਝਾਅ ਅਨੁਸਾਰ ਉਸ ਨੇ ਕਿਸਾਨਾਂ ਦਾ ਇੱਕ ਸਾਲ ਦਾ ਮਾਲੀਆ ਮਾਫ਼ ਕਰ ਦਿੱਤਾ ਸੀ।

ਗੁਰੂ-ਘਰ ਆਉਣ ਵਾਲੇ ਸ਼ਰਧਾਲੂਆਂ ਨੂੰ ਗੁਰੂ ਜੀ ਪ੍ਰਭੂ-ਮੁਖੀ ਆਦਰਸ਼ ਮਰਯਾਦਾ ਨਾਲ ਜੋੜਨਾ ਚਾਹੁੰਦੇ ਸਨ ਜਿਸ ਨੂੰ ਧਾਰਨ ਕਰਨ ਵਾਲਾ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਵੇ। ਸਰੂਪ ਦਾਸ ਭੱਲਾ ਦੱਸਦੇ ਹਨ ਕਿ ਪਰਮਾਤਮਾ ਦੀ ਪ੍ਰਾਪਤੀ ਵਾਲੀ ਜੀਵਨਜਾਚ ਧਾਰਨ ਕਰਨ ਵਾਲਾ ਹਰ ਇੱਕ ਗੁਰਸਿੱਖ ਪਹਿਰ ਰਾਤ ਰਹਿੰਦੀ ਹੋਵੇ ਤਾਂ ਇਸ਼ਨਾਨ ਕਰਕੇ ਇਕਾਂਤ ਵਿੱਚ ਬੈਠ ਜਾਵੇ। ਗੁਰੂ ਦੇ ਸਰੂਪ ਨੂੰ ਹਿਰਦੇ ਵਿੱਚ ਧਾਰ ਕੇ ਗੁਰਬਾਣੀ ਦਾ ਅਭਿਆਸ ਕਰੇ। ਮਨ ਅਤੇ ਸੁਰਤ ਨੂੰ ਕਾਬੂ ਵਿੱਚ ਰਖੇ ਅਤੇ ਪਰਾਈ ਨਿੰਦਾ ਅਤੇ ਝੂਠ ਤੋਂ ਪਰਹੇਜ਼ ਕਰੇ। ਧਰਮ ਦੀ ਕਿਰਤ ਕਰਕੇ ਸੰਤਾਂ ਦੀ ਸੇਵਾ ਕਰੇ।

ਪਰਾਈ ਇਸਤਰੀ ਅਤੇ ਪਰਾਏ ਧਨ ਦਾ ਧਿਆਨ ਨਾ ਕਰੇ। ਭੁੱਖ ਲੱਗੇ ਬਗੈਰ ਨਾ ਖਾਵੇ ਅਤੇ ਥੱਕੇ ਬਗ਼ੈਰ ਸੋਵੇਂ ਨਹੀਂ। ਇਸ ਨਿਯਮ ਨੂੰ ਤੋੜਨ ਵਾਲਾ ਆਲਸੀ ਹੋ ਜਾਂਦਾ ਹੈ। ਉਸ ਦੀ ਉਮਰ ਘਟਦੀ ਹੈ ਅਤੇ ਉਹ ਦੁੱਖਾਂ ਵਿੱਚ ਘਿਰ ਜਾਂਦਾ ਹੈ। ਮੇਰਾ ਸਿੱਖ ਉਸ ਦੀ ਸੰਗਤ ਨਾ ਕਰੇ ਜਿਹੜਾ ਇਸਤ੍ਰੀ ਦਾ ਰੂਪ ਧਾਰਨ ਕਰਕੇ ਪਰਮਾਤਮਾ ਦੀ ਭਗਤੀ ਕਰਦਾ ਹੈ। ਅਜਿਹੇ ਭਗਤਾਂ ਦੀ ਸੰਗਤ ਕਰਨ ਵਾਲਾ ਸਿੱਖ ਕਦੇ ਵੀ ਲਾਹਾ ਨਹੀਂ ਖੱਟ ਸਕਦਾ ਬਲਕਿ ਕੀਤੀ ਹੋਈ ਕਮਾਈ ਵੀ ਗੁਆ ਲੈਂਦਾ ਹੈ। ਇਹਨਾਂ ਦੀ ਬਜਾਏ ਸਤਪੁਰਖਾਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਸ ਨਾਲ ਅਗਿਆਨਤਾ ਮਿਟ ਜਾਂਦੀ ਹੈ ਅਤੇ ਮਨ ਪਰਮਾਤਮਾ ਦੀ ਬੰਦਗੀ ਵਿੱਚ ਲੱਗਾ ਰਹਿੰਦਾ ਹੈ।

ਗੋਇੰਦਵਾਲ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਲਈ ਜੀਵਨਜਾਚ ਨਿਰਧਾਰਿਤ ਕਰਨ ਦੇ ਨਾਲ-ਨਾਲ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਯਾਤਰਾਵਾਂ ਵੀ ਕੀਤੀਆਂ ਜਿਨ੍ਹਾਂ ਦਾ ਮਨੋਰਥ ਵੀ ਆਮ ਲੋਕਾਂ ਨੂੰ ਵਹਿਮਾਂ, ਭਰਮਾਂ ਵਿਚੋਂ ਕੱਢ ਕੇ ਪਰਮਾਤਮਾ ਨਾਲ ਜੋੜਨ ਵਾਲਾ ਸੀ। ਗੁਰੂ ਅਮਰਦਾਸ ਜੀ ਦੀਆਂ ਤੀਰਥ ਯਾਤਰਾਵਾਂ ਨੂੰ ਲੋਕ ਕਲਿਆਣ ਦੇ ਰੂਪ ਵਿੱਚ ਦੇਖਦੇ ਹੋਏ ਗੁਰੂ ਰਾਮਦਾਸ ਜੀ ਕਹਿੰਦੇ ਹਨ :

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥ (ਪੰਨਾ 1116)

ਇਹਨਾਂ ਪ੍ਰਚਾਰ ਯਾਤਰਾਵਾਂ ਦੌਰਾਨ ਹੀ ਗੁਰੂ ਜੀ ਕਨਖਲ (ਹਰਿਦੁਆਰ) ਗਏ ਸਨ ਅਤੇ ਉੱਥੇ ਸਤੀ ਘਾਟ ਦੇ ਨੇੜੇ ਨਿਵਾਸ ਕੀਤਾ ਸੀ। ਪਹਿਲਾਂ ਵੀ ਜਦੋਂ ਉਹ ਤੀਰਥ ਯਾਤਰਾ ਮੌਕੇ ਕਨਖਲ ਆਉਂਦੇ ਤਾਂ ਇੱਥੇ ਹੀ ਰੁਕਦੇ ਸਨ। ਇੱਥੇ ਔਰਤਾਂ ਨੂੰ ਸਤੀ ਕੀਤਾ ਜਾਂਦਾ ਸੀ ਅਤੇ ਇੱਥੇ ਬਣੇ ਹੋਏ ਘਾਟ ਨੂੰ 'ਸਤੀ ਘਾਟ' ਕਿਹਾ ਜਾਂਦਾ ਸੀ। ਗੁਰਿਆਈ ਧਾਰਨ ਕਰਨ ਉਪਰੰਤ ਜਦੋਂ ਗੁਰੂ ਜੀ ਇੱਥੇ ਪੁੱਜੇ ਤਾਂ ਉਹਨਾਂ ਨੇ ਸਤੀ ਪ੍ਰਥਾ ਦੀ ਬੁਰਾਈ ਨੂੰ ਦੂਰ ਕਰਨ ਦਾ ਸੰਦੇਸ਼ ਦਿੰਦੇ ਹੋਏ ਕਿਹਾ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ॥ (ਪੰਨਾ 787)

ਗੁਰੂ ਅਮਰਦਾਸ ਜੀ ਦੀਆਂ ਸਮੂਹ ਸਿੱਖਿਆਵਾਂ 17 ਰਾਗਾਂ ਵਿੱਚ ਗੁਰਬਾਣੀ ਦਾ ਸ਼ਿੰਗਾਰ ਹਨ ਜਿਹੜੀਆਂ ਕਿ ਸਿੱਖ ਨੂੰ ਆਦਰਸ਼ ਜੀਵਨ ਬਸਰ ਕਰਨ ਦੀ ਪ੍ਰੇਰਨਾ ਪ੍ਰਦਾਨ ਕਰਦੀਆਂ ਹਨ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਬੂਲਾ ਪਾਂਧਾ ਗੁਰਬਾਣੀ ਦਾ ਗਾਇਨ ਕਰਨ ਅਤੇ ਲਿਖਣ ਦਾ ਕਾਰਜ ਕਰਦੇ ਸਨ :

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ। (ਵਾਰ 11.16)

ਗੁਰਬਾਣੀ ਦਾ ਪ੍ਰਚਾਰ ਅਤੇ ਇਸ ਦੀ ਸ਼ੁੱਧਤਾ ਨੂੰ ਕਾਇਮ ਰੱਖਣਾ ਇੱਕ ਵੱਡਾ ਕਾਰਜ ਸੀ। ਭਾਈ ਬੂਲਾ ਪਾਂਧਾ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਸੰਗਤ ਵਿੱਚ ਵੰਡਣ ਦਾ ਕਾਰਜ ਕਰਦਾ ਸੀ। ਇਸ ਦੇ ਮੁਕਾਬਲੇ ਕੱਚੀ ਬਾਣੀ ਦੀ ਰਚਨਾ ਵੀ ਸਾਹਮਣੇ ਆਉਣ ਲੱਗੀ ਸੀ ਜਿਸ ਦਾ ਪ੍ਰਮਾਣ ਗੁਰੂ ਅਮਰਦਾਸ ਜੀ ਦੀ ਰਚਨਾ ਵਿਚੋਂ ਦੇਖਿਆ ਜਾ ਸਕਦਾ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ (ਪੰਨਾ 920)

ਸੱਚੀ ਬਾਣੀ ਦਾ ਉਦੇਸ਼ ਤਨ ਵਿਚੋਂ ਮਨ ਨੂੰ ਸੁਚੇਤ ਕਰਕੇ ਪਰਮ ਉਦੇਸ਼ ਦੀ ਪ੍ਰਾਪਤੀ ਵੱਲ ਲਾਉਣਾ ਹੈ। ਤਨ ਪ੍ਰਕ੍ਰਿਤੀ ਦੇ ਤਿੰਨ ਗੁਣਾਂ - ਤਮੋ, ਰਜੋ, ਸਤੋ - ਤੋਂ ਬਣਿਆ ਅਤੇ ਜਦੋਂ ਮਨ ਇਹਨਾਂ ਗੁਣਾਂ ਦੇ ਅਧੀਨ ਆ ਜਾਂਦਾ ਹੈ ਦੁਨਿਆਵੀ ਵਿਸ਼ਿਆਂ ਤੱਕ ਹੀ ਸੀਮਿਤ ਹੋ ਜਾਂਦਾ ਹੈ। ਇਹ ਤਿੰਨ ਗੁਣ ਮਨ ਵਿਚ ਸਹਿਜ ਪੈਦਾ ਨਹੀਂ ਕਰ ਸਕਦੇ। ਗੁਰੂ ਜੀ ਸੁਚੇਤ ਕਰਦੇ ਹਨ :

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥ (ਪੰਨਾ 919)

ਭਾਵੇਂ ਕਿ ਤਨ ਅਤੇ ਮਨ ਇਹਨਾਂ ਤਿੰਨਾਂ ਗੁਣਾਂ ਦੇ ਅਧੀਨ ਹੈ ਅਤੇ ਇਸ ਦੇ ਸਮੂਹ ਕਾਰਜ ਵੀ ਇਹਨਾਂ ਗੁਣਾਂ ਦੇ ਪ੍ਰਭਾਵ ਵਾਲੇ ਹੀ ਹਨ ਪਰ ਫਿਰ ਵੀ ਗੁਰੂ ਜੀ ਅਜਿਹਾ ਯਤਨ ਕਰਨ 'ਤੇ ਜੋਰ ਦਿੰਦੇ ਹਨ ਕਿ ਮਨ ਦਾ ਪ੍ਰਭਾਵ ਤਨ ਦੀ ਦਿਸ਼ਾ ਬਦਲ ਦੇਵੇ। ਭਾਵੇਂ ਕਿ ਇਹ ਸੌਖਾ ਕਾਰਜ ਨਹੀਂ ਪਰ ਗੁਰੂ ਦੀ ਕਿਰਪਾ ਸਦਕਾ ਇਹ ਸੰਭਵ ਹੋ ਸਕਦਾ ਹੈ :

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ (ਪੰਨਾ 920)

ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖਤਾ ਨੂੰ ਸੇਵਾ, ਨਿਮਰਤਾ, ਸਹਿਜ ਅਤੇ ਅਨੰਦ ਦਾ ਮਾਰਗ ਦਿਖਾਇਆ ਹੈ ਜਿਹੜਾ ਕਿ ਰੰਗ, ਰੂਪ, ਨਸਲ, ਭੂਗੋਲਿਕ ਖਿੱਤੇ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖੋ-ਵੱਖਰੇ ਦਿਖਾਈ ਦੇਣ ਵਾਲੇ ਮਨੁੱਖਾਂ ਨੂੰ ਇੱਕ ਸੂਤਰ ਵਿੱਚ ਪਰੋਣ ਦਾ ਕਾਰਜ ਕਰਦਾ ਹੈ। ਗੁਰੂ ਸਾਹਿਬ ਦਾ ਮਾਰਗ ਧਾਰਨ ਕਰਨ ਲਈ ਜੀਵਨ ਦੇ ਕਿਸੇ ਪੜਾਅ ਦਾ ਵਿਸ਼ੇਸ਼ ਮਹੱਤਵ ਨਹੀਂ ਹੈ ਬਲਕਿ ਜੀਵਨ ਦੇ ਕਿਸੇ ਵੀ ਸਮੇਂ ਵਿੱਚ ਇਸ ਮਾਰਗ 'ਤੇ ਚੱਲਿਆ ਜਾ ਸਕਦਾ ਹੈ।




# ਥਾਇਰਾਇਡ ਨੂੰ ਨਜ਼ਰ-ਅੰਦਾਜ਼ ਕਰਨਾ ਸਿਹਤ ਲਈ ਹੋ ਸਕਦਾ ਹਾਨੀਕਾਰਕ

ਪ੍ਰਿੰ. ਪਰਮਜੀਤ ਕੌਰ



ਭਾਰਤ ਵਿੱਚ ਅੰਦਾਜ਼ਨ 42 ਮਿਲੀਅਨ ਜਨਸੰਖਿਆ ਥਾਇਰਾਇਡ ਰੋਗ ਤੋਂ ਪ੍ਰਭਾਵਿਤ ਹੈ। ਹਰ ਦਸਵਾਂ ਵਿਅਕਤੀ ਇਸ ਰੋਗ ਤੋਂ ਗ੍ਰਸਤ ਹੈ। 60 ਸਾਲ ਤੋਂ ਉੱਪਰ ਦੀ ਉਮਰ ਦੀਆਂ ਔਰਤਾਂ 'ਚ ਇਹ ਜ਼ਿਆਦਾ ਹੁੰਦਾ ਹੈ। ਇਸ ਦੀ ਹਾਈਪੋਥਾਇਰੋਡਿਜ਼ਮ ਕਿਸਮ ਭਾਰਤ 'ਚ ਆਮ ਥਾਇਰਾਇਡ ਨੁਕਸ ਹੈ।

ਇਸ ਰੋਗ ਦੌਰਾਨ ਖ਼ੁਰਾਕ ਕਿਹੋ ਜਿਹੀ ਲਈ ਜਾਵੇ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਿਅਕਤੀ ਨੂੰ ਕਿਹੜੀ ਕਿਸਮ ਦਾ ਥਾਇਰਾਇਡ ਰੋਗ ਹੈ।

ਅਸਲ 'ਚ ਥਾਇਰਾਇਡ ਇੱਕ ਗ੍ਰੰਥੀ/ਗਲੈਂਡ ਦਾ ਨਾਂ ਹੈ, ਜੋ ਗਰਦਨ ਦੇ ਅਗਲੇ ਹਿੱਸੇ ਵਿੱਚ ਹੁੰਦੀ ਹੈ। ਇਹ ਗ੍ਰੰਥੀ ਥਾਇਰਾਕਸਨ ਨਾਂ ਦਾ ਹਾਰਮੋਨ (ਰਸ) ਪੈਦਾ ਕਰਦੀ ਹੈ, ਜੋ ਸਰੀਰ ਦੀ ਤੰਦਰੁਸਤੀ ਲਈ ਅਤਿ ਜ਼ਰੂਰੀ ਹੈ। ਇਸ ਗ੍ਰੰਥੀ ਤੋਂ ਪੈਦਾ ਹੋਣ ਵਾਲੇ ਥਾਇਰਾਕਸਨ ਹਾਰਮੋਨ ਦੀ ਵੱਧ-ਘਾਟ ਹੀ ਥਾਇਰਾਇਡ (ਗਲਗੰਢ ਜਾਂ ਗਿੱਲੜ੍ਹ) ਰੋਗ ਦਾ ਕਾਰਨ ਬਣਦੀ ਹੈ। ਇਸ ਗ੍ਰੰਥੀ ਦੇ ਨਾਂ 'ਤੇ ਹੀ ਇਸ ਰੋਗ ਨੂੰ ਥਾਇਰਾਇਡ ਰੋਗ ਕਿਹਾ ਜਾਂਦਾ ਹੈ।

### ਥਾਇਰਾਕਸਨ ਹਾਰਮੋਨ ਦੇ ਕੰਮ

ਸਰੀਰ ਦੇ ਹਰ ਸੈੱਲ ਨੂੰ ਪ੍ਰਭਾਵਿਤ ਕਰਦਾ ਹੈ। ਫੈਟ ਅਤੇ ਕਾਰਬੋਜ਼ ਦੀ ਸਰੀਰ 'ਚ ਵਰਤੋਂ ਦੀ ਦਰ ਨੂੰ ਸਹੀ ਰੱਖਦਾ ਹੈ। ਸਰੀਰਕ ਭਾਰ ਨੂੰ ਸਥਿਰ ਰੱਖਣ 'ਚ ਸਹਾਇਕ ਰਸਾਇਣਿਕ ਕਿਰਿਆਵਾਂ ਨੂੰ ਕੰਟਰੋਲ ਵਿਚ ਰੱਖਦਾ ਹੈ। ਕੈਲਸੀਟੋਨਿਕ ਬਣਾ ਕੇ ਹੱਡੀਆਂ ਦੀ ਸਿਹਤ ਚੰਗੀ ਬਣਾਉਂਦਾ ਹੈ। ਦਿਲ ਦੀ ਧੜਕਣ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰਦਾ ਹੈ ਤੇ ਬਲੱਡ ਪ੍ਰੈਸ਼ਰ ਨੂੰ ਸਹੀ ਰੱਖਣ 'ਚ ਮਦਦਗਾਰ ਹੈ।

### ਕਿਸਮਾਂ

ਥਾਇਰਾਇਡ ਰੋਗ ਦੀਆਂ ਦੋ ਕਿਸਮਾਂ ਹਾਈਪੋਥਾਇਰੋਡਿਜ਼ਮ ਤੇ ਹਾਈਪਰਥਾਇਰੋਡਿਜ਼ਮ ਹਨ।

### ਹਾਈਪੋਥਾਇਰੋਡਿਜ਼ਮ

ਇਸ ਰੋਗ ਦੀ ਹਾਈਪੋਥਾਇਰੋਡਿਜ਼ਮ ਕਿਸਮ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹਨ। ਇਸ ਵਿੱਚ ਥਾਇਰਾਇਡ ਗ੍ਰੰਥੀ ਥਾਇਰਾਕਸਨ ਹਾਰਮੋਨ ਘੱਟ ਬਣਾਉਂਦੀ ਹੈ। ਹਾਈਪੋਥਾਇਰੋਡਿਜ਼ਮ ਉਹ ਅਵਸਥਾ ਹੈ, ਜਿਸ ਵਿੱਚ ਸਰੀਰ ਲੋੜੀਂਦੀ ਮਿਕਦਾਰ ਵਿੱਚ ਥਾਇਰਾਕਸਨ ਹਾਰਮੋਨ ਨਹੀਂ ਬਣਾਉਂਦਾ। ਇਸ ਤੋਂ ਪੀੜਤ ਵਿਅਕਤੀਆਂ 'ਚ ਸਿਹਤ ਸਬੰਧੀ ਕਈ ਤਬਦੀਲੀਆਂ ਆਉਂਦੀਆਂ ਹਨ।

### ਅਲਾਮਤਾਂ

ਹਾਈਪੋਥਾਇਰੋਡਿਜ਼ਮ ਤੋਂ ਪੀੜਤ ਵਿਅਕਤੀਆਂ ਵਿੱਚ ਥਕਾਵਟ, ਵਾਲ ਝੜਨਾ, ਭਾਰ ਵਧਣਾ, ਠੰਢ ਬਰਦਾਸ਼ਤ ਨਾ ਹੋਣੀ, ਦਿਲ ਦੀਆਂ ਬਿਮਾਰੀਆਂ ਅਤੇ ਬਾਂਝਪਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

### ਕਾਰਨ

ਬੇਸ਼ੱਕ ਇਸ ਦੇ ਕਈ ਕਾਰਨ ਹਨ ਪਰ ਮੁੱਖ ਤੌਰ 'ਤੇ ਇਹ ਰੋਗ (ਹਾਈਪੋਥਾਇਰੋਡਿਜ਼ਮ) ਖ਼ੁਰਾਕ ਵਿੱਚ ਆਈਓਡੀਨ ਦੀ ਲੰਮੇ ਸਮੇਂ ਤਕ ਘੱਟ ਮਿਕਦਾਰ ਲੈਣ ਕਾਰਨ ਲੱਗਦਾ ਹੈ। ਭਾਵ ਥਾਇਰਾਇਡ ਗ੍ਰੰਥੀ ਆਇਓਡੀਨ ਦੀ ਘਾਟ ਕਾਰਨ ਥਾਇਰਾਕਸਨ ਨਾਂ ਦਾ ਹਾਰਮੋਨ ਘੱਟ ਬਣਾਉਂਦੀ ਹੈ।

### ਖ਼ੁਰਾਕੀ ਪਰਹੇਜ਼

ਜਿਨ੍ਹਾਂ ਵਿਅਕਤੀਆਂ ਨੂੰ ਹਾਈਪੋਥਾਇਰੋਡਿਜ਼ਮ ਕਿਸਮ ਦਾ ਥਾਇਰਾਇਡ ਰੋਗ ਹੈ, ਉਨ੍ਹਾਂ ਨੂੰ ਮੱਖਣ, ਮਿਊਨੀਜ਼, ਫੈਟ ਵਾਲੇ ਮੀਟ, ਖੰਡ ਵਾਲੇ ਖ਼ੁਰਾਕੀ ਪਦਾਰਥ, ਤਲੇ ਹੋਏ, ਪ੍ਰੋਸੈਸ ਕੀਤੇ ਹੋਏ ਅਤੇ ਗਲੂਟਨ ਵਾਲੇ ਭੋਜਨ ਪਦਾਰਥਾਂ ਨੂੰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਚੰਗੀ ਖ਼ੁਰਾਕ ਤੇ ਵਧੀਆ ਜੀਵਨਸ਼ੈਲੀ ਥਾਇਰਾਇਡ ਗ੍ਰੰਥੀ ਦੇ ਕੰਮ ਨੂੰ ਪ੍ਰਭਾਵਿਤ ਕਰ ਸਕਦੀ ਹੈ। ਬਹੁਤ ਸਾਰੀਆਂ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਥਾਇਰਾਇਡ ਤੋਂ ਪੀੜਤ ਵਿਅਕਤੀਆਂ ਦੀ ਚੰਗੀ ਖ਼ੁਰਾਕ ਚੰਗੀ ਸਿਹਤ ਪ੍ਰਦਾਨ ਕਰਦੀ ਹੈ।

### ਖ਼ੁਰਾਕ

ਰੰਗਦਾਰ ਫਲ ਤੇ ਸਬਜ਼ੀਆਂ ਸ਼ਾਮਿਲ ਕਰਨੇ ਚਾਹੀਦੇ ਹਨ, ਜਿਵੇਂ ਸੇਬ, ਕੇਲਾ,ਆੜੂ, ਨਾਸ਼ਪਾਤੀ, ਮੌਸੰਮੀ, ਸੰਤਰਾ, ਕਿਨੂੰ, ਅਨਾਨਾਸ, ਸਟਰਾਬੇਰੀ, ਕਰੇਨਬੇਰੀ, ਬਰੋਕਲੀ, ਗਾਜਰਾਂ, ਚੁਕੰਦਰ, ਆਲੂ, ਸ਼ਿਮਲਾ ਮਿਰਚ, ਪਾਲਕ, ਖੁੰਬਾਂ ਤੇ ਹਰੀਆਂ ਪੱਤੇਦਾਰ ਸਬਜ਼ੀਆਂ।

ਸਾਬਤ ਅਨਾਜ, ਪਾਸਤਾ, ਚਾਵਲ ਜੋ ਰੇਸ਼ੇ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੋਣ, ਸ਼ਾਮਿਲ ਕਰਨੇ ਚਾਹੀਦੇ ਹਨ। ਇਹ ਹਾਈਪੋਥਾਇਰੋਡਿਜ਼ਮ ਰੋਗ ਦੀ ਆਮ ਸਮੱਸਿਆ ਕਬਜ਼ ਨੂੰ ਘਟਾਉਣ ਵਿੱਚ ਮਦਦਗਾਰ ਹੋਣਗੇ।

ਆਂਡੇ, ਟੋਫੂ, ਬੀਨਜ਼, ਮੱਛੀ, ਦੁੱਧ, ਪਨੀਰ, ਦਹੀਂ ਚੰਗੀ ਪ੍ਰੋਟੀਨ ਲਈ ਖ਼ੁਰਾਕ ਵਿਚ ਸ਼ਾਮਿਲ ਕਰਨੇ ਚਾਹੀਦੇ ਹਨ।

ਸਿਹਤਮੰਦ ਫੈਟ, ਜਿਵੇਂ ਅਖਰੋਟ, ਨਾਰੀਅਲ, ਜੈਤੂਨ ਦਾ ਤੇਲ ਸ਼ਾਮਿਲ ਕਰਨਾ ਚਾਹੀਦਾ ਹੈ।

ਆਇਓਡਾਈਜ਼ਡ ਲੂਣ ਖ਼ੁਰਾਕ ਵਿੱਚ ਸ਼ਾਮਿਲ ਕਰੋ।

### ਹਾਈਪਰਥਾਇਰੋਡਿਜ਼ਮ

ਇਸ ਵਿੱਚ ਥਾਇਰਾਇਡ ਗ੍ਰੰਥੀ ਸਰੀਰਕ ਲੋੜ ਤੋਂ ਵੱਧ ਥਾਇਰਾਕਸਨ ਹਾਰਮੋਨ ਬਣਾਉਂਦੀ ਹੈ। ਥਾਇਰਾਕਸਨ ਹਾਰਮੋਨ ਦੀ ਲੋੜ ਤੋਂ ਜ਼ਿਆਦਾ ਮਿਕਦਾਰ ਵੀ ਸਿਹਤ ਲਈ ਹਾਨੀਕਾਰਕ ਹੈ, ਜਿਸ ਕਰਕੇ ਸਰੀਰ ਕਈ ਅਲਾਮਤਾਂ ਦਾ ਸ਼ਿਕਾਰ ਹੋ ਸਕਦਾ ਹੈ।

### ਅਲਾਮਤਾਂ

ਅਚਾਨਕ ਭਾਰ ਘਟਣਾ, ਭੁੱਖ ਵਧਣੀ, ਤਣਾਅ, ਚਿੜਚਿੜਾਪਣ, ਮੂਡ ਬਦਲਣਾ, ਨੀਂਦ ਵਿੱਚ ਗੜਬੜੀ, ਗਰਮੀ ਜ਼ਿਆਦਾ ਲੱਗਣੀ, ਪਸੀਨਾ ਆਉਣਾ, ਦਿਲ ਦੀ ਧੜਕਣ ਤੇਜ਼ ਹੋਣਾ, ਬਲੱਡ ਪ੍ਰੈਸ਼ਰ ਦਾ ਵਧਣਾ, ਥਕਾਵਟ, ਮਾਸਪੇਸ਼ੀਆਂ ਦੀ ਕਮਜ਼ੋਰੀ, ਚਮੜੀ ਪਤਲੀ ਹੋਣਾ, ਥਾਇਰਾਇਡ ਗ੍ਰੰਥੀ ਦਾ ਆਕਾਰ ਵਧਣਾ ਤੇ ਗਰਦਨ ਦੇ ਅਗਲੇ ਹਿੱਸੇ ਦਾ ਸੁੱਜ ਜਾਣਾ (ਜੋ ਇਲਾਜ ਨਾ ਕਰਵਾਉਣ 'ਤੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ) ਵਰਗੀਆਂ ਅਲਾਮਤਾਂ ਨਜ਼ਰ ਆਉਂਦੀਆਂ ਹਨ।

### ਕਾਰਨ

ਬਿਨਾਂ ਸ਼ੱਕ ਇਸ ਦੇ ਹੋਰ ਵੀ ਬਹੁਤ ਸਾਰੇ ਕਾਰਨ ਹਨ ਪਰ ਮੁੱਖ ਤੌਰ 'ਤੇ ਹਾਈਪਰਥਾਇਰੋਡਿਜ਼ਮ ਰੋਗ ਲੰਮੇ ਸਮੇਂ ਤਕ ਜ਼ਿਆਦਾ ਆਇਓਡੀਨ ਤੇ ਆਇਓਡੀਨ ਵਾਲੇ ਖ਼ੁਰਾਕੀ ਪਦਾਰਥ ਖਾਣ ਨਾਲ ਜਾਂ ਥਾਇਰਾਇਡ ਗ੍ਰੰਥੀ ਵਿੱਚ ਵਿਕਾਰ ਪੈਦਾ ਹੋਣ ਨਾਲ ਹੋ ਸਕਦਾ ਹੈ।

### ਖ਼ੁਰਾਕੀ ਪਰਹੇਜ਼

ਆਇਓਡੀਨ ਦੀ ਜ਼ਿਆਦਾ ਮਿਕਦਾਰ ਵਾਲੇ ਖ਼ੁਰਾਕੀ ਪਦਾਰਥ, ਜਿਵੇਂ ਆਇਓਡਾਈਜ਼ਡ ਲੂਣ, ਮੱਛੀ, ਸੈਲਫਿਸ਼, ਦੁੱਧ ਦੇ ਉਤਪਾਦ, ਆਂਡੇ ਦਾ ਪੀਲਾ ਹਿੱਸਾ, ਪੈਕਡ ਅਤੇ ਬੇਕ ਕੀਤੇ ਖ਼ੁਰਾਕੀ ਪਦਾਰਥ, ਜਿਨ੍ਹਾਂ ਵਿਚ ਆਇਓਡੀਨ ਪਾਇਆ ਹੋਵੇ, ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਖ਼ੁਰਾਕ

ਮਰੀਜ਼ਾਂ ਨੂੰ ਆਇਓਡੀਨ ਦੀ ਘੱਟ ਮਿਕਦਾਰ ਵਾਲੇ ਭੋਜਨ ਲੈਣੇ ਚਾਹੀਦੇ ਹਨ। ਇਸ ਨਾਲ ਹਾਰਮੋਨ ਘੱਟ ਬਣੇਗਾ। ਜ਼ਿਆਦਾ ਆਇਓਡੀਨ ਵਾਲੇ ਭੋਜਨ ਖਾਣ ਨਾਲ ਹਾਈਪਰਥਾਇਰੋਡਿਜ਼ਮ ਦੀ ਸਮੱਸਿਆ ਵੱਧ ਸਕਦੀ ਹੈ। ਐੱਨਆਈਐੱਚ ਅਨੁਸਾਰ ਇੱਕ ਚਮਚ ਆਇਓਡਾਈਜ਼ਡ ਨਮਕ ਵਿਚ 304 ਮਾਈਕ੍ਰੋਗ੍ਰਾਮ ਆਇਓਡੀਨ ਹੁੰਦਾ ਹੈ। ਆਇਓਡੀਨ ਦੀ ਰੋਜ਼ਾਨਾ ਲੋੜ 150 ਮਾਈਕ੍ਰੋਗ੍ਰਾਮ ਜਾਂ .15 ਮਿਲੀਗ੍ਰਾਮ ਹੈ। ਮਤਲਬ ਘੱਟ ਆਇਓਡੀਨ ਵਾਲੀ ਖ਼ੁਰਾਕ ਵੀ ਬਹੁਤ ਥੋੜ੍ਹੀ ਲੈਣੀ ਚਾਹੀਦੀ ਹੈ। ਆਇਓਡੀਨ ਤੋਂ ਬਿਨਾਂ ਲੂਣ, ਬਿਨਾਂ ਦੁੱਧ ਦੇ ਕਾਫੀ ਜਾਂ ਚਾਹ, ਆਂਡੇ ਦਾ ਚਿੱਟਾ ਹਿੱਸਾ, ਬਿਨਾਂ ਲੂਣ ਤੋਂ ਨਟਸ, ਘਰ ਦੀ ਬਣੀ ਬਿਨਾਂ ਲੂਣ ਤੋਂ ਬਰੈੱਡ, ਓਟਸ, ਚੌਲ, ਬੀਨਜ਼, ਆਲੂ, ਫਲ, ਜੂਸ, ਸਬਜ਼ੀਆਂ, ਸੋਇਆ ਤੇ ਬਦਾਮ ਦੇ ਦੁੱਧ ਦਾ ਸੇਵਨ ਗੁਣਕਾਰੀ ਹੁੰਦਾ ਹੈ। ਹਲਦੀ, ਹਰੀ ਮਿਰਚ, ਕਾਲੀ ਮਿਰਚ ਇਹ ਐਂਟੀਇੰਫਲਾਮੇਟਰੀ ਹੁੰਦੇ ਹਨ, ਜੋ ਥਾਇਰਾਇਡ ਦੇ ਕੰਮ ਨੂੰ ਸੰਤੁਲਿਤ ਰੱਖਦੇ ਹਨ। ਇਨ੍ਹਾਂ ਦਾ ਸੇਵਨ ਵੀ ਚੰਗਾ ਹੈ। ਇਸ ਨਾਲ ਹੱਡੀਆਂ ਵੀ ਕਮਜ਼ੋਰ ਹੋ ਸਕਦੀਆਂ ਹਨ। ਇਸ ਲਈ ਕੈਲਸ਼ੀਅਮ ਤੇ ਵਿਟਾਮਿਨ-ਡੀ ਭਰਪੂਰ ਖ਼ੁਰਾਕ ਸ਼ਾਮਿਲ ਕਰਨੀ ਚਾਹੀਦੀ ਹੈ।

# ਪੇਟ ਦੀ ਚਰਬੀ ਘਟਾਉਣ ਲਈ ਸਵੇਰੇ ਉੱਠਦੇ ਹੀ ਪੀਓ ਗਰਮ ਪਾਣੀ



ਅੱਜ ਕੱਲ੍ਹ, ਲੋਕ ਪਤਲੇ ਤੇ ਪਰਫੈਕਟ ਫਿਗਰ ਰੱਖਣ ਲਈ ਕਈ ਉਪਾਅ ਅਪਣਾਉਂਦੇ ਹਨ। ਸ਼ਾਇਦ ਹੀ ਕੋਈ ਅਜਿਹਾ ਹੋਵੇ ਜਿਸ ਨੂੰ ਫਿੱਟ ਅਤੇ ਖ਼ੂਬਸੂਰਤ ਦਿਖਣਾ ਪਸੰਦ ਨਾ ਹੋਵੇ। ਹਾਲਾਂਕਿ ਖਰਾਬ ਲਾਈਫਸਟਾਈਲ ਅਤੇ ਖਾਣ-ਪੀਣ ਦੀਆਂ ਗ਼ਲਤ ਆਦਤਾਂ ਕਾਰਨ ਅਕਸਰ ਲੋਕਾਂ ਦੀ ਇਹ ਇੱਛਾ ਪੂਰੀ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਅੱਜ-ਕੱਲ੍ਹ ਬਹੁਤ ਸਾਰੇ ਲੋਕ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਅਜੋਕੇ ਸਮੇਂ ਵਿੱਚ ਮੋਟਾਪਾ ਇੱਕ ਗੰਭੀਰ ਸਮੱਸਿਆ ਦੇ ਰੂਪ ਵਿੱਚ ਉਭਰਿਆ ਹੈ। ਇਹ ਕਈ ਖਤਰਨਾਕ ਸਿਹਤ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦਾ ਹੈ। ਅਜਿਹੇ 'ਚ ਜ਼ਰੂਰੀ ਹੈ ਕਿ ਸਮੇਂ ਰਹਿੰਦੇ ਇਸ 'ਤੇ ਕਾਬੂ ਪਾਇਆ ਜਾਵੇ।ਅਕਸਰ ਆਫਿਸ 'ਚ ਲਗਾਤਾਰ ਕੁਰਸੀ 'ਤੇ ਸਕ੍ਰੀਨ ਦੇ ਸਾਹਮਣੇ ਬੈਠੇ ਰਹਿਣ ਕਾਰਨ ਲੋਕਾਂ ਦਾ ਭਾਰ ਵੱਧਣ ਲੱਗਦਾ ਹੈ। ਅਜਿਹੇ 'ਚ ਵੱਧਦਾ ਭਾਰ ਨਾ ਸਿਰਫ਼ ਤੁਹਾਡੀ ਲੁੱਕ ਖਰਾਬ ਕਰਦਾ ਹੈ, ਬਲਕਿ ਇਹ ਤੁਹਾਡੇ ਕਾਂਨਫੀਡੈਂਸ ਨੂੰ ਵੀ ਘੱਟ ਕਰਦਾ ਹੈ। ਅਜਿਹੇ 'ਚ ਡਾਈਟਿੰਗ ਤੇ ਕਸਰਤ ਤੋਂ ਇਲਾਵਾ ਤੁਸੀਂ ਕੁਝ ਆਦਤਾਂ ਨੂੰ ਆਪਣਾ ਕੇ ਆਪਣੇ ਪੇਟ ਦੀ ਵੱਧਦੀ ਚਰਬੀ ਨੂੰ ਘੱਟ ਕਰ ਸਕਦੇ ਹਨ। ਆਓ ਜਾਣਦੇ ਹਾਂ ਕਿ ਸਵੇਰੇ ਦੀ ਕੁਝ ਆਦਤਾਂ ਬਾਰੇ ਜੋ ਜਲਦੀ ਪੇਟ ਦੀ ਚਰਬੀ ਘੱਟ ਕਰਨ 'ਚ ਮਦਦ ਕਰ ਸਕਦੀਆਂ ਹਨ।

### ਇਕ ਗਲਾਸ ਗਰਮ ਪਾਣੀ ਨਾਲ ਕਰੋ ਦਿਨ ਦੀ ਸ਼ੁਰੂਆਤ

ਸਵੇਰੇ ਉੱਠਦੇ ਹੀ ਸਭ ਤੋਂ ਪਹਿਲਾਂ ਇੱਕ ਗਲਾਸ ਗਰਮ ਪਾਣੀ ਪੀਣ ਦੀ ਆਦਤ ਪਾਓ। ਅਜਿਹਾ ਕਰਨ ਨਾਲ ਤੁਹਾਡਾ ਮੈਟਾਬੋਲਿਜ਼ਮ ਤੇਜ਼ ਹੁੰਦਾ ਹੈ ਤੇ ਸਰੀਰ 'ਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ। ਇਸ ਨਾਲ ਪਾਚਨ ਬਿਹਤਰ ਹੁੰਦਾ ਹੈ ਜੋ ਪੇਟ ਦੀ ਚਰਬੀ ਘੱਟ ਕਰਨ ਲਈ ਮਹੱਤਵਪੂਰਨ ਹੈ।

### ਪ੍ਰੋਟੀਨ ਨਾਲ ਭਰਪੂਰ ਨਾਸ਼ਤਾ ਕਰੋ

ਹੈਲਦੀ ਤੇ ਫਿਟ ਰਹਿਣ ਲਈ ਡਾਈਟ 'ਚ ਪ੍ਰੋਟੀਨ ਸ਼ਾਮਲ ਕਰਨਾ ਜ਼ਰੂਰੀ ਹੈ। ਇਸ ਲਈ ਸਵੇਰੇ ਪ੍ਰੋਟੀਨ ਨਾਲ ਭਰਪੂਰ ਨਾਸ਼ਤਾ ਕਰੋ, ਤਾਂ ਕਿ ਤੁਹਾਡਾ ਪੇਟ ਲੰਬੇ ਸਮੇਂ ਤੱਕ ਭਰਿਆ ਰਹੇ ਤੇ ਦਿਨਭਰ ਅਨਹੈਲਦੀ ਸਨੈਕਸ ਖਾਣ ਤੋਂ ਬਚੇ ਰਹੇ। ਇਸ ਲਈ ਤੁਸੀਂ ਅੰਡੇ, ਦਹੀ ਜਾਂ ਪ੍ਰੋਟੀਨ ਸ਼ੇਕ ਨੂੰ ਡਾਈਟ 'ਚ ਸ਼ਾਮਲ ਕਰ ਸਕਦੇ ਹਨ। ਇਸ ਤੋਂ ਇਲਾਵਾ ਆਪਣੇ ਬ੍ਰੇਕਫਾਸਟ 'ਚ ਫਾਈਬਰ ਤੇ ਹੈਲਦੀ ਫੈਟ ਸ਼ਾਮਲ ਕਰਨਾ ਨਾ ਭੁੱਲੋ।

### ਮਾਰਨਿੰਗ ਵਰਕਆਊਟ

ਕੈਲੋਰੀ ਬਰਨ ਕਰਨ ਤੇ ਚਰਬੀ ਘਟਾਉਣ ਲਈ ਕਸਰਤ ਬਹੁਤ ਜ਼ਰੂਰੀ ਹੈ। ਇਸ ਲਈ ਆਪਣੇ ਦਿਨ ਦੀ ਸ਼ੁਰੂਆਤ ਸਵੇਰ ਦੀ ਕਸਰਤ ਨਾਲ ਕਰੋ। ਇਸ ਦੇ ਲਈ ਤੁਸੀਂ ਸਵੇਰੇ ਸੈਰ ਕਰ ਸਕਦੇ ਹੋ ਜਾਂ ਘਰ 'ਚ ਹੀ ਕੁਝ ਸਧਾਰਨ ਕਸਰਤ ਕਰ ਸਕਦੇ ਹੋ। ਇਸ ਆਦਤ ਨੂੰ ਅਪਣਾਉਣ ਨਾਲ ਪੇਟ ਦੀ ਚਰਬੀ ਨੂੰ ਘੱਟ ਕਰਨ 'ਚ ਮਦਦ ਮਿਲ ਸਕਦੀ ਹੈ।

### ਨਾਸ਼ਤੇ 'ਚ ਮਿੱਠਾ ਖਾਣ ਤੋਂ ਬਚੋ

ਜੇ ਤੁਸੀਂ ਆਪਣੇ ਦਿਨ ਦੀ ਸਿਹਤਮੰਦ ਸ਼ੁਰੂਆਤ ਚਾਹੁੰਦੇ ਹੋ ਅਤੇ ਆਪਣੇ ਭਾਰ ਨੂੰ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਸਵੇਰੇ ਮਿਠਾਈ ਖਾਣ ਤੋਂ ਪਰਹੇਜ਼ ਕਰੋ। ਨਾਸ਼ਤੇ ਵਿੱਚ ਮਿੱਠੀਆਂ ਚੀਜ਼ਾਂ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਵਧ ਸਕਦਾ ਹੈ, ਜਿਸ ਨਾਲ ਪੇਟ ਦੇ ਆਲੇ-ਦੁਆਲੇ ਚਰਬੀ ਜਮ੍ਹਾ ਹੋ ਜਾਂਦੀ ਹੈ। ਇਸ ਲਈ, ਇਨਸੁਲਿਨ ਦੇ ਪੱਧਰ ਨੂੰ ਨਿਯੰਤਰਣ ਵਿੱਚ ਰੱਖਣ ਲਈ, ਨਾਸ਼ਤੇ ਵਿੱਚ ਸਾਬਤ ਅਨਾਜ, ਘੱਟ ਪ੍ਰੋਟੀਨ ਅਤੇ ਤਾਜ਼ੇ ਫਲ ਵਰਗੇ ਸਿਹਤਮੰਦ ਆਪਸ਼ਨਾ ਦੀ ਚੋਣ ਕਰੋ।

### ਪੂਰੀ ਨੀਂਦ ਲਓ

ਭਾਰ ਘਟਾਉਣ ਤੇ ਸਮੁੱਚੀ ਸਿਹਤ ਲਈ ਗੁਣਵੱਤਾ ਵਾਲੀ ਨੀਂਦ ਜ਼ਰੂਰੀ ਹੈ। ਨੀਂਦ ਦੀ ਕਮੀ ਤੁਹਾਡੇ ਹਾਰਮੋਨਸ ਨੂੰ ਵਿਗਾੜ ਸਕਦੀ ਹੈ, ਅਨਹੈਲਦੀ ਫੂਡਜ਼ ਦੀ ਲਾਲਸਾ ਵਧ ਸਕਦੀ ਹੈ, ਜਿਸ ਨਾਲ ਭਾਰ ਵਧ ਸਕਦਾ ਹੈ, ਖਾਸ ਕਰਕੇ ਪੇਟ ਦੇ ਆਲੇ-ਦੁਆਲੇ। ਇਸ ਲਈ ਰੋਜ਼ਾਨਾ 7-8 ਘੰਟੇ ਦੀ ਨੀਂਦ ਲਓ।

# ਮੋਬਾਈਲ ਦੀ ਵਰਤੋਂ ਤੇ ਬ੍ਰੇਨ ਕੈਂਸਰ ਵਿਚਾਲੇ ਕੋਈ ਸਬੰਧ ਨਹੀਂ

## ਡਬਲਯੂ. ਐਚ. ਓ. ਨੇ ਕਈ ਅਧਿਐਨਾਂ ਦੀ ਸਮੀਖਿਆ ਮਗਰੋਂ ਦਿੱਤੀ ਜਾਣਕਾਰੀ



ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਕਿਹਾ ਹੈ ਕਿ ਮੋਬਾਈਲ ਫੋਨ ਦੀ ਵਰਤੋਂ ਅਤੇ ਬ੍ਰੇਨ ਕੈਂਸਰ ਵਿਚਾਲੇ ਕੋਈ ਸਬੰਧ ਨਹੀਂ ਪਾਇਆ ਗਿਆ ਹੈ। ਸੰਗਠਨ ਵੱਲੋਂ ਕਈ ਅਧਿਐਨਾਂ ਦੀ ਸਮੀਖਿਆ ਤੋਂ ਬਾਅਦ ਇਹ ਗੱਲ ਕਹੀ ਗਈ ਹੈ। ਇਕ ਕੌਮਾਂਤਰੀ ਟੀਮ ਨੇ ਪੰਜ ਹਜ਼ਾਰ ਤੋਂ ਵੱਧ ਖੋਜਾਂ ਦਾ ਅਧਿਐਨ ਕੀਤਾ ਅਤੇ ਇਨ੍ਹਾਂ ਵਿਚੋਂ 1994 ਤੋਂ 2022 ਵਿਚਾਲੇ ਪ੍ਰਕਾਸ਼ਿਤ 3 ਖੋਜਾਂ ਨੂੰ ਆਖ਼ਰੀ ਵਿਸ਼ਲੇਸ਼ਣ ਵਿੱਚ ਸ਼ਾਮਲ ਕੀਤਾ ਗਿਆ। ਇਹ ਵਿਸ਼ਲੇਸ਼ਣ ਜਰਨਲ ਅਨਵਾਇਰਮੈਂਟ ਇੰਟਰਨੈਸ਼ਨਲ ਵਿੱਚ ਪ੍ਰਕਾਸ਼ਿਤ ਹੋਇਆ ਹੈ। ਆਸਟ੍ਰੇਲੀਅਨ ਰੇਡੀਏਸ਼ਨ ਪ੍ਰੋਟੈਕਸ਼ਨ ਐਂਡ ਨਿਊਕਲੀਅਰ ਸੇਫਟੀ ਏਜੰਸੀ (ਏ.ਆਰ.ਪੀ.ਏ. ਐਨ.ਐਸ.ਏ.) ਦੀ ਅਗਵਾਈ ਵਾਲੀ ਟੀਮ ਨੇ ਪਾਇਆ ਕਿ ਭਾਵੇਂ ਪਿਛਲੇ ਦੋ ਦਹਾਕਿਆਂ ਵਿੱਚ ਵਾਇਰਲੈੱਸ ਤਕਨੀਕ ਦਾ ਇਸਤੇਮਾਲ ਵੱਡੇ ਪੱਧਰ 'ਤੇ ਵਧਿਆ ਹੈ ਪਰ ਬ੍ਰੇਨ ਕੈਂਸਰ ਦੇ ਮਾਮਲੇ ਨਹੀਂ ਵਧੇ ਹਨ। ਮਈ 2011 ਵਿੱਚ ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ (ਆਈ.ਏ. ਆਰ.ਸੀ.) ਨੇ ਰੇਡੀਓ ਤਰੰਗਾਂ ਦੇ ਸੰਪਰਕ ਨੂੰ ਮਨੁੱਖਾਂ ਲਈ ਕੈਂਸਰਕਾਰੀ ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਸੀ, ਜੋ ਵਾਇਰਲੈੱਸ ਫੋਨ ਦੇ ਇਸਤੇਮਾਲ ਨਾਲ ਜੁੜੇ (ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਡਾ. ਚਮਨ ਲਾਲ ਹੁਸ਼ਿਆਰਪੁਰੀ

# ਮਜਬੂਰੀਆਂ



ਜਿਉਂ ਹੀ ਸਾਡੇ ਘਰ ਦੇ ਗੇਟ ਦੇ ਸਾਮ੍ਹਣੇ, ਇਨੋਵਾ ਗੱਡੀ ਰੁਕੀ ਉਸ ਨੂੰ ਦੇਖਦਿਆਂ ਸਾਰ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਮੇਰੇ ਅੰਦਰੋਂ ਇੱਕ ਹੌਂਕਾ ਜਿਹਾ ਨਿਕਲਿਆ ਤੇ ਸਮੁੱਚਾ ਵਜੂਦ ਝੂਠਾ ਪੈ ਗਿਆ। ਘਬਰਾਹਟ ਨਾਲ, ਚਿਹਰੇ ਉੱਪਰ ਤ੍ਰੇਲੀ ਜਿਹੀ ਆ ਗਈ ਤੇ ਲੱਤਾਂ ਵਿੱਚ ਖੜ੍ਹੇ ਹੋਣ ਦੀ ਸਮੱਰਥਾ ਨਾ ਰਹੀ। ਨੇੜੇ ਪਈ ਕੁਰਸੀ ’ਤੇ ਬੈਠ ਮੈਂ ਘਰਵਾਲੀ ਕੋਲੋਂ ਪਾਣੀ ਮੰਗਿਆ। ਮੇਰੇ ਵੱਲ ਦੇਖ ਕੇ, ਉਹ ਬੁਰੀ ਤਰ੍ਹਾਂ ਘਬਰਾ ਗਈ ਤੇ ਫਟਾਫਟ ਪਾਣੀ ਦਾ ਗਲਾਸ ਲਿਆ ਫੜਾਉਂਦਿਆਂ ਕਿਹਾ, ‘ਦੇਖੋ! ਏਦਾਂ ਨਾ ਕਰੋ! ਤੁਹਾਡੇ ਆਸਰੇ ’ਤੇ ਅਸੀਂ ਤੁਰੇ ਫਿਰਦੇ ਆਂ, ਜੇ ਤੁਸੀਂ ਹੀ ਦਿਲ ਛੱਡ ਕੇ ਬੈਠ ਗਏ, ਫਿਰ ਸਾਡਾ ਕੀ ਬਣੂੰ? ਹਿੰਮਤ ਤੋਂ ਕੰਮ ਲਵੋ। ਪੁੱਤਰ ਵੱਲ ਦੇਖੋ। ਉਹ ਕਿਵੇਂ ਉਦਾਸ ਹੋਇਆ ਪਿਆ ਏ। ਤੁਹਾਡੇ ਵੱਲ ਦੇਖ ਕੇ, ਉਹ ਹੋਰ ਜ਼ਿਆਦਾ ਪ੍ਰੇਸ਼ਾਨ ਹੋ ਜਾਵੇਗਾ। ਉਹਨੂੰ ਹੌਸਲਾ ਦਿਉ। ਤੇ ਉਹ ਨੂੰ ਖ਼ੁਸ਼ੀ-ਖ਼ੁਸ਼ੀ ਰੁਖ਼ਸਤ ਕਰੋ।’ ਏਨਾ ਕਹਿੰਦਿਆਂ, ਉਹ ਵੀ ਮੇਰੇ ਨਾਲ ਵਾਲੀ ਕੁਰਸੀ ਉੱਪਰ ਬੈਠ ਗਈ ਤੇ ਮੇਰਾ ਬਚਿਆ ਪਾਣੀ ਪੀ ਗਈ।

ਇਸ ਸਮੇਂ ਹਾਲਤ ਤਾਂ ਮੇਰੀ ਪਤਨੀ ਦੀ ਵੀ ਪਤਲੀ ਸੀ। ਪੁੱਤਰ ਦੇ ਹੋਣ ਵਾਲੇ ਵਿਛੋੜੇ ਦਾ ਸੱਲ, ਉਹਦੇ ਅੰਦਰ ਵੀ ਸੀ। ਫਿਰ ਵੀ ਉਹ ਜਿਵੇਂ ਕਿਵੇਂ, ਹਿੰਮਤ ਤੋਂ ਕੰਮ ਲੈਂਦੀ ਜਾ ਰਹੀ ਸੀ। ਬੇਸ਼ੱਕ ਅਸੀਂ ਹੰਝੂਆਂ ਨੂੰ ਰੋਕਣ ਦਾ ਯਤਨ ਕਰ ਰਹੇ ਸਾਂ, ਪਰ ਉਹ ਰੁਕਣ ਦਾ ਨਾਂ ਹੀ ਨਹੀਂ ਸਨ ਲੈ ਰਹੇ। ਪੁੱਤਰ ਸਾਡੇ ਵੱਲ ਪਿੱਠ ਕਰ ਕੇ, ਆਪਣੇ ਹੰਝੂ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਨੇੜੇ ਖੜ੍ਹੀ ਬੇਟੀ, ਕਦੀ ਆਪਣੇ ਵੀਰ ਵੱਲ ਤੇ ਕਦੀ ਸਾਡੇ ਵੱਲ ਦੇਖ ਦੇਖ ਕੇ ਡੁਸਕਦੀ ਪਈ ਸੀ। ਅਸੀਂ ਕਦੀ ਆਪਣੇ ਪੁੱਤਰ ਵੱਲ ਤੇ ਕਦੀ ਤਿਆਰ ਕੀਤੇ ਅਟੈਚੀਆਂ ਵੱਲ, ਉਦਾਸੀਆਂ ਨਜ਼ਰਾਂ ਨਾਲ ਦੇਖੀ ਜਾ ਰਹੇ ਸਾਂ।

ਪੁੱਤਰ ਇਸ ਸਮੇਂ ਆਪਣੇ ਹੀ ਘਰ ਵਿੱਚ ਚੰਦ ਮਿੰਟਾਂ ਦਾ ਮਹਿਮਾਨ ਸੀ। ਮੇਰੇ ਅੰਦਰਲਾ ਮਨ, ਅਜੇ ਵੀ ਕਲਪਦਾ ਪਿਆ ਸੀ ਕਿ ਮੈਂ ਇਹਨੂੰ ਕਹਾਂ ਕਿ ਉਹ ਵਿਦੇਸ਼ ਜਾਣ ਦਾ ਖਿਆਲ ਤਿਆਗ ਦੇਵੇ। ਸਾਡੇ ਕਿਹੜੇ ਪੰਜ ਸੱਤ ਨੇ। ਇੱਥੇ ਹੀ ਰੁੱਖੀ ਸੁੱਕੀ ਖਾ ਕੇ ਗੁਜ਼ਾਰਾ ਕਰ ਲਵਾਂਗੇ। ਜਦੋਂ ਵੀ ਇਹ ਕਿੱਧਰੇ ਦੂਰ ਪਰ੍ਹੇ ਗਿਆ ਹੁੰਦਾ, ਤਾਂ ਇਹਦੇ ਮੁੜਨ ਤਾਈਂ ਫ਼ਿਕਰ ਲੱਗਿਆ ਰਹਿੰਦਾ। ਜਦੋਂ ਕਿ ਹੁਣ ਤਾਂ ਇਹ ਸੱਤ ਸਮੁੰਦਰ ਪਾਰ, ਪ੍ਰਦੇਸ਼ਾਂ ਦਾ ਮਾਮਲਾ ਹੈ। ਪਰ ਹੁਣ ਮੈਂ, ਅਜਿਹਾ ਕਹਿ ਕੇ ਇਸ ਦੇ ਦਿਲ ਨੂੰ ਠੇਸ ਨਹੀਂ ਸੀ ਪਹੁੰਚਾਉਣੀ ਚਾਹੁੰਦਾ। ਕਿਉਂਕਿ ਸਭ ਤਿਆਰੀਆਂ ਹੋ ਚੁੱਕੀਆਂ ਸਨ ਤੇ ਗੇਟ ਅੱਗੇ ਖੜ੍ਹੀ ਗੱਡੀ ਇਹਦਾ ਇੰਤਜ਼ਾਰ ਕਰ ਰਹੀ ਸੀ। ਪੁੱਤਰ ਨੂੰ, ਮਨ ਪਸੰਦ ਨੌਕਰੀ ਨਹੀਂ ਸੀ ਮਿਲ ਰਹੀ। ਜੇ ਕਿਧਰੇ ਮਿਲ ਵੀ ਜਾਂਦੀ ਤਾਂ ਉਹ, ਇਹਦੀ ਤਾਲੀਮ ਮੁਤਾਬਕ ਨਹੀਂ ਸੀ ਹੁੰਦੀ। ਉੱਪਰੋਂ ਮਿਲਣ ਵਾਲੀ ਤਨਖਾਹ, ਨਾ ਕਾਫ਼ੀ ਹੁੰਦੀ। ਜਦੋਂ ਮੈਂ ਇਹਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਤਨਖਾਹ ਤਾਂ ਵਧਣ ਨੂੰ ਸਮਾਂ ਲਗਦਾ, ਤਾਂ ਅੱਗਿਉਂ ਕਹਿੰਦਾ,‘ਪਿਤਾ ਜੀ, ਤੁਸੀਂ ਮੈਨੂੰ ਬਾਹਰ ਭੇਜ ਦਿਉ। ਇੱਧਰ ਦੀ ਕਮਾਈ ਨਾਲ ਕੁਝ ਨਹੀਂ ਬਣਦਾ। ਜਾਨ ਫ਼ਿਕਰਾਂ ਵਿੱਚ ਪਈ ਰਹਿੰਦੀ ਏ। ਭੈਣ ਜਵਾਨ ਹੋ ਗਈ ਏ। ਉਹਦੇ ਹੱਥ ਪੀਲੇ ਕਰਨ ਦਾ ਫ਼ਿਕਰ। ਘਰ ਦੀ ਖਸਤਾ ਹਾਲਤ ਦੇਖੀ ਨਹੀਂ ਜਾਂਦੀ। ਉੱਪਰੋਂ ਬੈਂਕਾਂ ਦਾ ਕਰਜ਼ਾ ਉਤਰਨ ਦਾ ਨਾਂ ਨਹੀਂ ਲੈ ਰਿਹਾ। ਜਦ ਤੱਕ, ਚਾਰ ਪੈਸੇ ਪੱਲੇ ਨਹੀਂ ਹੁੰਦੇ, ਤਦ ਤਕ, ਨਾ ਤਾਂ ਭੈਣ ਦੇ ਹੱਥ ਪੀਲੇ ਕੀਤੇ ਜਾ ਸਕਦੇ ਨੇ ਤੇ ਨਾ ਹੀ ਘਰ ਦਾ ਸੁਧਾਰ ਹੋਣਾ। ਤੇ ਨਾ ਹੀ, ਸਿਰ ਚੜ੍ਹਿਆ ਬੈਂਕਾਂ ਦਾ ਕਰਜ਼ਾ ਉਤਾਰਿਆ ਜਾਣਾ।’

ਪੁੱਤਰ ਦੀਆਂ ਦਲੀਲਾਂ ਮੈਨੂੰ ਤਰਕਸੰਗਤ ਲੱਗੀਆਂ। ਸੋਚਿਆ ਇਹ ਸਹੀ ਕਹਿ ਰਿਹਾ ਹੈ। ਵੈਸੇ ਵੀ ਮੇਰੇ ਸਰੀਰ ਵਿੱਚ ਪਹਿਲਾਂ ਵਾਲੀ ਕੰਡ ਨਹੀ ਰਹੀ। ਸਰੀਰ ਕਮਜ਼ੋਰ ਪੈ ਗਿਆ। ਕੰਮ ਕਾਰ ਕਰਨ ਦੀ ਹਿੰਮਤ ਨਹੀਂ ਰਹੀ! ਤੇ ਜੇ ਹਾਲਾਤ ਇਸੀ ਪ੍ਰਕਾਰ ਰਹੇ, ਫਿਰ ਤਾਂ ਘਰ ਨੂੰ ਚਲਾਉਣਾ ਮੁਸ਼ਕਿਲ ਹੋ ਜਾਊ। ਫਿਰ ਜ਼ਿੰਮੇਵਾਰੀਆਂ ਤੋਂ ਪੱਲਾ ਕਿਵੇਂ ਛੁਡਾਇਆ ਜਾ ਸਕੇਗਾ? ਹੁਣ ਤਾਂ ਪੁੱਤਰ ਉੱਪਰ ਹੀ ਉਮੀਦਾਂ ਨੇ। ਉਹ ਆਪਣੀ ਨੌਕਰੀ ਤੋਂ ਸੰਤੁਸ਼ਟ ਨਹੀਂ। ਇਹੀਉ ਉਮਰ ਕਮਾਉਣ ਦੀ ਹੁੰਦੀ ਹੈ। ਫਿਰ ਕਿਉਂ ਨਾ ਪੁੱਤਰ ਦੀ ਗੱਲ ਮੰਨ ਲਈ ਜਾਵੇ? ਜਿਹੜਾ ਕੰਮ ਕੱਲ੍ਹ ਸ਼ੁਰੂ ਕਰਨਾ ਕਿਉਂ ਨਾ ਉਹਦੀ ਸ਼ੁਰੂਆਤ ਅੱਜ ਤੋਂ ਹੀ ਕਰ ਲਈ ਜਾਵੇ?

ਕੋਈ ਸਮਾਂ ਸੀ, ਜਦੋਂ ਅਰਬ ਦੇਸ਼ ਹੀ ਰੋਜ਼ਗਾਰ ਦਾ ਸਾਧਨ ਹੁੰਦੇ ਸਨ। ਪੰਜਾਬੀ ਲੋਕ, ਪੰਜ ਸੱਤ ਸਾਲ ਲਗਾ ਕੇ, ਚਾਰ ਪੈਸੇ ਕਮਾ ਲਿਆਉਂਦੇ ਸਨ। ਜਿਵੇਂ-ਜਿਵੇਂ ਸਮਾਂ ਕਰਵਟਾਂ ਬਦਲਦਾ ਗਿਆ, ਤਿਵੇਂ-ਤਿਵੇ ਮਹਿੰਗਾਈ ਵਧਦੀ ਚਲੀ ਗਈ ਤੇ ਅਰਬ ਵਾਲੇ, ਤੰਗ ਦਿਲ ਹੁੰਦੇ ਗਏ। ਤੇ ਪੰਜਾਬੀਆਂ ਦਾ ਰੁਝਾਨ, ਇਨ੍ਹਾਂ ਦੇਸ਼ਾਂ ਵੱਲੋਂ ਘਟਣ ਲੱਗ ਪਿਆ। ਇਹ ਨਹੀਂ ਕਿ ਉੱਥੇ ਆਉਣ ਜਾਣ ਬਿਲਕੁਲ ਬੰਦ ਹੋ ਗਿਆ। ਨਹੀਂ ਨਹੀਂ! ਆ ਜਾ ਤੇ ਹੁਣ ਵੀ ਰਹੇ ਹਨ ਪਰ ਉਹ ਜਿਹੜੇ ਵੈਸਟਰਨ ਜਾਣ ਦੇ ਸਮਰੱਥ ਨਹੀਂ। ਪੜ੍ਹਾਈ ਪੱਖੋਂ। ਪੈਸੈ ਪੱਖੋਂ। ਜਾ ਫਿਰ ਦੁਵੱਲਿਉਂ।

ਪੜ੍ਹਾਈ ਦੇ ਲਿਹਾਜ ਨਾਲ ਪੰਜਾਬ ਅਗਾਂਹ ਵਧੂ ਪ੍ਰਾਂਤ ਹੈ। ਪਰ ਬੇਰੋਜ਼ਗਾਰੀ ਨੇ ਪੜ੍ਹੇ ਲਿਖੇ ਵਰਗ ਦੀਆਂ ਆਸਾਂ ’ਤੇ ਪਾਣੀ ਫੇਰ ਰੱਖਿਆ ਹੈ। ਦਿਨ ਪ੍ਰਤੀ ਦਿਨ, ਰੋਜ਼ਗਾਰ ਘਟਦਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਅੰਦਰ, ਕਿਧਰੇ ਵੀ ਉਮੀਦ ਦੀ ਕਿਰਨ ਦਿਖਾਈ ਨਹੀ ਦਿੰਦੀ। ਬਸ ਹਨੇਰਾ ਹੀ ਹਨੇਰਾ ਨਜ਼ਰ ਆਉਂਦਾ। ਇਸੀ ਕਰਕੇ, ਪੜ੍ਹੇ-ਲਿਖੇ ਲੜਕੇ ਲੜਕੀਆਂ ਦੀ ਦੌੜ ਵਿਦੇਸ਼ਾਂ ਵੱਲ ਲੱਗੀ ਹੋਈ ਹੈ। ਪੰਜਾਬ ਦੇ ਘਰਾਂ ਦੇ ਘਰ ਖਾਲੀ ਹੁੰਦੇ ਜਾ ਰਹੇ ਹਨ। ਗਲੀਆਂ ਮੁਹੱਲਿਆਂ ਦੀਆਂ ਰੌਣਕਾਂ ਘੱਟ ਰਹੀਆਂ ਹਨ। ਵੱਡੀਆਂ ਵੱਡੀਆਂ ਕੋਠੀਆਂ ਬੰਗਲਿਆਂ ਆਦਿ ਵਿੱਚ ਵੱਡੇ ਬਜ਼ੁਰਗ ਹੀ ਦਿਖਾਈ ਦੇ ਰਹੇ ਹਨ। ਉਨ੍ਹਾਂ ਤੋਂ ਬਾਅਦ ਇਹ ਜਾਇਦਾਦਾਂ ਲਵਾਰਿਸ ਹੋ ਕੇ ਰਹਿ ਜਾਂਦੀਆਂ ਹਨ। ਫਿਰ ਇਹ ਲੁੱਟਾਂ ਖੋਹਾਂ ਅਤੇ ਨਜਾਇਜ਼ ਕਬਜ਼ੇ ਕਰਨ ਵਾਲਿਆਂ ਦੀ ਖਿੱਚ ਦਾ ਕੇਂਦਰ ਬਣ ਜਾਂਦੀਆਂ ਹਨ।

ਅਖੀਰ ਪੁੱਤਰ ਦੀ ਵਿਦਾਇਗੀ ਦਾ ਸਮਾਂ ਹੋ ਗਿਆ। ਉਸ ਨੂੰ ਕਲਾਵੇ ਵਿੱਚ ਲੈ ਕੇ ਅਸੀਂ ਧਾਹੀਂ ਰੋ ਪਏ। ਗਲੀ ਗੁਆਂਢ ਦੇ ਬਜ਼ੁਰਗ ਵੀ ਆ ਕੇ ਬੈਠ ਰਹੇ ਸਨ। ਸਾਡੇ ਵੱਲ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਗਈਆਂ। ਉਨ੍ਹਾਂ ਨੇ ਸਾਨੂੰ ਦਿਲਾਸਾ ਦਿੰਦਿਆਂ ਕਿਹਾ, ‘ਬਸ ਬਸ! ਏਦਾਂ ਨਾ ਕਰੋ!! ਬੇਟੇ ਨੂੰ ਖ਼ੁਸ਼ੀ-ਖ਼ੁਸ਼ੀ ਰੁਖ਼ਸਤ ਕਰੋ। ਜਿਗਰ ਦੇ ਜਾਇਆਂ ਨੂੰ, ਅੱਖੀਆਂ ਤੋਂ ਦੂਰ ਕਰਨਾ, ਹੈ ਤਾਂ ਬੜਾ ਔਖਾ, ਪਰ ਕੀਤਾ ਕੀ ਜਾਏ, ਦਿਲਾਂ ਉੱਪਰ ਰੱਖਣੇ ਪੈਂਦੇ ਪੱਥਰ। ਦੇਖੋ ਦੇਖੀ, ਦਿਲ ਮਜ਼ਬੂਤ ਕਰਨੇ ਪੈਂਦੈ। ਇਹ ਤਾਂ ਭਲਾ ਹੋਵੇ ਸੈਲ ਫੋਨ ਵਾਲਿਆਂ ਦਾ, ਜਿਨ੍ਹਾਂ ਨੇ ਇਹਦੀ ਖੋਜ ਕੀਤੀ। ਕੰਮ-ਸੇ-ਕੰਮ ਆਪਣਿਆਂ ਦੇ ਚਿਹਰੇ ਦੇਖਣ ਨੂੰ ਤਾਂ ਮਿਲ ਜ਼ਾਂਦੇ। ਆਹਮੋ ਸਾਮ੍ਹਣੇ ਗੱਲਾਂ ਬਾਤਾਂ ਹੋ ਜਾਦੀਆਂ। ਰਾਜ਼ੀ ਖੁਸ਼ੀ ਦਾ ਪਤਾ ਚੱਲਦਾ ਰਹਿੰਦਾ। ਸਭ ਦੀ ਖੈਰੀਅਤ ਸੁਣ ਕੇ ਮਨ ਸੰਤੁਸ਼ਟ ਹੋ ਜਾਂਦਾ।’

ਦਿਲ ਕਰਦਾ ਸੀ ਕਿ ਪੁੱਤਰ ਨੂੰ ਕਹਾਂ ਕਿ ਉਹ ਥੋੜ੍ਹਾ ਜਿਹਾ ਹੋਰ ਰੁਕ ਲਵੇ। ਭਾਵੇਂ ਚੰਦ ਮਿੰਟਾਂ ਵਾਸਤੇ ਹੀ ਸਹੀ। ਉਹਨੂੰ ਤੋਰਨ ਨੂੰ ਜੀ ਨਹੀਂ ਸੀ ਕਰ ਰਿਹਾ। ਪਰ ਸਮਾਂ, ਅਜਿਹਾ ਕਰਨ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਡਰਾਇਵਰ, ਵਾਰ-ਵਾਰ, ਜਲਦੀ ਚੱਲਣ ਵਾਸਤੇ ਮਜਬੂਰ ਕਰ ਰਿਹਾ ਸੀ। ਉਹ ਕਹਿ ਰਿਹਾ ਸੀ ਕਿ ਚਾਰ ਪੰਜ ਘੰਟੇ ਪਹਿਲਾਂ ਚੱਲਣ ਵਿੱਚ ਬਿਹਤਰੀ ਹੈ। ਰਸਤਿਆਂ ਵਿੱਚ ਲੱਗੇ ਜਾਮ, ਸਮੇਂ ਦੀ ਬਹੁਤ ਬਰਬਾਦੀ ਕਰਦੇ ਹਨ।

ਪੁੱਤਰ ਨੇ ਗੱਡੀ ਵਿੱਚ ਬੈਠਣ ਸਮੇਂ, ਚਾਰੇ ਪਾਸੇ ਨਿਗਾਹ ਮਾਰੀ। ਫਿਰ ਉਹਨੇ ਆਪਣੇ ਘਰ ਨੂੰ, ਬੜੀ ਹੀ ਰੀਝ ਨਾਲ ਦੇਖਿਆ। ਇੰਝ ਲਗਦਾ ਸੀ ਕਿ ਜਿਵੇਂ ਉਹ, ਮਨ-ਹੀ ਮਨ, ਸੋਚ ਰਿਹਾ ਹੋਵੇ ਕਿ ਨਾ ਜਾਣੇ ਫਿਰ ਕਦੋਂ, ਆਪਣੇ ਇਸ ਘਰ ਆਉਣਾ ਨਸੀਬ ਹੋਵੇ? ਡਰਾਇਵਰ ਨੇ ਸੀਟ ’ਤੇ ਬੈਠਦਿਆਂ ਸਾਰ, ਸੀਟ ਬੈਲਟ ਲਗਾਈ। ਸਟੇਰਿੰਗ ਨੂੰ ਹੱਥ ਪਾਇਆ ਤੇ ਹੌਲੀ ਜਿਹੇ ਗੱਡੀ ਤੋਰ ਲਈ। ਬੇਟੇ ਨੇ ਇੱਕ ਵਾਰ ਫਿਰ, ਘਰ ਵੱਲ ਪੰਛੀ ਝਾਤ ਜਿਹੀ ਮਾਰੀ। ਫਿਰ ਦੋਨੋਂ ਹੱਥ ਜੋੜ ਕੇ, ਆਪਣੇ ਇਸ਼ਟ ਨੂੰ ਯਾਦ ਕੀਤਾ ਤੇ ਸਿੱਧਾ ਹੋ ਕੇ ਬੈਠ ਗਿਆ।

ਹੁਣ ਤੱਕ ਗੱਡੀ, ਚੋਖਾ ਸਫ਼ਰ ਤਹਿ ਕਰ ਚੁੱਕੀ ਸੀ। ਜਿਵੇਂ-ਜਿਵੇਂ ਗੱਡੀ ਦਿੱਲੀ ਵੱਲ ਵਧਦੀ ਜਾ ਰਹੀ ਸੀ, ਪੁੱਤਰ ਸਾਡੇ ਕੋਲੋਂ ਦੂਰ ਹੁੰਦਾ ਜਾ ਰਿਹਾ ਸੀ। ਸਾਡੇ ਸਭਨਾਂ ਦੇ ਮਨਾਂ ਵਿੱਚ, ਕੁਝ ਨਾ ਕੁਝ ਚੱਲ ਰਿਹਾ ਸੀ। ਗੱਡੀ ਅੰਦਰ ਇਕਦਮ ਸੰਨਾਟਾ ਸੀ। ਬੇਟੇ ਦੇ ਵਿਦੇਸ਼ ਜਾਣ ਦੇ ਹੁਲਾਸ ਤੇ ਖ਼ੁਸ਼ੀ ਵਿਚ ਵਿਛੋੜੇ ਦਾ ਮਿਲਗੋਭਾ ਜਿਹਾ ਵੀ ਸੀ।

ਮੇਰੀ ਸੋਚ ਕਰੀਬ ਪੰਜ ਛੇ ਦਹਾਕਿਆਂ ਪਹਿਲਾਂ ਬਾਰੇ ਸੋਚਣ ਲਈ ਮਜਬੂਰ ਹੋ ਗਈ। ਉਹ ਵੀ ਸਮਾਂ ਸੀ, ਜਦੋਂ ਇੱਕ ਸ਼ਾਦੀ ਸ਼ੁਦਾ ਦੇ, ਪੰਜ ਛੇ ਬੱਚੇ, ਆਮ ਹੀ ਹੁੰਦੇ ਸਨ। ਉਦੋਂ ਘਰ ਦੇ ਇੱਕ ਮੈਂਬਰ ਦੀ ਕਮਾਈ ਨਾਲ, ਪੂਰਾ ਘਰ ਚੱਲਦਾ ਸੀ। ਹੁਣ ਸਾਰੇ ਦੇ ਸਾਰੇ ਮੈਂਬਰ, ਕਮਾਉਂਦੇ ਨੇ, ਫਿਰ ਵੀ, ਬਰਾਬਰ ਗੁਜ਼ਾਰਾ ਨਹੀਂ ਹੁੰਦਾ। ਮਸ਼ੀਨੀ ਯੁੱਗ ਆਉਣ ਨਾਲ, ਖ਼ਰਚਿਆਂ ਵਿੱਚ ਵਾਧਾ ਹੋਇਆ। ਤੇ ਬੇਰੋਜ਼ਗਾਰੀ ਵਧੀ। ਇਸ ਦੇ ਜ਼ਿੰਮੇਵਾਰ ਵੀ, ਅਸੀਂ ਖ਼ੁਦ ਆਪ ਹੀ ਹਾਂ। ਵੈਸਟਰਨ ਦੀ ਤੜਕ-ਭੜਕ ਨੇ ਸਾਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਹੈ। ਅਸੀ, ਉੱਥੇਂ ਪਹੁੰਚਣ ਵਾਸਤੇ, ਸਿੱਧੇ ਜਾਂ ਅਸਿੱਧੇ ਤੌਰ ’ਤੇ, ਉਡਾਰੀ ਮਾਰਨ ਵਾਸਤੇ ਤੱਤਪਰ ਰਹਿੰਦੇ ਹਾਂ।

ਮਹਿੰਗੀਆ ਤੋਂ ਮਹਿੰਗੀਆ ਗੱਡੀਆਂ, ਆਲੀਸ਼ਾਨ ਕੋਠੀਆਂ ਤੇ ਇਨ੍ਹਾਂ ਕੋਠੀਆਂ ਵਿੱਚ, ਮਹਿੰਗੇ ਤੋਂ ਮਹਿੰਗਾ ਫਰਨੀਚਰ, ਕੂਲਰ ਪੱਖੇ, ਏ.ਸੀ.; ਕੀਮਤੀ ਤੋਂ ਕੀਮਤੀ ਪਹਿਰਾਵਾ, ਪੰਜਾਬੀਆਂ ਦੇ ਸ਼ੌਕ ਵਿੱਚ ਸ਼ਾਮਿਲ ਹੁੰਦੇ ਚਲੇ ਗਏ। ਅਜਿਹੇ ਸ਼ੌਂਕਾਂ ਨੇ, ਘਰਾਂ ਦੇ ਬਜਟ ਨੂੰ ਢਾਅ ਮਾਰੀ ਤੇ ਕਰਜ਼ੇ ਜਿਹੀਆਂ ਨੌਬਤਾਂ ਨਾਲ ਵਾਹ ਵਾਸਤਾ ਪੈਣਾ ਸ਼ੁਰੂ ਹੋ ਗਿਆ। ਕਰਜ਼ਾ ਦੇਣ ਵਾਲਿਆਂ ਦੀ ਚਾਂਦੀ, ਤੇ ਕਰਜ਼ਾ ਲੈਣ ਵਾਲਿਆਂ ਦੇ ਦਿਨਾਂ ਦਾ ਚੈਨ ਤੇ ਰਾਤਾਂ ਦੀਆਂ ਨੀਂਦ ਹਰਾਮ ਹੋ ਗਈ।

ਅਜੋਕੀਆਂ ਔਲਾਦਾਂ ਦੀ ਮਨਮਰਜ਼ੀ ਵਧੀ, ਤੇ ਬਜ਼ੁਰਗਾਂ ਦਾ ਸਤਿਕਾਰ ਘਟਿਆ। ਜਿੰਨੇ ਘਰ ਦੇ ਜੀ, ਉਂਨੇ ਹੀ ਕਮਰੇ। ਸਭ ਦੇ ਹੱਥਾਂ ਵਿੱਚ, ਮਹਿੰਗੇ ਤੋਂ ਮਹਿੰਗੇ ਮੋਬਾਇਲ। ਸਭ ਦੀ ਆਪੋ ਆਪਣੀ ਪ੍ਰਾਈਵੇਸੀ। ਅਜਿਹੇ ਵਿੱਚ ਕੁੱਲ ਮਿਲਾ ਕੇ ਕਮਾਈ ਬੌਣੀ ਪੈ ਗਈ ਤੇ ਵਿਦੇਸ਼ਾਂ ਵੱਲ ਦੌੜਨ ਲਈ ਮਜਬੂਰ ਹੋਣਾ ਪੈ ਗਿਆ।

ਕਹਾਣੀ ਇੱਥੇ ਹੀ ਖ਼ਤਮ ਨਹੀਂ ਹੋਈ। ਜਦ ਤੋਂ ਦੂਜੇ ਸੂਬਿਆਂ ਤੋਂ ਪੰਜਾਬ ਵੱਲ ਪਰਵਾਸ ਹੋਣਾ ਸ਼ੁਰੂ ਹੋਇਆ, ਪੰਜਾਬੀਆਂ ਦੀ ਬੇਕਦਰੀ ਹੁੰਦੀ ਗਈ। ਪੰਜਾਬ ਆਉਣ ਵਾਲਿਆਂ ਨੇ, ਪੰਜਾਬੀਆਂ ਦੇ ਮੁਕਾਬਲਤਨ ਘੱਟ ਰੇਟਾਂ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀ ਖ਼ੁਸ਼ ਸਨ ਕਿ ਸਾਨੂੰ, ਘੱਟ ਰੇਟ ’ਤੇ ਕੰਮ ਕਰਨ ਵਾਲੇ ਮਿਲਣ ਲੱਗ ਪਏ ਹਨ। ਪਰ ਇਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਘੱਟ ਰੇਟ ਵਾਲੀ ਨੀਤੀ, ਸਾਡੇ ਵਾਸਤੇ ਕਿੰਨੀ ਘਾਤਕ ਸਾਬਤ ਹੋਵੇਗੀ? ਇੱਥੋਂ ਤਾਈਂ ਕਿ ਇਨ੍ਹਾਂ ਨੇ ਸਰਕਾਰੀ ਅਤੇ ਗ਼ੈਰ ਸਰਕਾਰੀ ਕੰਮਾਂ ਵਿੱਚ ਵੀ ਪ੍ਰਵੇਸ਼ ਸ਼ੁਰੂ ਕਰ ਦਿੱਤਾ। ਖਾਸ ਕਰਕੇ ਫੈਕਟਰੀਆਂ ਵਿੱਚ, ਇਨ੍ਹਾਂ ਦੀ ਗਿਣਤੀ, ਦਿਨ ਦੁੱਗਣੀ, ਰਾਤ ਚੌਗਣੀ ਵਧਦੀ ਗਈ।

ਪੰਜਾਬ ਆਪਣੇ ਆਪ ਵਿੱਚ ਸੰਪੰਨ ਸਟੇਟ ਹੈ। ਸੰਪੰਨਤਾ ਪੰਜਾਬੀਆਂ ਨੂੰ ਵਿਰਾਸਤ ਵਿਚ ਮਿਲੀ ਹੈ। ਤੇ ਅਮੀਰੀ ਆਦਮੀ ਨੂੰ ਆਲਸੀ, ਕੰਮ ਚੋਰ, ਨਿਕੰਮਾ ਅਤੇ ਨਸ਼ੇੜੀ ਬਣਾਉਂਦੀ ਹੈ। ਜਦੋਂ ਕਿ ਗਰੀਬੀ ਮਨੁੱਖ ਨੂੰ ਉੱਦਮੀ, ਮਿਹਨਤੀ ਅਤੇ ਕਮਾਊ ਬਣਾਉਂਦੀਹੈ। ਇਹ ਪਰਵਾਸੀ ਲੋਕ ਜ਼ਿਆਦਾ ਹਠੀ, ਸਿਰੜੀ ਅਤੇ ਖ਼ੂਨ ਪਸੀਨਾ ਇਕ ਕਰਨ ਵਾਲੇ ਮਿਹਨਤੀ ਸਾਬਿਤ ਹੋਏ। ਹਰ ਛੋਟਾ ਵੱਡਾ ਕਾਰੋਬਾਰ ਇਨ੍ਹਾਂ ਦੇ ਹੱਥਾਂ ’ਚ ਆ ਗਿਆ ਤੇ ਪੰਜਾਬੀ ਬੇਰੁਜ਼ਗਾਰ ਹੁੰਦੇ ਗਏ। ਵੈਸੇ ਵੀ ਫੈਕਟਰੀਆਂ ਵਿਚਲੇ ਠੇਕੇਦਾਰੀ ਅਤੇ ਐੱਚ.ਆਰ.ਸਿਸਟਮ ਤਹਿਤ ਵਰਕਰ ਕਲਾਸ ਤੋਂ ਲੈ ਕੇ ਉੱਚ ਅਹੁਦੀਏ ਅਫਸਰਾਂ ਤਾਈਂ, ਸਭ ਨੂੰ ਤਨਖਾਹ, ਇਸ ਕਦਰ ਨਾਪਤੋਲ ਕੇ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਵਾਸਤੇ, ਇਹ ਸੱਪ ਦੇ ਮੂੰਹ ’ਚ ਕੋਹੜ ਕਿਰਲੀ ਵਾਲੀ ਕਹਾਵਤ ਸਿੱਧ ਹੋ ਕੇ ਰਹਿ ਗਈ ਹੈ। ਨਾ ਤਾਂ ਉਹ ਨੌਕਰੀ ਕਰਨ ਜੋਗੇ ਅਤੇ ਨਾ ਹੀ ਛੱਡਣ ਜੋਗੇ। ਖਾਸ ਕਰਕੇ ਪੰਜਾਬੀ ਇਸ ਨੀਤੀ ਤੋਂ ਸੰਤੁਸ਼ਟ ਨਹੀਂ। ਇਹ ਓਨੀ ਦੇਰ ਹੀ, ਅਜਿਹੇ ਥਾਂ ਕੰਮ ਕਰਦੇ ਹਨ, ਜਿੰਨੀ ਦੇਰ ਇਨ੍ਹਾਂ ਨੂੰ ਆਪਣੀ ਤਾਲੀਮ ਅਤੇ ਇੱਛਾ ਮੂਜ਼ਮ, ਢੁੱਕਵਾਂ ਬਦਲ ਨਹੀਂ ਮਿਲ ਜਾਂਦਾ।

ਇੱਕ ਥਾਂ ਡਰਾਈਵਰ ਨੇ ਘੁੰਮਾ ਕੇ, ਜਿਉਂ ਹੀ ਗੱਡੀ ਖੜ੍ਹੀ ਕੀਤੀ, ਮੈਂ ਆਪਣੇ ਆਪ ਵਿੱਚ ਪਰਤਿਆ। ਆਸਾ ਪਾਸਾ ਦੇਖਿਆ। ਇਹ ਬਹੁਤ ਹੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਵਾਲਾ ਆਲੀਸ਼ਾਨ ਰੈਸਟੋਰੈਂਟ ਸੀ। ਹੁਣ ਤਾਈਂ ਰਾਤ ਪੈ ਚੁੱਕੀ ਸੀ। ਰੋਸ਼ਨੀਆਂ ਦੀ ਚਕਾਚੌਂਧ, ਬੜਾ ਹੀ ਮਨਮੋਹਕ ਨਜ਼ਾਰਾ ਪੇਸ਼ ਕਰ ਰਹੀ ਸੀ। ਡਰਾਈਵਰ ਨੇ ਬੈਲਟ ਖੋਲ੍ਹਦਿਆਂ ਕਿਹਾ, ਹੁਣ ਸਾਡੇ ਕੋਲ ਖੁੱਲ੍ਹਾ ਸਮਾਂ ਹੈ। ਇੱਥੇ ਚੰਗੀ ਤਰ੍ਹਾਂ ਫਰੈਸ਼ ਹੋ ਲਵੋ। ਤਸੱਲੀ ਨਾਲ ਖਾ ਪੀ ਲਵੋ। ਘੁੰਮ ਫਿਰ ਕੇ ਥਕਾਵਟ ਉਤਾਰ ਲਵੋ। ਇੱਥੋਂ ਚੱਲਣ ਤੋਂ ਬਾਅਦ, ਗੱਡੀ ਸਿੱਧੀ ਏਅਰਪੋਰਟ ਹੀ ਰੁਕੇਗੀ।

ਪੁੱਤਰ ਦੇ ਹੋਣ ਵਾਲੇ ਵਿਛੋੜੇ ਦਾ ਗਮ, ਮੇਰੇ ਅੰਦਰ ਜਿਵੇਂ ਦਾ ਤਿਵੇਂ ਸੀ। ਮੇਰਾ ਮਨ ਕੁਝ ਵੀ ਖਾਣ-ਪੀਣ ਨੂੰ ਨਹੀਂ ਸੀ ਕਰ ਰਿਹਾ। ਪਰ ਬਾਕੀ ਦੇ ਪਰਿਵਾਰਕ ਮੈਂਬਰਾਂ ਨੂੰ ਭੁੱਖਿਆਂ ਵੀ ਨਹੀਂ ਸੀ ਰੱਖਿਆ ਜਾ ਸਕਦਾ? ਇਸ ਲਈ ਮੈਂ ਸਭਨਾਂ ਦਾ ਬਰਾਬਰ ਸਾਥ ਦਿੰਦਾ ਰਿਹਾ। ਸਰਦੀ ਅਤੇ ਸਫ਼ਰ ਥਕਾਵਟ ਕਰਕੇ, ਗਰਮਾ ਗਰਮ ਚਾਹ, ਸਾਡੇ ਜਿਸਮਾਂ ਅੰਦਰ, ਟਕੋਰ ਦਾ ਕੰਮ ਕਰ ਰਹੀ ਸੀ।

ਪੁੱਤਰ ਮੇਰੇ ਖੱਬੇ ਪਾਸੇ ਵਾਲੀ ਕੁਰਸੀ ਉੱਪਰ ਬੈਠਾ ਸੀ। ਉਹਦੇ ਚਿਹਰੇ ’ਤੇ ਅੰਤਾਂ ਦੀ ਉਦਾਸੀ ਸੀ। ਉਸਨੇ ਹੌਲੀ ਜਿਹੇ ਕਿਹਾ, ਡੈਡੀ ਜੀ, ਤੁਸੀਂ ਫਿਕਰ ਨਹੀਂ ਕਰਨਾ। ਮੈਂ ਕਿਹੜਾ, ਖ਼ੁਸ਼ੀ ਨਾਲ ਤੁਹਾਡੇ ਕੋਲੋਂ ਦੂਰ ਜਾ ਰਿਹਾ ਹਾਂ। ਤੁਸੀਂ ਇਹਨੂੰ ਮੇਰੀ ਮਜਬੂਰੀ ਸਮਝੋ। ਤੁਸੀਂ ਆਪਣੀ ਜ਼ਿੰਦਗੀ ਭਰ ਦੀ ਕਮਾਈ ਸਾਡੀ ਪਰਵਰਿਸ਼ ਅਤੇ ਪੜ੍ਹਾਈ ਲੇਖੇ ਲਗਾ ਦਿੱਤੀ। ਹੁਣ ਤੁਸੀ ਹੋਰ ਕਿੰਨੀ ਕੁ ਜਾਨ ਮਾਰਦੇ ਰਹੋਗੇ? ਹੁਣ ਤੁਹਾਡੀ ਉਮਰ, ਜੋਖਮ ਉਠਾਉਣ ਦੀ ਨਹੀਂ ਬਲਕਿ ਆਰਾਮ ਕਰਨ ਦੀ ਹੈ। ਮੈਂ ਪਹੁੰਚਦਿਆਂ ਸਾਰ ਕੰਮ ਦੀ ਭਾਲ ਕਰ ਲਵਾਂਗਾ। ਉੱਥੇ ਮੇਰਾ ਕਾਫੀ ਫਰੈਂਡ ਸਰਕਲ ਹੈ। ਕੰਮ ਲੱਭਣ ’ਚ ਕੋਈ ਜ਼ਿਆਦਾ ਦਿੱਕਤ ਨਹੀਂ ਆਵੇਗੀ। ਮੈ ਦਿਨ ਰਾਤ ਮਿਹਨਤ ਕਰਕੇ ਖੁੱਲ੍ਹਾ ਪੈਸਾ ਭੇਜਦਾ ਰਹਾਂਗਾ। ਤੁਸੀ ਤੰਗੀ ਨਹੀਂ ਕੱਟਣੀ। ਭੈਣ ਦਾ ਵਿਆਹ, ਘਰ ਦਾ ਸੁਧਾਰ ਅਤੇ ਕਰਜ਼ਿਆਂ ਦੇ ਨਿਬੇੜਣ ਦਾ ਰੱਤੀ ਭਰ ਵੀ ਫ਼ਿਕਰ ਨਹੀ ਕਰਨਾ।’ ਪੁੱਤਰ ਦੀ ਜ਼ੁਬਾਨੋਂ ਅਜਿਹਾ ਸੁਣ ਕੇ, ਮੇਰਾ ਮਨ ਭਰ ਆਇਆ ਤੇ ਅੱਖਾਂ ਛਲਕ ਪਈਆਂ। ਮੈਂ ਉਸ ਨੂੰ ਘੁੱਟ ਕੇ, ਮੋਢੇ ਨਾਲ ਲਗਾ ਕੇ ਮਹਿਸੂਸਿਆ, ਕਿ ਪੁੱਤਰ ਦੇ ਮਨ ’ਚ ਕਿੰਨਾ ਫ਼ਿਕਰ ਹੈ। ਤਦੇ ਕਿਹਾ ਜਾਂਦਾ ਹੈ ਕਿ ਹੋਣਹਾਰ ਪੁੱਤਰਾਂ ਨਾਲ ਬਹਾਰਾਂ, ਤੇ ਧੀਆਂ ਨਾਲ ਧਿਰਾਂ ਹੁੰਦੀਆਂ ਨੇ, ਕੁੱਲ ਮਿਲਾ ਕੇ, ਇਹ ਮਾਪਿਆਂ ਦੀਆਂ ਸੁਖਾਂ ਲੋੜਦੇ ਨੇ।

ਅਸੀਂ, ਖਾ ਪੀ ਕੇ ਫਾਰਗ ਹੋ ਚੁੱਕੇ ਸਾਂ। ਹੁਣ ਸਾਨੂੰ ਡਰਾਇਵਰ ਦਾ ਹੀ ਇੰਤਜ਼ਾਰ ਸੀ। ਉਹ ਤਰੋਤਾਜ਼ਾ ਹੋ ਕੇ ਆਇਆ ਤਾਂ ਉਸ ਨੇ ਦੂਰੋਂ ਹੀ ਗੱਡੀ ਦੇ ਲੌਕ ਓਪਨ ਕਰ ਕੇ ਸਾਨੂੰ ਅੰਦਰ ਬੈਠਣ ਦਾ ਇਸ਼ਾਰਾ ਕੀਤਾ। ਉਹਨੇ ਆਦਤਨ ਸਾਡੇ ਵੱਲ ਧਿਆਨ ਮਾਰਿਆ, ਤੇ ਗੱਡੀ ਤੋਰ ਲਈ।

ਮੈਂ ਡਰਾਇਵਰ ਨੂੰ ਆਪਣੀ ਚਿੰਤਾ ਦੱਸੀ, ਰਾਤ ਦੇ ਬਾਰਾਂ ਵੱਜ ਚੁੱਕੇ ਹਨ। ਚਾਰ ਵਜੇ ਦੀ ਐਂਟਰੀ ਹੈ। ਕੀ ਅਸੀਂ....? ਉਹਨੇ ਅੱਗਿਉਂ ਮੋੜਵਾਂ ਉਤਰ ਦਿੰਦਿਆ ਕਿਹਾ, ਤੁਸੀ ਫ਼ਿਕਰ ਨਾ ਕਰੋ। ਸਾਡਾ ਰੋਜ਼ ਦਾ ਕੰਮ ਹੈ। ਉੱਥੇ ਸਮੇਂ ਤੋਂ ਪਹਿਲਾਂ ਪਹੁੰਚਣਾ ਘਾਟੇ ਦਾ ਸੌਦਾ ਹੈ। ਟੈਕਸੀ ਸਟੈਂਡ ਦਾ ਕਿਰਾਇਆ ਬਹੁਤ ਪੈਂਦਾ।

ਦਿੱਲੀ ਨੂੰ ਜਾਣ ਵਾਲੀ ਫੋਰ ਲੇਨ ਸੜਕ ਉਪਰ ਗੱਡੀ ਤੇ ਗੱਡੀ ਚੜ੍ਹੀ ਪਈ ਸੀ। ਆਉਂਣ ਜਾਣ ਵਾਲੀਆਂ ਗੱਡੀਆਂ ਦੀਆਂ ਲਾਇਟਾਂ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਇਸ ਘੁੱਪ ਹਨੇਰੀ ਰਾਤ ਵਿੱਚ ਦੂਰ-ਦੂਰ ਤੱਕ ਆਸ ਪਾਸ ਦੇ ਪਿੰਡਾਂ ਅਤੇ ਕਸਬਿਆਂ ਦੀਆਂ ਰੋਸ਼ਨੀਆਂ ਤਾਰਿਆਂ ਭਰੇ ਆਸਮਾਨ ਜਿਹੀਆਂ ਲੱਗ ਰਹੀਆਂ ਸਨ। ਇੰਝ ਲੱਗ ਰਿਹਾ ਸੀ ਜਿਵੇਂ ਤਾਰਿਆਂ ਭਰਿਆ ਬ੍ਰਹਿਮੰਡ, ਆਕਾਸ਼ ਗੰਗਾ ਸਮੇਤ ਧਰਤੀ ਉੱਪਰ ਉਤਰ ਆਇਆ ਹੋਵੇ। ਅਜਿਹਾ ਰੂਹ ਨੂੰ ਟੁੰਬਵਾਂ ਨਜ਼ਾਰਾ ਦੇਖਦਿਆਂ-ਦੇਖਦਿਆਂ, ਕਿਹੜੇ ਵੇਲੇ ਅੱਖ ਲੱਗ ਗਈ, ਪਤਾ ਈ ਨਹੀਂ ਚੱਲਿਆ।

ਜਿਉਂ ਹੀ ਸਪੀਡ ਬ੍ਰੇਕਰ ਦਾ ਹੁਲਾਰਾ ਜਿਹਾ ਖਾ ਕੇ ਗੱਡੀ ਰੁਕੀ, ਸਾਡੀ ਜਾਗ ਖੁੱਲ੍ਹ ਗਈ ਡਰਾਇਵਰ ਨੇ ਸਾਨੂੰ ਸੁਚੇਤ ਕਰਦਿਆਂ ਕਿਹਾ, ਜਾਗੋ! ਜਾਗੋ!! ਏਅਰਪੋਰਟ ਆ ਗਿਆ।

ਪੁੱਤਰ ਹੁਣ ਚੰਦ ਕੁ ਮਿੰਟਾਂ ਵਾਸਤੇ ਸਾਡੇ ਦਰਮਿਆਨ ਖੜ੍ਹਾ ਸੀ। ਉਹਦੀ ਹੋਣ ਵਾਲੀ ਜੁਦਾਈ ਦਾ ਖਿਆਲ, ਮਨ ਵਿੱਚ ਆਉਂਦਿਆਂ ਸਾਰ ਅਸੀਂ ਬਹੁਤ ਹੀ ਜ਼ਿਆਦਾ ਭਾਵੁਕ ਹੋ ਗਏ, ਤੇ ਉਹਨੂੰ ਆਪਣੀਆਂ ਬਾਹਵਾਂ ਵਿੱਚ ਲੈ ਲਿਆ। ਉਹ ਵੀ ਘੁੱਟਕੇ ਸਾਡੇ ਨਾਲ ਲਿਪਟ ਗਿਆ। ਇਸ ਮੌਕੇ ਸਾਡੀਆਂ ਅੱਖੀਆਂ ਵਿੱਚੋਂ ਹੰਝੂਆਂ ਦਾ ਸੈਲਾਬ ਉਮੰਡ ਤੁਰਿਆ। ਸਾਡੇ ਵੱਲ ਦੇਖ ਕੇ ਡਰਾਇਵਰ ਵੀ ਭਾਵੁਕ ਹੋ ਗਿਆ। ਉਸ ਨੇ ਭਰੇ ਮਨ ਨਾਲ ਕਿਹਾ ਦੇਖੋ! ਏਦਾਂ ਨਾ ਕਰੋ!! ਜੁਆਨ ਨੂੰ ਖ਼ੁਸ਼ੀ-ਖ਼ੁਸ਼ੀ ਰੁਖ਼ਸਤ ਕਰੋ। ਤੁਸੀਂ ਕਿਸਮਤ ਵਾਲੇ ਓ। ਰੱਬ ਦਾ ਧੰਨਵਾਦ ਕਰੋ। ਕਿੰਨੇ-ਕਿੰਨੇ ਪਾਪੜ ਵੇਲਣ ਤੋਂ ਬਾਅਦ, ਅਜਿਹਾ ਮੌਕਾ ਮਿਲਦਾ। ਏਨਾ ਕਹਿੰਦਿਆਂ ਉਹਨੇ ਮੇਰੇ ਬੇਟੇ ਨੂੰ, ਸਾਡੀਆਂ ਬਾਹਵਾਂ ਵਿੱਚੋਂ ਅਲੱਗ ਕਰ ਕੇ, ਬੜੇ ਹੀ ਪਿਆਰ ਨਾਲ, ਉਹਦੀ ਪਿੱਠ ਥਪਥਪਾਉਂਦਿਆਂ, ਐਂਟਰੀ ਵਾਲੀ ਲਾਇਨ ਵਿੱਚ ਖੜ੍ਹਾ ਕਰ ਦਿੱਤਾ।

ਆਪਣੀ ਵਾਰੀ ਆਉਣ ਤਾਈਂ ਬੇਟਾ ਮੁੜ-ਮੁੜ ਸਾਡੇ ਵੱਲ ਦੇਖੀ ਜਾ ਰਿਹਾ ਸੀ। ਐਂਟਰੀ ਡੋਰ ਵਿਚਲੀ ਪਾਸਿੰਗ ਹੋਣ ਉਪਰੰਤ ਉਹਨੇ ਪਲ ਭਰ ਲਈ ਰੁਕ ਕੇ, ਸਾਡੇ ਵੱਲ ਦੇਖਿਆ। ਵਿਛੋੜੇ ਦਾ ਗ਼ਮ ਉਹਦੇ ਚਿਹਰੇ ਉੱਪਰ ਸਪਸ਼ਟ ਝਲਕਦਾ ਪਿਆ ਸੀ। ਅਖੀਰ ਉਹ ਸਫ਼ੈਦ ਰੁਮਾਲ ਨਾਲ, ਆਪਣੇ ਹੰਝੂ ਪੂੰਝਦਾ ਹੋਇਆ ਬਾਏ-ਬਾਏ ਕਰਕੇ ਸਾਡੀਆਂ ਨਜ਼ਰਾਂ ’ਚੋਂ ਓਝਲ ਹੋ ਗਿਆ।

# ਮੇਰੀ ਕਲਮ

## ਅਧੂਰੀ ਤਸਵੀਰ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308






ਜਦੋਂ ਕੈਨਵਸ ਦੇ ਪਿੰਡੇ ਉੱਤੇ,
ਉਸ ਦੀ ਤਸਵੀਰ ਬਣਾਉਂਦਾ ਹਾਂ,
ਨਕਸ਼ ਉਸ ਦੇ ਉਘਾੜਨ ਦੀ,
ਕੋਈ ਤਰਕੀਬ ਲਗਾਉਂਦਾ ਹਾਂ।
ਤਾਂ ਹੱਥ ਉਹ ਮੇਰਾ ਫੜ ਕੇ,
ਮੈਨੂੰ ਝੱਟ ਰੋਕ ਦੇਂਦੀ ਹੈ,
ਮੇਰੇ ਬੋਲਣ ਤੋਂ ਪਹਿਲਾਂ ਹੀ,
ਉਹ ਮੈਨੂੰ ਟੋਕ ਦੇਂਦੀ ਹੈ।
ਉਹ ਆਪਣੀਆਂ ਰੇਸ਼ਮੀ ਉਂਗਲਾਂ,
ਮੇਰੇ ਬੁੱਲ੍ਹਾਂ 'ਤੇ ਹੈ ਧਰਦੀ,
ਬੱਸ ਚੁੱਪ ਹੀ ਰਹਿਣ ਦੀ,
ਮੈਨੂੰ ਸਦਾ ਤਾਕੀਦ ਹੈ ਕਰਦੀ।
ਇਹ ਇੱਕ ਅਜੀਬ ਹਾਦਸਾ,
ਮੇਰੇ ਸੰਗ ਰੋਜ਼ ਹੁੰਦਾ ਹੈ,
ਜਿਸ ਦੇ ਹੋਵਣ ਦਾ ਮੈਨੂੰ,
ਡਾਹਢਾ ਅਫਸੋਸ ਹੁੰਦਾ ਹੈ।
ਨਾ ਕੁੱਝ ਕਹਿਣ ਦੀ ਹਿੰਮਤ,
ਨਾ ਕੁੱਝ ਕਰਨ ਦਾ ਹੀਆ,
ਕਿੰਝ ਖੋਲ੍ਹਾਂ ਮੈਂ ਉਹਦੇ ਸਾਹਮਣੇ,
ਸੰਜੀਦਾ ਧੜਕਦਾ ਜੀਆ।
ਉਸ ਦੀ ਸਹਿਮਤੀ ਬਾਝੋਂ,
ਇਹ ਤਸਵੀਰ ਅਧੂਰੀ ਹੈ,
'ਤੇ ਸਹਿਮਤੀ ਦੇ ਵਾਸਤੇ,
ਉਸਦੀ 'ਹਾਂ' ਵੀ ਜ਼ਰੂਰੀ ਹੈ।
ਇਸ 'ਹਾਂ' ਦੀ ਉਡੀਕ ਵਿੱਚ,
ਮੈਂ ਪਲ ਪਲ ਮੁੱਕਦਾ ਜਾਂਦਾ ਹਾਂ,
ਮਾਰੂਥਲੇ ਤਰਵਰ ਦੇ ਵਾਂਗੂੰ,
ਨਿੱਤ ਦਿਨ ਸੁੱਕਦਾ ਜਾਂਦਾ ਹਾਂ।
ਡਰਦਾਂ ਕਿਤੇ ਮੇਰੀ ਇਹ ਖ਼ਾਹਿਸ਼,
ਅਧੂਰੀ ਹੀ ਨਾ ਰਹਿ ਜਾਵੇ,
ਫ਼ਰਜ਼ ਤੋਂ ਸੁਰਖ਼ਰੂ ਹੋਣਾ,
ਸੁਪਨਿਆਂ ਵਿੱਚ ਨਾ ਵਹਿ ਜਾਵੇ।
ਅਧੂਰੀ ਤਸਵੀਰ ਹੈ ਜਾਂ ਮੇਰੀ,
ਇਹ ਜੀਵਨ ਦੀ ਤੰਦੀ ਹੈ,
ਕਿ ਹੈ ਇਹ ਰੇਤ ਦੀ ਕੰਧੀ,
'ਤੇ ਜਾਂ ਢਲਦੀ ਬੁਲੰਦੀ ਹੈ?

## .ਗ਼ਜ਼ਲ

ਡਾ. ਹਰਨੇਕ ਸਿੰਘ ਕਲੇਰ



ਦਿਲ ਦਾ ਦੱਸੋ ਭਲਾ, ਕੀ ਹਾਲ ਤੁਹਾਡਾ।
ਕਿੱਥੇ ਹੈ ਮਹਿਰਮ, ਸੀ ਨਾਲ ਤੁਹਾਡਾ।
ਗ਼ਜ਼ਲ ਸੁਣਾ ਦਿਓ, ਸਾਡੀ ਮਹਿਫ਼ਲ ਜੰਮੇ,
ਸ਼ਬਦਾਂ ਵਿੱਚ ਦੇਖਿਆ, ਕਮਾਲ ਤੁਹਾਡਾ।
ਜਾਪੇ ਨੱਚਦਾ ਮੋਰ, ਮਨ ਕਲਹਿਰੀ,
ਬਾਤਾਂ ਪਾਉਂਦਾ ਅੱਜ, ਰੁਮਾਲ ਤੁਹਾਡਾ।
ਅਚਾਨਕ ਮਿਲਗੇ, ਰੰਗ ਬਣਾ ਦੇਵੇਂ,
ਬੰਦਾ ਸਦਾ ਰਹੂਗਾ, ਦਵਾਲ ਤੁਹਾਡਾ।
ਇੱਥੇ, ਉੱਥੇ ਹਰ ਥਾਂ, ਚਰਚੇ ਹੁੰਦੇ,
ਬੰਨੇ ਚੰਨੇ ਸਾਰੇ, ਜਮਾਲ ਤੁਹਾਡਾ।
ਔਖੇ ਹੋਣਾ ਹੱਲ ਜਾਂ, ਫਿਰ ਨਾ ਹੋਣਾ,
ਨੈਣਾਂ 'ਚੋਂ ਪੜ੍ਹਿਆ, ਸਵਾਲ ਤੁਹਾਡਾ।

## ਨਾ ਆਕੜ ਆਕੜ...

ਜਸਵੀਰ ਸਿੰਘ ਭਲੂਰੀਆ
ਸਰੀ, ਕੈਨੇਡਾ



ਨਾ ਆਕੜ ਆਕੜ ਤੁਰਿਆ ਕਰ,
ਇੱਕ ਦਿਨ ਆਕੜ ਜਾਣਾ ਤੂੰ
ਤੇਰੀ ਏਸ ਆਕੜ ਕਰਕੇ,
ਓੜਕ ਨੂੰ ਪਛਤਾਣਾ ਤੂੰ
ਹੁਣ ਚੜ੍ਹਿਆ ਨਸ਼ਾ ਜਵਾਨੀ ਦਾ,
ਤੂੰ ਝੂੰਮ ਝੂੰਮ ਕੇ ਤੁਰਦਾ ਏਂ
ਜੇ ਕੋਈ ਸਿਆਣਾ ਮੋੜੇ ਤਾਂ ਫਿਰ,
ਮੋੜਿਆਂ ਵੀ ਨਾ ਮੁੜਦਾ ਏਂ
ਉਸ ਨੂੰ ਮੂਰਖ ਸਮਝਦਾ ਏਂ,
ਤੇ ਬਣਦੈਂ ਆਪ ਸਿਆਣਾ ਤੂੰ
ਨਾ ਆਕੜ ਆਕੜ..
ਦੂਜਾ ਨਸ਼ਾ ਹੈ ਦੌਲਤ ਦਾ,
ਜੋ ਆਉਂਦੀ ਜਾਂਦੀ ਰਹਿੰਦੀ ਏ
ਜਿਸ ਦੌਲਤ ਦਾ ਤੂੰ ਮਾਣ ਕਰੇਂ,
ਇਹ ਤੈਨੂੰ ਟਿਕਣ ਨਾ ਦਿੰਦੀ ਏ
ਸਭ ਕੁੱਝ ਏਥੇ ਛੱਡ ਜਾਣਾ,
ਨਾਲ ਨਾ ਕੁੱਝ ਲਿਜਾਣਾ ਤੂੰ
ਨਾ ਆਕੜ ਆਕੜ..
ਦਾਰੂ, ਫੀਮ, ਪੋਸਤ, ਚਿੱਟਾ,
ਕੋਈ ਨਸ਼ਾ ਨਾ ਛੱਡਦਾ ਤੂੰ
ਨਸ਼ਿਆਂ ਦੇ ਵਿੱਚ ਅੰਨਾਂ ਹੋ ਕੇ,
ਕੁਕਰਮ ਬੜੇ ਹੀ ਕਰਦਾ ਤੂੰ
ਮੋਹ-ਮਾਇਆ ਦੇ ਜਾਲ 'ਚ ਪੈ,
ਉਲਝਾਈ ਜਾਨੈਂ ਤਾਣਾ ਤੂੰ
ਨਾ ਆਕੜ ਆਕੜ..
ਭਲੂਰੀਆ ਬਾਬੇ ਨਾਨਕ ਦੱਸਿਆ,
ਉਹ ਨਸ਼ਾ ਨਾ ਕੀਤਾ ਤੂੰ
ਚੜੀ ਰਹੇ ਜੋ ਨਾਮ ਖੁਮਾਰੀ,
ਕਿਉਂ ਨਾ ਪਿਆਲਾ ਪੀਤਾ ਤੂੰ
ਪੱਕੇ ਡੇਰੇ ਲਾਈ ਬੈਠਾ,
ਜਿਵੇਂ ਨੀ ਏਥੋਂ ਜਾਣਾ ਤੂੰ
ਨਾ ਆਕੜ ਆਕੜ..

## ਬੰਦਾ ਹਰਦਾ ਏ

ਦੀਪ ਜ਼ੀਰਵੀ

ਨਿੱਤ ਜਿੱਤਣ ਦੀ ਖੇਚਲ ਕਰਦਿਆਂ ਬੰਦਾ ਨਿੱਤ ਨਿੱਤ ਹਰਦਾ ਏ
ਮੈਂ ਨਹੀਂ ਮਰਦਾ ਸੋਚਣ ਵਾਲਾ ਪਲ ਪਲ ਛਿਣ ਛਿਣ ਮਰਦਾ ਏ
ਘਟ ਘਟ ਅੰਦਰ ਵਸਣ ਵਾਲਾ ਕਦੇ ਨਾ ਤਿਲ ਪਰ ਘਟਦਾ ਏ
ਮਨ ਮਨ ਅੰਦਰ ਵਸਣ ਵਾਲਾ ਹਰ ਇੱਕ ਮਨ ਦਾ ਪਰਦਾ ਏ
ਮੈਂ ਮੈਂ ਕਰਦਿਆਂ ਕੱਟ ਕੇ ਪੁੱਠਾ ਕੋਈ ਲਮਕਦਾ ਏ
ਮੈਂ ਨਾ ਨਾਮ ਕਰਾ ਕੇ ਕੋਈ ਹਰ ਇੱਕ ਮਨ ਨੂੰ ਹਰਦਾ ਏ
ਮਨ ਚਿੱਤ ਬੇੜੀ ਕਰ ਇਕਾਗਰ ਜਿਹੜਾ ਪਾਂਧੀ ਤੁਰਦਾ ਏ
ਉਹੀ ਪਾਂਧੀ ਧਾਰਾ ਉਲਟ ਹਮੇਸ਼ਾ ਹਿੰਮਤ ਧਾਰੀ ਤਰਦਾ ਏ
ਨ੍ਹੇਰਾ ਹਨੇਰਾ ਕਰਕੇ ਅਕਸਰ ਲੋਕੀਂ ਰੌਲਾ ਪਾਉਂਦੇ ਨੇ
ਪਰ ਪੂਰੇ ਕਿਸੇ ਗੁਰੂ ਦਾ ਚੇਲਾ ਬਾਲ ਦੀਪ ਇੱਕ ਧਰਦਾ ਏ


## ਸਦਾ ਹੈ...

ਅਮਰਪ੍ਰੀਤ ਸਿੰਘ ਝੀਤਾ

ਜਦ ਵੀ ਘੋਰ ਨਿਰਾਸ਼ਾ ਛਾਏ, ਬਿਲਕੁਲ ਵੀ ਘਬਰਾਈਂ ਨਾ।
ਜਦ ਵੀ ਦਿਲ ਕੁਝ ਕਰ ਨਾ ਪਾਏ, ਐਵੀਂ ਢੇਰੀ ਢਾਹੀਂ ਨਾ।
ਮਨ ਤਾਂ ਹੈ ਪਰਬਤ ਤੋਂ ਤਗੜਾ, ਸਾਗਰ ਤੋਂ ਡੂੰਘਾ ਦਿਲ ਹੈ,
'ਮਨਿ ਜੀਤੈ ਜਗੁ ਜੀਤੁ' ਸਦਾ ਹੈ, ਯਾਦ ਰੱਖੀਂ ਭੁੱਲ ਜਾਈਂ ਨਾ।
ਸਬਰ, ਸਿਦਕ ਦੇ ਜਜ਼ਬੇ ਨਾਲੋਂ, ਸਭ ਕੁਝ ਹੀ ਬੇਅਰਥੀ ਹੈ,
ਇਨ੍ਹਾਂ ਬਾਝੋਂ ਹਉਮੈਂ, ਲਾਲਚ ਵਰਗੇ ਐਬ ਕਮਾਈਂ ਨਾ।
ਮਿਹਨਤ 'ਤੇ ਜੋ ਕਰਨ ਭਰੋਸਾ, ਮੰਜ਼ਿਲ ਨੂੰ ਉਹ ਪਾ ਲੈਂਦੇ,
ਕਿਰਤ ਕਮਾਈ ਕਰਕੇ ਖਾਈਂ, ਐਵੇਂ ਵਕਤ ਗਵਾਈਂ ਨਾ।
ਕੁਦਰਤ ਨਾਲ ਬਣਾ ਕੇ ਰੱਖਣੀ, ਇਹ ਵੀ ਰੱਬ ਦੀ ਪੂਜਾ ਹੈ,
ਮਾਨਵਤਾ ਹੈ ਧਰਮ ਨਿਰਾਲਾ, ਇਹ ਗੱਲ 'ਅਮਰ' ਭੁਲਾਈਂ ਨਾ।

## ਜ਼ਿੰਦਗੀ ਦੀ ਰੁੱਤ

ਸੀਰਾ ਗਰੇਵਾਲ ਰੌਤਾ



ਜ਼ਿੰਦਗੀ ਦੀ ਰੁੱਤ ਹੁਣ,
ਡਾਹਢੀ ਹੀ ਉਦਾਸ ਲੱਗੇ,
ਬੋਲਾਂ ਵਿੱਚ ਬੱਝੀ ਹੋਈ,
ਚੁੱਪ ਕੋਈ ਖ਼ਾਸ ਹੈ।
ਨਾਤਿਆਂ ਦੀ ਭੀੜ ਵਿੱਚੋਂ,
ਜਿਹੜਾ ਕੁਝ ਮਿਲਿਆ ਨਾ,
ਦੋਸਤਾਂ ਦੀ ਦੁਨੀਆਂ 'ਚੋਂ,
ਉਸ ਦੀ ਤਲਾਸ਼ ਹੈ।
ਇਮਤਿਹਾਨ ਜ਼ਿੰਦਗੀ ਨੇ,
ਲਏ ਕਈ ਕਈ ਵਾਰੀ,
ਨਹੀਂ ਪਤਾ ਬੰਦਾ ਅਜੇ,
ਫੇਲ੍ਹ ਹੈ ਜਾਂ ਪਾਸ ਹੈ।
ਡੰਗਦੇ ਰਹੇ ਨੇ ਉਹੀ,
ਬਣੇ ਪਰਛਾਵੇਂ ਜਿਹੜੇ,
ਖ਼ੁਦ ਉੱਤੇ ਵੀ ਨਾ ਰਿਹਾ,
ਹੁਣ ਵਿਸ਼ਵਾਸ ਹੈ।
ਕਿਸ ਅੱਗੇ ਦਿਲ ਖੋਲ੍ਹ,
ਰੱਖ ਦੇਵਾਂ ਦੋਸਤਾ ਮੈਂ,
ਆਮ ਹੀ ਨੇ ਸਾਰੇ ਇੱਥੇ,
ਕੋਈ ਵੀ ਨਾ ਖ਼ਾਸ ਹੈ!
ਮਸ਼ਹੂਰ ਹੋ ਕੇ ਜਿਓਣਾ,
ਮਜ਼ਾ ਜਾਂਦਾ ਰਿਹੈ ਸਾਰਾ,
ਗੁੰਮਨਾਮ ਹੋ ਜੀਣ ਦਾ,
ਹੋਇਆ ਅਭਿਆਸ ਹੈ।
ਟੁੱਟ ਚੁੱਕੀ ਜਿੰਦ ਤਾਈਂ,
ਦੇਵਾਂ ਕਾਹਦਾ ਆਸਰਾ ਮੈਂ,
ਆਸਰੇ ਦੇ ਉੱਤੇ ਵੀ ਨਾ,
ਰਿਹਾ ਵਿਸ਼ਵਾਸ ਹੈ।
ਤੁਰਦੇ ਹਾਂ ਜਾਂਦੇ ਰਾਹ 'ਤੇ,
ਮਿਲੇਗੀ ਮੰਜ਼ਿਲ ਵੇਖੀਂ,
ਮਾਰ ਲੈਂਦੇ ਹਾਂ ਉਡਾਰੀ,
ਖੁੱਲ੍ਹਾ ਪਿਆ ਅਕਾਸ਼ ਹੈ।
ਚਲ ਛੱਡ ਪਰ੍ਹਾਂ ਸੀਰੇ,
ਲੈ ਨਿਸ਼ਾਨਾ ਮਿੱਥ ਕੋਈ,
ਜ਼ਿੰਦਗੀ ਨੂੰ ਮਾਣ ਪੂਰਾ,
ਜ਼ਿੰਦਗੀ ਹੀ ਆਸ ਹੈ।

## ਤੇਰਾ ਪੁੰਨ ਹੋਊ

ਦਰਸ਼ਨ ਸਿੰਘ ਬਨੂੜ

ਪਾ ਰੁੱਖਾਂ ਵਿੱਚ ਪਾਣੀ ਤੇਰਾ ਪੁੰਨ ਹੋਊ।
ਸੌਖੀ ਹੋਊ ਜ਼ਿੰਦਗਾਨੀ, ਤੇਰਾ ਪੁੰਨ ਹੋਊ।
ਗਰਮੀ ਦਾ ਪ੍ਰਕੋਪ ਜੋ ਅੱਜ ਅਸੀਂ ਝੱਲ ਰਹੇ
ਕਰ ਲਓ ਹਿੰਮਤ ਥੋੜ੍ਹੀ ਬਚਿਆ ਕੱਲ੍ਹ ਰਹੇ
ਕੁਝ ਨਾਲ ਰਲਾ ਲੈ ਹਾਣੀ, ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।
ਧਰਤੀ ਬੰਜਰ ਹੁੰਦੀ ਜਾਂਦੀ ਹੈ ਕੋਸ ਰਹੀ
ਐਪਰ ਮਾਂ ਦੇ ਪੁੱਤਰਾਂ ਨੂੰ ਨਾ ਹੋਸ਼ ਰਹੀ
ਕਰੀ ਜਾਵਣ ਮਨਮਾਨੀ, ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।
ਰੁੱਖਾਂ ਨਾਲ ਹੀ ਧਰਤੀ ਸੁਹਣੀ ਲੱਗਦੀ ਹੈ
ਹਰਿਆਲੀ ਖੁਸ਼ਹਾਲੀ ਰੌਣਕ ਜੱਗ ਦੀ ਹੈ
ਨਹੀਂ ਤਾਂ ਖ਼ਤਮ ਕਹਾਣੀ, ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।
ਅੱਗਾਂ ਲਾ ਲਾ ਰੁੱਖਾਂ ਨੂੰ ਨੇ ਸਾੜ ਰਹੇ
ਮਤਲਬਖੋਰੇ ਵੱਢ ਵੱਢ ਰੁੱਖ ਉਜਾੜ ਰਹੇ
ਇਹ ਕਰ ਕੀ ਰਿਹਾ ਪ੍ਰਾਣੀ, ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।
ਜੇ ਰੁੱਖ ਨਾ ਰਹੇ ਪਰਿੰਦੇ ਸਾਰੇ ਮੁੱਕ ਜਾਣੇ
ਚਿੜੀਆਂ, ਤੋਤੇ, ਮੋਰ ਕਿਤੇ ਜਾ ਲੁਕ ਜਾਣੇ
ਮੈਂ ਤਾਂ ਸੀ ਗੱਲ ਸਮਝਾਣੀ ,ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।
ਜੇ ਲਾ ਨਹੀਂ ਸਕਦਾ ਵੱਢੀ ਕਾਹਤੋਂ ਜਾਨਾ ਏ
ਪ੍ਰਕਿਰਤੀ ਨਾਲ ਕਿੜ ਕਿਉਂ ਕੱਢੀ ਜਾਨਾ ਏ
ਤੈਨੂੰ ਕੀਮਤ ਪਊ ਚੁਕਾਉਣੀ, ਤੇਰਾ ਪੁੰਨ ਹੋਊ।
ਪਾ ਰੁੱਖਾਂ ਵਿੱਚ ਪਾਣੀ, ਤੇਰਾ ਪੁੰਨ ਹੋਊ।

## ਗਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਅੱਗ ਬਬੂਲਾ ਹੋ ਕੇ ਪਿੱਛੇ ਹਟਿਆ ਹੈ,
ਭੁੱਬੀਂ-ਭੁੱਬੀਂ ਰੋ ਕੇ ਪਿੱਛੇ ਹਟਿਆ ਹੈ।
ਇਸ ਤਰ੍ਹਾਂ ਦੇ ਯਰਾਨੇ ਕੀ ਕਰਨੇ ਨੇ,
ਜ਼ਖ਼ਮ ਪੁਰਾਣੇ ਧੋ ਕੇ ਪਿੱਛੇ ਹਟਿਆ ਹੈ।
ਏਨਾ ਵੀ ਉਹ ਬੁੱਧੂ ਤੇ ਨਾਦਾਨ ਨਹੀਂ,
ਅਪਣਾ ਹਿੱਸਾ ਖੋ ਕੇ ਪਿੱਛੇ ਹਟਿਆ ਹੈ।
ਸੂਰਜ ਪਹਿਲਾਂ 'ਕੱਲੇ-'ਕੱਲੇ ਤਾਰੇ ਨੂੰ,
ਅੰਬਰ ਵਿੱਚ ਪਿਰੋ ਕੇ ਪਿੱਛੇ ਹਟਿਆ ਹੈ।
ਐਵੇਂ ਨਈਂ ਇਹ ਦੀਵਾ ਲਟ-ਲਟ ਬਲ ਰਿਹਾ,
ਨ੍ਹੇਰੀ ਵਿੱਚ ਖਲੋ ਕੇ ਪਿੱਛੇ ਹਟਿਆ ਹੈ।
ਟੁੱਟੇ ਹੋਏ ਰਿਸ਼ਤੇ ਵਾਲੀ ਇੱਕ ਪੀੜਾ,
ਅੱਖਾਂ ਵਿੱਚ ਲਕੋ ਕੇ ਪਿੱਛੇ ਹਟਿਆ ਹੈ।

## ਬੰਦਾ ਗਾਇਬ

ਰਣਜੀਤ ਆਜ਼ਾਦ ਕਾਂਝਲਾ

ਬੰਦੇ 'ਚੋਂ ਬੰਦਾ ਗਾਇਬ ਹੋ ਗਿਆ।
ਬਰਤਨ 'ਚੋਂ ਤਾਜ਼ਾ ਘਿਓ ਚੋ ਗਿਆ।
ਅਮਲ ਤੋਂ ਬਿਨਾਂ ਜ਼ਿੰਦਗੀ ਜੀ ਰਹੇ,
ਹਉਮੈਂ 'ਚ ਹੀ ਪ੍ਰਾਣੀ ਖੋ ਗਿਆ।
ਉਹ ਸ਼ਿਕਾਰ ਨੂੰ ਲੱਭਦੇ ਰਹੇ ਪਰ,
ਸ਼ਿਕਾਰ ਹੋਰ ਤਰਫ਼ ਨੂੰ ਹੋ ਗਿਆ।
ਟੁੱਟਦੇ ਟੁੱਟਦੇ ਬਚ ਗਿਆ ਦੋਸਤ,
ਦੋਸਤੀ ਦਾ ਕੱਦ ਉੱਚਾ ਹੋ ਗਿਆ।
ਮਜ਼ਹਬਾਂ, ਧਰਮਾਂ, ਜਾਤਾਂ 'ਚ ਵੰਡ ਕੇ,
ਆਗੂ ਮੋਹਰੀ ਬਣ ਖਲੋ ਗਿਆ।
ਅਕਲ ਦੇ ਉਣੇ ਉਲਝੀ ਜਾ ਰਹੇ,
ਬਾਂਦਰ ਟੁੱਕ ਲੈ ਪਰ੍ਹੇ ਖਲੋ ਗਿਆ।
ਖ਼ੁਦ ਨੂੰ ਲੱਭਦੇ ਲੱਭਦੇ ਵੀਰੇ ਕਿ,
ਖ਼ੁਦ ਬੰਦਾ ਮੂਰਖਾਂ 'ਚ ਖੋ ਗਿਆ।
ਉਲਝੀ ਤਾਣੀ ਦਾ ਸਿਰਾ ਲੱਭ ਕੇ,
'ਆਜ਼ਾਦ' ਸੁਲਝਾ ਕੇ ਔਹ ਗਿਆ।

# ਰਣਧੀਰ ਸਿੰਘ ਏਸ਼ੀਆਈ ਉਲੰਪਿਕ ਕੌਂਸਲ ਦੇ ਪ੍ਰਧਾਨ ਬਣੇ



ਤਜਰਬੇਕਾਰ ਖੇਡ ਪ੍ਰਸ਼ਾਸਕ ਰਣਧੀਰ ਸਿੰਘ ਉਲੰਪਿਕ ਕੌਂਸਲ ਆਫ ਏਸ਼ੀਆ (ਓ.ਸੀ.ਏ.) ਦੇ ਪ੍ਰਧਾਨ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਉਨ੍ਹਾਂ ਨੂੰ ਇੱਥੇ ਇਸ ਮਹਾਂਦੀਪੀ ਸੰਗਠਨ ਦੀ 44ਵੀਂ ਜਨਰਲ ਅਸੈਂਬਲੀ ਦੌਰਾਨ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ। ਪੰਜ ਵਾਰ ਦੇ ਉਲੰਪਿਕ ਨਿਸ਼ਾਨੇਬਾਜ਼ ਰਣਧੀਰ ਹੀ ਓ.ਸੀ.ਏ. ਪ੍ਰਧਾਨ ਦੇ ਅਹੁਦੇ ਲਈ ਇਕਲੌਤੇ ਯੋਗ ਉਮੀਦਵਾਰ ਸਨ। ਉਨ੍ਹਾਂ ਦਾ ਕਾਰਜਕਾਲ 2024 ਤੋਂ 2028 ਤੱਕ ਰਹੇਗਾ। ਉਨ੍ਹਾਂ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ ਹੈ।

ਰਣਧੀਰ ਸਿੰਘ (77) 2021 ਤੋਂ ਓ.ਸੀ.ਏ. ਦੇ ਕਾਰਜਕਾਰੀ ਪ੍ਰਧਾਨ ਸਨ। ਉਹ ਕੁਵੈਤ ਦੇ ਸ਼ੇਖ ਅਹਿਮਦ ਅਲ-ਫਾਹਦ ਅਲ-ਸਬਾਹ ਦੀ ਥਾਂ ਲੈਣਗੇ। ਸ਼ੇਖ ਅਹਿਮਦ 'ਤੇ ਇਸ ਸਾਲ ਮਈ ਮਹੀਨੇ ਨੈਤਿਕਤਾ ਦੀ ਉਲੰਘਣਾ ਕਾਰਨ ਖੇਡ ਪ੍ਰਸ਼ਾਸਨ ਵੱਲੋਂ 15 ਸਾਲ ਦੀ ਪਾਬੰਦੀ ਲਗਾਈ ਗਈ ਸੀ। ਭਾਰਤੀ ਅਤੇ ਏਸ਼ਿਆਈ ਖੇਡ ਸੰਸਥਾਵਾਂ ਵਿੱਚ ਵੱਖ-ਵੱਖ ਪ੍ਰਸ਼ਾਸਕੀ ਅਹੁਦਿਆਂ ਉੱਤੇ ਰਹਿ ਚੁੱਕੇ ਰਣਧੀਰ ਸਿੰਘ ਨੂੰ ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਅਤੇ ਏਸ਼ੀਆ ਦੇ ਸਾਰੇ 45 ਦੇਸ਼ਾਂ ਦੇ ਉੱਚ ਖੇਡ ਪ੍ਰਸ਼ਾਸਕਾਂ ਦੀ ਮੌਜੂਦਗੀ ਵਿੱਚ ਅਧਿਕਾਰਤ ਤੌਰ 'ਤੇ ਓ.ਸੀ.ਏ. ਦਾ ਪ੍ਰਧਾਨ ਚੁਣਿਆ ਗਿਆ। ਰਣਧੀਰ ਸਿੰਘ ਪਟਿਆਲਾ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਦਾ ਪਰਿਵਾਰ ਸ਼ੁਰੂ ਤੋਂ ਖੇਡਾਂ ਨਾਲ ਜੁੜਿਆ ਰਿਹਾ ਹੈ। ਉਨ੍ਹਾਂ ਦੇ ਚਾਚਾ ਮਹਾਰਾਜਾ ਯਾਦਵਿੰਦਰ ਸਿੰਘ ਭਾਰਤ ਲਈ ਟੈਸਟ ਕ੍ਰਿਕਟ ਖੇਡਦੇ ਸਨ ਅਤੇ ਕੌਮਾਂਤਰੀ ਉਲੰਪਿਕ ਕਮੇਟੀ (ਆਈ.ਓ.ਸੀ.) ਦੇ ਮੈਂਬਰ ਸਨ। ਉਨ੍ਹਾਂ ਦੇ ਪਿਤਾ ਭਲਿੰਦਰ ਸਿੰਘ ਵੀ ਫਸਟ ਕਲਾਸ ਕ੍ਰਿਕਟਰ ਸਨ। ਉਹ 1947 ਅਤੇ 1992 ਦਰਮਿਆਨ ਆਈ.ਓ.ਸੀ. ਮੈਂਬਰ ਰਹੇ ਸਨ। ਰਣਧੀਰ ਸਿੰਘ ਵੀ 2001 ਤੋਂ 2014 ਤੱਕ ਆਈ.ਓ.ਸੀ. ਦੇ ਮੈਂਬਰ ਰਹੇ ਸਨ। ਇਸ ਮਗਰੋਂ ਉਹ ਆਈ.ਓ.ਸੀ. ਨਾਲ ਆਨਰੇਰੀ ਮੈਂਬਰ ਵਜੋਂ ਜੁੜੇ ਰਹੇ। ਓ.ਸੀ.ਏ. ਦੀ ਮਹਾਸਭਾ ਦੌਰਾਨ ਪ੍ਰਧਾਨ, ਪੰਜ ਖੇਤਰ ਦੇ ਪੰਜ ਮੀਤ ਪ੍ਰਧਾਨ ਅਤੇ ਕਾਰਜਕਾਰੀ ਬੋਰਡ ਦੇ ਪੰਜ ਮੈਂਬਰਾਂ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।

**ਰਣਧੀਰ ਸਿੰਘ ਵੱਲੋਂ ਟੀਮ ਨੂੰ ਵਧਾਈ**

ਰਣਧੀਰ ਸਿੰਘ ਨੇ ਉਲੰਪਿਕ ਕੌਂਸਲ ਆਫ ਏਸ਼ੀਆ (ਓ.ਸੀ.ਏ.) ਦਾ ਪ੍ਰਧਾਨ ਚੁਣੇ ਜਾਣ ਮਗਰੋਂ ਕਿਹਾ, "ਮੇਰੀ ਪੂਰੀ ਟੀਮ ਨੂੰ ਵਧਾਈ। ਮੈਂ ਤੁਹਾਡਾ ਸਾਰਿਆਂ ਦਾ ਤਹਿ ਦਿਲੋਂ ਸ਼ੁਕਰੀਆ ਕਰਦਾ ਹਾਂ। ਏਸ਼ੀਆ ਇੱਕ ਪਰਿਵਾਰ ਹੈ। ਸਮਰਥਨ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ। ਅਸੀਂ ਲੰਮੇ ਸਮੇਂ ਤੱਕ ਇਸ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕਰਾਂਗੇ।"

# ਕੈਨੇਡਾ ਦੀ 16 ਸਾਲਾ ਪੰਜਾਬਣ ਭਾਰ ਤੋਲਕ ਨੇ ਜਿੱਤੇ 3 ਸੋਨ ਤ.ਗਮੇ



ਟੋਰਾਂਟੋ/ਏ.ਟੀ.ਨਿਊਜ਼ : ਈਕਾਡੋਰ ਦੇ ਸਮੁੰਦਰੀ ਬੀਚਾਂ ਵਜੋਂ ਜਾਣੇ ਜਾਂਦੇ ਸ਼ਹਿਰ ਗੁਐਕੁਏਲ ਵਿਖੇ ਹੋਈ ਪੈਨ- ਅਮਰੀਕਨ ਯੂਥ ਚੈਂਪੀਅਨਸ਼ਿਪ 2024 ਅੰਡਰ 17 ਲੜਕੀਆਂ ਦੇ ਵੇਟਲਿਫਟਿੰਗ ਮੁਕਾਬਲਿਆਂ 'ਚ 16 ਸਾਲਾ ਪੰਜਾਬਣ ਭਾਰ ਤੋਲਕ ਐਂਜਲ ਬਿਲਨ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ 3 ਸੋਨੇ ਦੇ ਤ.ਗਮੇ ਜਿੱਤੇ ਹਨ।

ਐਂਜਲ ਨੇ ਇਹ ਸੋਨ ਤ.ਗਮੇ 94 ਸਨੈਚ ਕੰਪੋਨੈਂਟ ਅਤੇ ਕਲੀਨ ਤੇ ਜਰਕਟ 126 ਕਿਲੋਗ੍ਰਾਮ ਭਾਰ ਚੁੱਕ ਕੇ ਜਿੱਤੇ ਹਨ। ਇਸ ਪੈਨ ਅਮਰੀਕਨ ਯੂਥ ਚੈਂਪੀਅਨਸ਼ਿਪ ਵਿੱਚ ਕੈਨੇਡਾ, ਅਮਰੀਕ, ਮੈਕਸੀਕੋ, ਕਿਊਬਾ, ਗੁਆਟੇਮਾਲਾ, ਬ੍ਰਾਜ਼ੀਲ, ਅਰਜਨਟਾਈਨਾ, ਚਿੱਲੀ, ਵੈਨਜ਼ੂਏਲਾ, ਕੋਲੰਬੀਆ, ਗਿਆਨਾ, ਈਕਾਡੋਰ ਤੇ ਪੀਰੂ ਸਮੇਤ 14 ਦੇਸ਼ਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ।

ਰੁਸਤਮ ਰੈਸਲਿੰਗ ਕਲੱਬ ਦੇ ਸੰਸਥਾਪਕ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਨੇੜਲੇ ਪਿੰਡ ਰਾਏਪੁਰ ਡੱਬਾ ਦੇ ਪਹਿਲਵਾਨ ਹਰਜੀਤ ਸਿੰਘ ਬਿਲਨ ਦੀ ਹੋਣਹਾਰ ਧੀ ਐਂਜਲ ਬਿਲਨ ਨੇ 6 ਸਾਲ ਦੀ ਉਮਰ 'ਚ ਵੇਟ ਲਿਫਟਿੰਗ ਸ਼ੁਰੂ ਕੀਤੀ ਸੀ।

# ਖੇਡ ਸੱਭਿਆਚਾਰ ਉਤਸ਼ਾਹਿਤ ਕਰ ਰਹੀ ਹੈ ਸਰਕਾਰ: ਅਰੋੜਾ



ਸੁਨਾਮ ਊਧਮ ਸਿੰਘ ਵਾਲਾ/ ਏ.ਟੀ.ਨਿਊਜ਼: ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸ਼ਹਿਰ ਵਿੱਚ ਸਥਿਤ ਸਰਕਾਰੀ ਸ਼ਹੀਦ ਊਧਮ ਸਿੰਘ ਕਾਲਜ 'ਚ ਨਵੇਂ ਬਣਨ ਵਾਲੇ 400 ਮੀਟਰ ਲੰਬੇ ਟਰੈਕ ਦਾ ਨੀਹ ਪੱਥਰ ਰੱਖਿਆ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਜੋਸ਼ੋ ਖਰੋਸ਼ ਨਾਲ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਨਾਲ ਨਾਲ ਸਰਕਾਰੀ ਕਾਲਜਾਂ ਦੇ ਖਿਡਾਰੀਆਂ ਨੂੰ ਤਰਾਸ਼ਣ ਲਈ ਵੀ ਪੰਜਾਬ ਸਰਕਾਰ ਉਚੇਚੇ ਉਪਰਾਲੇ ਕਰ ਰਹੀ ਹੈ ਅਤੇ ਇਸੇ ਕੜੀ ਤਹਿਤ 400 ਮੀਟਰ ਲੰਬੇ ਸਿੰਡਰ ਟਰੈਕ ਦਾ ਨੀਹ ਪੱਥਰ ਰੱਖਿਆ ਗਿਆ ਹੈ ਜਿਸ ਨੂੰ ਤਿਆਰ ਕਰਨ ਵਿੱਚ ਲਗਭਗ 68 ਲੱਖ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਇਸ ਟਰੈਕ ਵਿੱਚ ਇੱਕ ਫੁਟਬਾਲ ਗਰਾਊਂਡ ਵੀ ਬਣਾਇਆ ਜਾਵੇਗਾ ਜਿੱਥੋਂ ਖਿਡਾਰੀਆਂ ਨੂੰ ਫੁਟਬਾਲ ਦੀ ਖੇਡ ਵਿੱਚ ਆਪਣੀ ਪ੍ਰਤਿਭਾ ਨਿਖਾਰਨ ਦਾ ਸੁਨਹਿਰਾ ਮੌਕਾ ਮਿਲੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਕਾਲਜ ਦੇ ਵਿੱਚ ਬੁਨਿਆਦੀ ਢਾਂਚੇ ਨੂੰ ਲਗਾਤਾਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਵੀ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ ਅਤੇ ਇਹ ਸਿੰਡਰ ਟਰੈਕ ਵੀ ਇਸ ਦਿਸ਼ਾ ਵਿੱਚ ਇੱਕ ਅਹਿਮ ਉਪਰਾਲਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਪ੍ਰਿੰਸੀਪਲ, ਮਨਪ੍ਰੀਤ ਬਾਂਸਲ, ਪੰਕਜ ਡੋਗਰਾ ਪ੍ਰਧਾਨ ਓਲਡ ਸਟੂਡੈਂਟ ਐਸੋਸੀਏਸ਼ਨ, ਆਸ਼ਾ ਬਜਾਜ, ਸਾਹਿਬ ਸਿੰਘ ਬਲਾਕ ਪ੍ਰਧਾਨ, ਨਰੇਸ਼ ਸ਼ਰਮਾ, ਅਮਰੀਕ ਸਿੰਘ ਧਾਲੀਵਾਲ, ਵਿਸ਼ਾਲ ਕੌਸ਼ਲ, ਮਨੀ ਸਰਾਉ ਵੀ ਹਾਜ਼ਰ ਸਨ।

# ਭਾਰਤ 2030 ਦੀਆਂ ਯੂਥ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਦਾਅਵੇਦਾਰੀ ਪੇਸ਼ ਕਰੇਗਾ: ਮਾਂਡਵੀਆ



ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ ਕਿ ਭਾਰਤ 2030 ਵਿੱਚ ਹੋਣ ਵਾਲੀਆਂ ਯੂਥ ਉਲੰਪਿਕ ਖੇਡਾਂ ਵਾਸਤੇ ਦਾਅਵੇਦਾਰੀ ਪੇਸ਼ ਕਰਨ ਲਈ ਤਿਆਰ ਹੈ, ਜੋ 2036 ਵਿੱਚ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਹਾਸਲ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਹੋਵੇਗਾ। ਸਾਲ 2030 ਵਿੱਚ ਪੰਜਵੀਆਂ ਯੂਥ ਉਲੰਪਿਕ ਖੇਡਾਂ ਹੋਣੀਆਂ ਹਨ। ਮਾਂਡਵੀਆ ਨੇ ਇੱਥੇ ਏਸ਼ਿਆਈ ਉਲੰਪਿਕ ਕੌਂਸਲ (ਓ.ਸੀ.ਏ.) ਦੀ 44ਵੀਂ ਜਨਰਲ ਅਸੈਂਬਲੀ ਮੌਕੇ ਕਿਹਾ, "ਅਸੀਂ 2030 ਦੀਆਂ ਯੂਥ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਦਾਅਵੇਦਾਰੀ ਪੇਸ਼ ਕਰਨ ਜਾ ਰਹੇ ਹਾਂ ਪਰ ਸਾਡਾ ਧਿਆਨ 2036 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ 'ਤੇ ਹੈ। ਯੂਥ ਉਲੰਪਿਕਸ-2030 ਦੀ ਮੇਜ਼ਾਬਾਨੀ ਹਾਸਲ ਕਰਨ ਲਈ ਭਾਰਤ ਤੋਂ ਇਲਾਵਾ ਪੇਰੂ, ਕੋਲੰਬੀਆ, ਮੈਕਸੀਕੋ, ਥਾਈਲੈਂਡ, ਮੰਗੋਲੀਆ, ਰੂਸ, ਯੂਕਰੇਨ, ਬੋਸਨੀਆ ਅਤੇ ਹਰਜ਼ੇਗੋਵਿਨਾ ਵੀ ਇਸ ਦੌੜ ਵਿੱਚ ਸ਼ਾਮਲ ਹਨ।

# ਖੇਡਾਂ, ਪੰਜਾਬ ਅਤੇ ਸਿਆਸਤ



ਗੁਰਮੀਤ ਸਿੰਘ ਪਲਾਹੀ
9815802070



ਖੇਡਾਂ, ਖੇਡਣੀਆਂ ਪੰਜਾਬੀਆਂ ਦਾ ਸੁਭਾਅ ਹੈ। ਖੇਡ, ਖੇਡ ਦੇ ਮੈਦਾਨ ਦੀ ਹੋਵੇ, ਖੇਡ ਸਿਆਸਤ ਦੀ ਹੋਵੇ, ਖੇਡ ਪੰਜਾਬੀ ਗ੍ਰਹਿਸਥੀ ਜੀਵਨ ਦੀ ਹੋਵੇ। ਪੰਜਾਬੀਆਂ ਦੀ ਖੇਡ ਨਿਰਾਲੀ ਹੈ, ਨਿਵੇਕਲੀ ਹੈ, ਕਿਧਰੇ ਦਿਲ-ਮਨ ਨੂੰ ਛੂਹ ਲੈਣ ਵਾਲੀ ਹੈ, ਕਿਧਰੇ ਜਾਨ ਲੇਵਾ ਹੈ, ਅਤੇ ਕਿਧਰੇ ਦੂਸਰਿਆਂ ਨੂੰ ਸਬਕ ਸਿਖਾਉਣ ਵਾਲੀ ਹੈ। ਕਿਧਰੇ ਆਪਣਾ ਉਜਾੜਾ ਆਪ ਪਾਉਣ ਵਾਲੀ ਹੈ।

ਸਿਆਸਤ ਦੀਆਂ ਅੰਦਰਲੀਆਂ ਪੇਚਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ, ਕਿਸੇ ਦੂਜੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਲੈਣ ਵਾਲੇ ਪੰਜਾਬੀ, ਖੇਡ ਖੇਤਰ 'ਚ ਮੱਲਾਂ ਮਾਰਨ ਲਈ ਮਸ਼ਹੂਰ ਤਾਂ ਹੋਏ ਹੀ ,ਦੇਸੀਂ-ਪ੍ਰਦੇਸੀਂ ਜੁਸਿਆਂ ਦੇ ਬੱਲ 'ਤੇ, ਸੋਚ ਦੇ ਜ਼ੋਰ ਨਾਲ, ਤਰਕੀਬਾਂ ਅਤੇ ਮਿਲਾਪੜੇ ਸੁਭਾਅ ਨਾਲ ਆਪਣੇ ਕੱਦ ਕਾਠ ਵਧਾਉਣ 'ਚ ਸਫ਼ਲ ਹੋਏ। ਇੰਝ ਵਿਸ਼ਵ ਪੱਧਰ 'ਤੇ ਵਿਚਰਦਿਆਂ ਉਹਨਾਂ ਨਾ ਆਪਣੀ ਮਾਂ-ਬੋਲੀ ਛੱਡੀ, ਨਾ ਆਪਣੀ ਮਾਂ-ਖੇਡ ਕਬੱਡੀ ਨੂੰ ਤੱਜਿਆ, ਨਾ ਪਹਿਲਵਾਨੀ ਤੋਂ ਮੂੰਹ ਮੋੜਿਆ, ਨਾ ਆਪਣੇ ਰੰਗਲੇ ਸੱਭਿਆਚਾਰ ਨੂੰ ਤਿਲਾਂਜਲੀ ਦਿੱਤੀ । ਆਪਣੇ ਸੱਭਿਆਚਾਰ, ਆਪਣੀ ਨਿੱਜੀ ਧਰਮ ਨੂੰ ਤਾਂ ਉਸ ਆਪਣੀ ਜ਼ਿੰਦਗੀ 'ਤੋਂ ਬਾਹਰ ਹੋਣ ਹੀ ਨਹੀਂ ਸੀ ਦੇਣਾ!

ਪੰਜਾਬੀਆਂ ਦਾ ਖੇਡਾਂ ਨਾਲ ਮੋਹ, ਆਪਣੇ ਖੇਤਾਂ ਨਾਲ ਮੋਹ ਜਿਹਾ ਹੈ। ਖੇਤ ਵੱਟ ਲਈ ਸ਼ਰੀਕਾਂ ਨਾਲ ਵੱਢ-ਟੁੱਕ ਮਾਰ-ਵੱਢ, ਗਾਲੀ ਗਲੋਚ, ਆਪਣੇ ਹੱਕ ਲਈ ਲੜਾਈ ਉਹਦੇ ਕਣ-ਕਣ 'ਚ ਵਸੀ ਹੋਣ ਕਰਕੇ ਜੁੱਸਿਆਂ ਦੀ ਤਾਕਤ ਵਧਾਉਣਾ, ਸਰੀਰਾਂ ਨੂੰ ਪਾਲਣਾ ਤਾਕਤ ਦਾ ਦਿਖਾਵਾ ਕਰਨਾ ਅਤੇ ਫਿਰ ਉਸੇ ਤਾਕਤ ਨੂੰ ਕਿਸੇ ਥਾਂ ਸਿਰ ਕਰਨਾ ਪੰਜਾਬੀਆਂ ਦਾ ਸ਼ੌਕ ਹੈ। ਬੱਦਲਾਂ ਦੀ ਗਰਜਣ, ਬਿਜਲੀ ਦੀ ਗੜਕਣ ਅਤੇ ਲਿਸ਼ਕਣ ਦਾ ਕਦੇ ਉਹਨਾ ਦੇ ਮਨ 'ਚ ਡਰ ਨਹੀਂ ਰਿਹਾ। ਉਹ ਜਦੋਂ ਲੜਦੇ ਹਨ, ਭਿੜਦੇ ਹਨ, ਕਬੱਡੀ ਦੇ ਮੈਦਾਨ ਵਿੱਚ, ਪਹਿਲਵਾਨੀ ਅਖਾੜੇ ਵਿੱਚ, ਸ਼ੈਲ-ਛਬੀਲੇ ਗੱਭਰੂ ਦਹਾੜਦੇ ਹਨ, ਤਾਂ ਮੋਰ ਦੀ ਪੈਲਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ, ਸ਼ੇਰਾਂ ਦੀ ਗਰਜਨਾ ਵੀ ਲੋਕਾਂ ਨੂੰ ਭੁੱਲ ਜਾਂਦੀ ਹੈ। ਖੇਡ, ਤਾਂ ਪੰਜਾਬੀਆਂ ਲਈ ਉਹਨਾਂ ਦਾ ਵਿਰਸਾ ਹੈ, ਬਾਬੇ ਨਾਨਕ ਦੀ ਬਾਣੀ ਦਾ ਸੱਚ ਹੈ, ਜਿਹਨੂੰ ਉਹ ਪੱਲੇ ਬੰਨ ਜ਼ਿੰਦਗੀ 'ਚ ਵਿਚਰਦਾ ਹੈ, ਪ੍ਰਾਪਤੀਆਂ ਕਰਦਾ ਹੈ, ਉਹਦੇ ਗੁਣ ਗਾਉਂਦਾ ਹੈ, ਉਹਦਾ ਲੱਖ-ਲੱਖ ਸ਼ੁਕਰ ਮਨਾਉਂਦਾ ਹੈ।

ਪਿੰਡ ਦੀ ਸ਼ਾਮ ਵੇਖ ਲਓ, ਭਾਵੇਂ ਸਵੇਰ! ਖੇਡਾਂ ਦਾ ਝਲਕਾਰਾ ਪਿੰਡਾਂ ਦੀ ਬਰੂਹਾਂ 'ਚ ਦਿਸਦਾ ਹੈ। ਬਿਨ੍ਹਾਂ ਸ਼ੱਕ ਪੰਜਾਬੀ ਜੁਸਿਆਂ ਤੇ ਸੁਭਾਅ ਲੂੰ ਉਜਾੜਨ ਦੇ ਨਸ਼ਿਆਂ ਦੇ ਸਾਜ਼ਿਸ਼ੀ ਹਮਲਿਆਂ ਨੇ ਪੰਜਾਬੀ ਨੌਜਵਾਨਾਂ,ਬੱਚਿਆਂ, ਮੁਟਿਆਰਾਂ ਦੇ ਰਾਹ ਔਝੜੇ ਕੀਤੇ ਹਨ। ਮੁੰਡੇ, ਮੋਟਰਸਾਈਕਲ, ਮੋਬਾਇਲ, ਵਿਦੇਸ਼ੀ ਰਾਹ ਪਾਉਣ ਦੇ ਰਾਹ ਪਾ ਦਿਤੇ ਗਏ ਹਨ, ਮੁਟਿਆਰਾਂ ਵੀ ਕਿਸੇ ਤਰ੍ਹਾਂ ਗੀਸੋ-ਗੀਸੀ ਉਹ ਹਰ ਸ਼ੌਕ ਪਾਲ ਰਹੀਆਂ ਹਨ, ਜੋ ਮੁੰਡੇ ਹੰਢਾਉਂਦੇ ਹਨ, ਪਰ ਖੇਡਾਂ ਹਾਲੇ ਵੀ ਪੰਜਾਬੀਆਂ ਲਈ ਜੀਵਨ-ਜਾਚ ਹਨ। ਖੇਡਾਂ ਹਾਲੇ ਵੀ ਉਹਨਾਂ ਦੇ ਖ਼ੂਨ 'ਚ ਰਚੀਆਂ ਹੋਈਆਂ ਹਨ। ਖੇਡਾਂ ਅਤੇ ਭੰਗੜੇ ਦੀ ਤਾਲ-ਸੁਰ, ਗਿੱਧੇ ਦੀ ਧਮਾਲ ਤੇ ਬੋਲੀਆਂ ਨੂੰ, ਬਾਬੇ ਦੀ ਬਾਣੀ ਨੂੰ, ਕਿਹੜਾ ਸਿਆਸੀ ਦਲਾਲ, ਕਿਹੜਾ ਸਿਆਸੀ ਭਗਵਾਂਪਨ, ਕਿਹੜਾ ਸਿਆਸੀ ਡਿਕਟੇਟਰ, ਪੰਜਾਬੀਆਂ ਤੋਂ ਖੋਹ ਸਕਦਾ ਹੈ, ਜਾਂ ਖੋਹ ਸਕਿਆ ਹੈ? ਭਾਵੇਂ ਇਹ ਖੋਹਣ ਦੇ ਯਤਨ 47 'ਚ ਵੀ ਹੋਏ, '84 'ਚ ਵੀ ਹੋਏ, ਨਸ਼ਿਆਂ ਦੀ ਮਾਰ ਅਤੇ ਖਾੜਕੂਵਾਦ ਸਮੇਂ ਸ਼ਰੇਆਮ ਹਜ਼ਾਰਾਂ ਨੌਜਵਾਨਾਂ ਦੇ ਮਾਰਨ, ਲਾਪਤਾ ਕਰਨ ਦੇ ਯਤਨਾਂ ਨਾਲ ਵੀ ਹੋਏ ਅਤੇ ਹੁਣ ਕਿਸਾਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰਕੇ, ਉਹਨਾ ਦੀ ਜ਼ਮੀਨ ਨੂੰ, ਉਹਨਾਂ ਦੀ ਹੋਂਦ ਨੂੰ, ਉਹਨਾਂ ਦੀ ਅਣਖ਼ ਨੂੰ ਖ਼ਤਰਾ ਪੈਦਾ ਕਰਕੇ ਵੀ ਹੋਏ! ਪਰ, ਪੰਜਾਬੀ, ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ 'ਟੈਂਅ ਨਾ ਮੰਨਣ ਕਿਸੇ ਦੀ' ਪੰਜਾਬ ਦਾ ਪਿੰਡ ਕਦੇ ਉਦਾਸ ਹੁੰਦਾ ਹੈ, ਕਦੇ ਹੁਲਾਸ ਨਾਲ ਭਰਦਾ ਹੈ। ਉਦਾਸ ਹੁੰਦਾ ਹੈ ਉਦੋਂ ਜਦੋਂ ਕੋਈ ਜੁਆਨ ਨਸ਼ੇ ਦੀ ਬਲੀ ਚੜ੍ਹਦਾ ਹੈ, ਜਦੋਂ ਕੋਈ ਕਿਸਾਨ ਸ਼ਤੀਰਾਂ ਨਾਲ ਲਟਕ ਜਾਂਦਾ ਹੈ, ਖ਼ੁਦਕੁਸ਼ੀ ਕਰ ਜਾਂਦਾ ਹੈ, ਪਰ ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਹਾਕੀ ਜਿੱਤ ਪੰਜਾਬੀ ਖਿਡਾਰੀ ਵਰ੍ਹਿਆਂ ਬਾਅਦ ਦੇਸ਼ ਨੂੰ ਖ਼ੁਸ਼ੀ ਦਿੰਦੇ ਹਨ। ਪੰਜਾਬ ਦਾ ਪਿੰਡ ਉਦਾਸ ਹੁੰਦਾ ਹੈ ਉਦੋਂ ਜਦੋਂ ਧੀਆਂ ਦਾ ਕੁੱਖ 'ਚ ਕਤਲ ਕੀਤਾ ਜਾਂਦਾ ਹੈ, ਖੁਸ਼ ਹੁੰਦਾ ਹੈ ਉਦੋਂ ਜਦੋਂ ਧੀਆਂ ਖੇਡਾਂ, ਪੜ੍ਹਾਈ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ ਅਤੇ ਮਾਪਿਆਂ ਤੇ ਸਮਾਜ ਦੀ ਖੁਸ਼ੀ ਦਾ ਬਾਰੋਬਰ ਦਾ ਹਿੱਸਾ ਬਣਦੀਆਂ ਹਨ ।ਪੰਜਾਬ ਦੇ ਪਿੰਡਾਂ ਦੇ ਪਹਿਲਵਾਨੀ ਅਤੇ ਕਬੱਡੀ ਦੇ ਅਖ਼ਾੜੇ, ਫੁੱਟਬਾਲ, ਬਾਲੀਵਾਲ ਦੇ ਮੈਦਾਨ, ਪਿੰਡ ਦਾ ਸ਼ਿੰਗਾਰ ਹਨ। ਸਵੇਰੇ, ਸ਼ਾਮੀ ਬੱਚੇ, ਨੌਜਵਾਨ ਜਦੋਂ ਖੇਡ ਮੈਦਾਨ 'ਚ ਬੁੱਕਦੇ ਹਨ, ਪ੍ਰੈਕਟਿਸ ਕਰਦੇ ਹਨ, ਜੁੱਸਿਆਂ ਨੂੰ ਤਕੜਾ ਸੁਡੋਲ ਕਰਦੇ ਹਨ ਅਤੇ ਫਿਰ ਕਬੱਡੀ, ਫੁੱਟਬਾਲ, ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਖੁਸ਼ੀ ਦੇ ਪਲ ਤਾਂ ਖੇਡ ਮੈਦਾਨ ਉਦੋਂ ਹੰਡਾਉਂਦਾਹੈ, ਜਦੋਂ ਪਿੰਡਾਂ 'ਚ ਫੁੱਟਬਾਲ ਟੂਰਨਾਮੈਂਟ, ਵੇਟ ਲਿਫਟਿੰਗ ਮੁਕਾਬਲੇ ਅਤੇ ਕਬੱਡੀ ਦੇ ਵਿਸ਼ਵ-ਪੱਧਰੀ ਮੁਕਾਬਲੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪਿੰਡਾਂ 'ਚ ਕਰਵਾਏ ਜਾਂਦੇ ਹਨ। ਨੌਜਵਾਨਾਂ ਨੂੰ ਖੇਡਾਂ 'ਚ ਰੁਚਿਤ ਹੋਣ ਦਾ ਹੁਲਾਰਾ ਦਿੰਦੇ ਹਨ। ਇਹ ਹੁਲਾਸ ਵਰ੍ਹੇ ਭਰ ਅਗਲੇ ਸਾਲ 'ਚ ਇੱਕ ਨਵੀਂ ਆਸ ਨਾਲ ਜੀਉਂਦਾ ਜਾਗਦਾ ਹੈ, ਪਿੰਡ ਦੇ ਜਾਗਣ ਵਾਂਗਰ, ਜੋ ਕਦੇ ਸੌਂਦਾ ਨਹੀਂ, ਖ਼ਬਰਦਾਰ ਰਹਿੰਦਾ ਹੈ, ਆਪਣੇ ਬੱਚਿਆਂ ਲਈ, ਆਪਣੇ ਪੁੱਤਾਂ, ਧੀਆਂ ਲਈ, ਆਪਣੇ ਵਿਰਸੇ-ਸੱਭਿਆਚਾਰ ਲਈ ਅਤੇ ਸਭ ਤੋਂ ਵੱਧ ਮਾੜੇ-ਭੈੜੇ ਉਹਨਾ ਲੋਕਾਂ ਤੋਂ ਆਪਣੇ ਭਵਿੱਖ ਨੂੰ ਬਚਾਉਣ ਲਈ, ਜਿਹੜੇ ਉਹਨਾ ਪੱਲੇ ਭ੍ਰਿਸ਼ਟਾਚਾਰ ਪਾ ਰਹੇ ਹਨ, ਉਹਨਾਂ 'ਚ ਧੜੇ-ਬੰਦੀ ਦੇ ਬੀਅ ਬੀਜ ਰਹੇ ਹਨ, ਜਿਹੜੇ ਨਫ਼ਰਤ-ਸਾੜੇ ਦੀ ਸਿਆਸਤ ਕਰਕੇ ਧਰਮ-ਜਾਤ ਦੀ ਵੰਡ ਦਾ ਵਖਰੇਵਾਂ ਪਾਕੇ, ਵੋਟ ਰਾਜੀਨੀਤੀ ਦੀ ਖਾਤਰ ਸਭੋ ਕੁਝ ਹਥਿਆਉਣਾ ਚਾਹੁੰਦੇ ਹਨ, ਪਿੰਡ ਵੀ, ਖੇਤ ਵੀ, ਖੇਡ ਵੀ ਅਤੇ ਮਨੁੱਖੀ ਜ਼ਿੰਦਗੀ ਵੀ। ਪੰਜਾਬੀਆਂ ਦੀ ਪਹਿਲੀ ਕਿਲਕਾਰੀ ਖੇਡ ਹੈ।

# ਕੰਗਨਾ ਰਣੌਤ ਦੀ ਫ਼ਿਲਮ ਨੂੰ ਮਿਲੀ ਮਨਜ਼ੂਰੀ !

## ਸੈਂਸਰ ਬੋਰਡ ਵੱਲੋਂ ਫ਼ਿਲਮ ਨੂੰ ਦਿੱਤਾ ਗਿਆ 'ਯੂ.ਏ.' ਸਰਟੀਫ਼ਿਕੇਟ

### 10 ਬਦਲਾਅ ਕਰਨ ਮਗਰੋਂ ਰਿਲੀਜ਼ ਹੋਵੇਗੀ 'ਐਮਰਜੈਂਸੀ'

ਜਦੋਂ ਤੋਂ ਕੰਗਨਾ ਰਣੌਤ ਦੀ ਫ਼ਿਲਮ ਐਮਰਜੈਂਸੀ ਦਾ ਟ੍ਰੇਲਰ ਰਿਲੀਜ਼ ਹੋਇਆ ਹੈ, ਉਦੋਂ ਤੋਂ ਇਹ ਫ਼ਿਲਮ ਕਈ ਵਿਵਾਦਾਂ ਵਿੱਚ ਘਿਰੀ ਹੋਈ ਹੈ, ਅਤੇ ਇਸ ਨੂੰ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀਬੀਐਫਸੀ) ਤੋਂ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਹਾਲਾਂਕਿ, ਇੱਕ ਤਾਜ਼ਾ ਅਪਡੇਟ ਵਿੱਚ, ਜਾਂਚ ਕਮੇਟੀ ਨੇ 'ਯੂ.ਏ.' ਪ੍ਰਮਾਣੀਕਰਣ ਲਈ ਹਰੀ ਝੰਡੀ ਦਿੱਤੀ ਹੈ। ਕਮੇਟੀ ਦੁਆਰਾ ਸੁਝਾਏ ਗਏ ਬਦਲਾਵਾਂ ਵਿੱਚ ਇੱਕ ਦ੍ਰਿਸ਼ ਹੈ ਜਿਸ ਵਿੱਚ ਪਾਕਿਸਤਾਨੀ ਸੈਨਿਕਾਂ ਦੁਆਰਾ ਬੰਗਲਾਦੇਸ਼ੀ ਸ਼ਰਨਾਰਥੀਆਂ 'ਤੇ ਹਮਲਾ ਕਰਦੇ ਹੋਏ ਦਿਖਾਇਆ




ਗਿਆ ਹੈ - ਖਾਸ ਤੌਰ 'ਤੇ, ਜਿੱਥੇ ਇੱਕ ਸਿਪਾਹੀ ਬੇਰਹਿਮੀ ਨਾਲ ਇੱਕ ਬੱਚੇ ਦਾ ਚਿਹਰਾ ਤੋੜਦਾ ਹੈ ਅਤੇ ਇੱਕ ਹੋਰ ਦ੍ਰਿਸ਼ ਜਿੱਥੇ ਤਿੰਨ ਔਰਤਾਂ ਦਾ ਸਿਰ ਕਲਮ ਕੀਤਾ ਜਾਂਦਾ ਹੈ। ਫਿਲਮ ਨਿਰਮਾਤਾਵਾਂ ਨੂੰ ਇੱਕ ਨੇਤਾ ਦੀ ਮੌਤ ਦੇ ਪ੍ਰਤੀਕਰਮ ਵਿੱਚ ਭੀੜ ਦੇ ਇੱਕ ਮੈਂਬਰ ਦੁਆਰਾ ਰੌਲਾ ਪਾਉਣ ਵਾਲੇ ਇੱਕ ਵਿਅੰਗਾਤਮਕ ਨੂੰ ਬਦਲਣ ਲਈ ਵੀ ਨਿਰਦੇਸ਼ ਦਿੱਤੇ ਗਏ ਸਨ। ਇਸ ਦੇ ਨਾਲ ਹੀ ਕਈ ਹੋਰ ਅਜਿਹੇ ਦ੍ਰਿਸ਼ ਸਨ, ਜਿਹਨਾਂ ਨੂੰ ਬਦਲਿਆ ਗਿਆ। ਇਸ ਤੋਂ ਇਲਾਵਾ, ਸੀ.ਬੀ.ਐਫ. ਸੀ. ਨੇ ਉਨ੍ਹਾਂ ਸਰੋਤਾਂ ਦੀ ਮੰਗ ਕੀਤੀ ਹੈ ਜਿੰਨ੍ਹਾਂ ਤੋਂ ਫਿਲਮ ਨਿਰਮਾਤਾਵਾਂ ਨੇ ਫਿਲਮ ਵਿੱਚ ਦਿੱਤੇ ਖੋਜ ਸੰਦਰਭਾਂ ਅਤੇ ਅੰਕੜਿਆਂ ਦੇ ਅੰਕੜੇ ਲਏ ਹਨ, ਜਿਸ ਵਿੱਚ ਬੰਗਲਾਦੇਸ਼ੀ ਸ਼ਰਨਾਰਥੀਆਂ ਬਾਰੇ ਵੇਰਵੇ, ਅਦਾਲਤ ਦੇ ਫੈਸਲੇ ਅਤੇ 'ਆਪ੍ਰੇਸ਼ਨ ਬਲੂਸਟਾਰ' ਤੋਂ ਆਰਕਾਈਵਲ ਫੁਟੇਜ ਦੀ ਵਰਤੋਂ ਲਈ ਇਜਾਜ਼ਤਾਂ ਸ਼ਾਮਲ ਹਨ।

ਕੰਗਨਾ ਦੀ ਫਿਲਮ ਅਸਲ ਵਿੱਚ 6 ਸਤੰਬਰ, 2024 ਨੂੰ ਰਿਲੀਜ਼ ਹੋਣੀ ਸੀ। ਹਾਲਾਂਕਿ, ਕਈ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ 3263 ਤੋਂ ਪ੍ਰਮਾਣੀਕਰਣ ਪ੍ਰਾਪਤ ਕਰਨ ਵਿੱਚ ਦੇਰੀ ਦੇ ਕਾਰਨ, ਫਿਲਮ ਦੀ ਰਿਲੀਜ਼ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਬਾਅਦ ਵਿੱਚ, 6 ਸਤੰਬਰ ਨੂੰ, ਕੰਗਨਾ ਨੇ ਖੁਦ ਅਧਿਕਾਰਤ ਤੌਰ 'ਤੇ ਘੋਸ਼ਣਾ ਕੀਤੀ ਕਿ ਐਮਰਜੈਂਸੀ ਨਿਰਧਾਰਤ ਮਿਤੀ 'ਤੇ ਰਿਲੀਜ਼ ਨਹੀਂ ਕੀਤੀ ਜਾਵੇਗੀ। ਇਸ ਦੌਰਾਨ, ਫਿਲਮ ਦੇ ਟ੍ਰੇਲਰ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਹੰਗਾਮਾ ਕੀਤਾ ਹੈ, ਜਿਨ੍ਹਾਂ ਦਾ ਦਾਅਵਾ ਹੈ ਕਿ ਫਿਲਮ ਵਿੱਚ ਉਨ੍ਹਾਂ ਦੇ ਖ਼ਿਲਾਫ਼ ਇੱਕ ਝੂਠਾ ਬਿਰਤਾਂਤ ਪੇਸ਼ ਕੀਤਾ ਗਿਆ ਹੈ।

### ਸੈਂਸਰ ਬੋਰਡ 'ਚ ਇੱਕ ਸਿੱਖ ਮੈਂਬਰ ਜ਼ਰੂਰ ਹੋਵੇ : ਗਿੱਪੀ ਗਰੇਵਾਲ

ਪੰਜਾਬੀ ਸਿਨੇਮਾ ਦੇ ਨਾਮੀ ਕਲਾਕਾਰਾਂ 'ਚੋਂ ਇੱਕ ਅਦਾਕਾਰ ਗਿੱਪੀ ਗਰੇਵਾਲ ਨੇ ਕੇਂਦਰੀ ਫ਼ਿਲਮ ਸਰਟੀਫ਼ਿਕੇਸ਼ਨ ਬੋਰਡ (ਸੀ.ਬੀ.ਐਫ.ਸੀ.) 'ਚ ਇੱਕ ਸਿੱਖ ਮੈਂਬਰ ਨੂੰ ਸ਼ਾਮਲ ਕਰਨ ਦੇ ਵਿਚਾਰ ਦਾ ਸਮਰਥਨ ਕੀਤਾ ਹੈ। ਇੱਕ ਅੰਗਰੇਜ਼ੀ ਚੈਨਲ 'ਤੇ ਪ੍ਰਸਾਰਿਤ ਵਿਸ਼ੇਸ਼ ਇੰਟਰਵਿਊ 'ਚ, ਗਿੱਪੀ ਗਰੇਵਾਲ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਬੋਰਡ 'ਚ ਇੱਕ ਸਿੱਖ ਪ੍ਰਤੀਨਿਧੀ ਹੋਣਾ ਮਹੱਤਵਪੂਰਨ ਹੈ, ਖ਼ਾਸ ਕਰ ਕੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਦਰਸਾਉਂਦੀਆਂ ਫ਼ਿਲਮਾਂ ਦੀ ਸਮੀਖਿਆ ਕਰਨਾ ਅਤੇ ਉਨ੍ਹਾਂ ਦੇ ਧਰਮ ਨੂੰ ਦਰਸਾਉਣਾ। ਉਨ੍ਹਾਂ ਦਾ ਇਹ ਬਿਆਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੈਂਸਰ ਬੋਰਡ 'ਚ ਇੱਕ ਸਿੱਖ ਮੈਂਬਰ ਨੂੰ ਸ਼ਾਮਲ ਕਰਨ ਦੀ ਮੰਗ ਕਰਨ ਤੋਂ ਕੁੱਝ ਦਿਨ ਬਾਅਦ ਆਇਆ ਹੈ।



ਗੱਲਬਾਤ ਦੌਰਾਨ ਗਿੱਪੀ ਨੇ ਕਿਹਾ, "ਸੀ.ਬੀ.ਐਫ.ਸੀ. ਫ਼ਿਲਹਾਲ ਕਿਸੇ ਫ਼ਿਲਮ 'ਚ ਹੋਰ ਕਿਸਮਾਂ ਦੀਆਂ ਕਮੀਆਂ ਦੀ ਪਛਾਣ ਕਰਨ ਲਈ ਫਿੱਟ ਹੈ। ਹਾਲਾਂਕਿ, ਕਿਸੇ ਫ਼ਿਲਮ 'ਚ ਧਾਰਮਕ ਗ਼ਲਤੀਆਂ ਦੀ ਪਛਾਣ ਕਰਨ ਲਈ, ਇਹ ਮਹੱਤਵਪੂਰਨ ਹੈ ਕਿ ਫ਼ਿਲਮ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਵਿਖਾਇਆ ਜਾਵੇ ਜੋ ਉਸ ਧਰਮ ਨਾਲ ਸਬੰਧਿਤ ਹੈ।"ਪੰਜਾਬੀ ਸੁਪਰਸਟਾਰ ਨੇ ਅਪਣੀ ਫ਼ਿਲਮ ਦੀ ਉਦਾਹਰਣ ਲੈਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਇਸ ਦੀ ਸ਼ੂਟਿੰਗ ਮਹਾਰਾਸ਼ਟਰ ਦੇ ਹਜ਼ੂਰ ਸਾਹਿਬ ਵਿਖੇ ਕੀਤੀ ਸੀ ਅਤੇ ਭਾਵੇਂ ਉਹ ਖ਼ੁਦ ਸਿੱਖ ਹਨ, ਪਰ ਉਨ੍ਹਾਂ ਨੇ ਸੋਚਿਆ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਲਈ ਪਹਿਲਾਂ ਫ਼ਿਲਮ ਵੇਖਣਾ ਅਤੇ ਐਨ.ਓ.ਸੀ. (ਕੋਈ ਇਤਰਾਜ਼ ਨਹੀਂ ਸਰਟੀਫਿਕੇਟ) ਦੇਣਾ ਬਿਹਤਰ ਹੈ। ਗਿੱਪੀ ਨੇ ਕਿਹਾ, "ਬੋਰਡ 'ਚ ਸਿੱਖਾਂ ਦੀ ਨੁਮਾਇੰਦਗੀ ਹੋਣਾ ਬਹੁਤ ਮਹੱਤਵਪੂਰਨ ਹੈ। ਜਦੋਂ 'ਅਰਦਾਸ' ਬਣੀ, ਸੈਂਸਰ ਲਈ ਤਾਂ ਜਾਣੀ ਹੀ ਸੀ। ਪਰ ਉਥੇ ਭੇਜੇ ਜਾਣ ਤੋਂ ਪਹਿਲਾਂ, ਅਸੀਂ ਇਹ ਫ਼ਿਲਮ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨੂੰ ਵਿਖਾਈ। ਸੈਂਸਰ ਉਹ ਚੀਜ਼ਾਂ ਦੇਖੇਗੀ ਜੋ ਸਮੁੱਚੇ ਤੌਰ 'ਤੇ ਗ਼ਲਤ ਹਨ ਪਰ ਧਰਮ ਦੇ ਨਜ਼ਰੀਏ ਤੋਂ, ਇੱਕ ਮਾਹਰ ਮੈਂਬਰ ਨੂੰ ਇਹ ਵਿਖਾਉਣਾ ਮਹੱਤਵਪੂਰਨ ਹੈ। ਅਸੀਂ ਪਹਿਲਾਂ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨੂੰ ਅਰਦਾਸ ਵਿਖਾਈ ਅਤੇ ਸੈਂਸਰ ਬੋਰਡ ਨੂੰ ਫ਼ਿਲਮ ਭੇਜਣ ਤੋਂ ਪਹਿਲਾਂ ਉਨ੍ਹਾਂ ਤੋਂ ਐਨ.ਓ.ਸੀ. ਲਈ। ਬੋਰਡ ਵੱਡੀਆਂ ਚੀਜ਼ਾਂ ਦੀ ਜਾਂਚ ਕਰ ਸਕਦਾ ਹੈ, ਪਰ ਇੱਕ ਮਾਹਰ ਮੈਂਬਰ ਲਈ ਧਾਰਮਿਕ ਦ੍ਰਿਸ਼ਟੀਕੋਣ ਤੋਂ ਚੀਜ਼ਾਂ ਦੀ ਜਾਂਚ ਕਰਨਾ ਮਹੱਤਵਪੂਰਨ ਹੈ।"


# ਸਿਨੇਮਾ ਸਿਰਫ਼ ਮਨੋਰੰਜਨ ਲਈ ਹੋਵੇ: ਘੁੱਗੀ



ਅਦਾਕਾਰ ਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਕੰਗਨਾ ਰਣੌਤ ਦੀ ਆਉਣ ਵਾਲੀ ਫ਼ਿਲਮ 'ਐਮਰਜੈਂਸੀ' ਦੇ ਮੁਲਤਵੀ ਹੋਣ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਕੋਈ ਵੀ ਫਿਲਮ ਏਜੰਡੇ ਨੂੰ ਮੁੱਖ ਰੱਖ ਕੇ ਬਣਾਈ ਨਹੀਂ ਜਾਣੀ ਚਾਹੀਦੀ ਅਤੇ ਫਿਲਮ ਲਈ ਸਿਨੇਮਾ ਦੀ ਦੁਰਵਰਤੋਂ ਵੀ ਨਹੀਂ ਕਰਨੀ ਚਾਹੀਦੀ। ਗੁਰਪ੍ਰੀਤ ਘੁੱਗੀ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਦੀ ਪ੍ਰਮੋਸ਼ਨ ਕਰਨ ਲਈ ਕੌਮੀ ਰਾਜਧਾਨੀ ਵਿੱਚ ਪੁੱਜੇ। ਇਸ ਮੌਕੇ ਗਿੱਪੀ ਗਰੇਵਾਲ ਅਤੇ ਜੈਸਮੀਨ ਭਸੀਨ ਤੇ ਫਿਲਮ ਦੇ ਹੋਰ ਸਹਿ-ਅਦਾਕਾਰ ਵੀ ਮੌਜੂਦ ਸਨ। ਇਸ ਦੌਰਾਨ ਗੁਰਪ੍ਰੀਤ ਘੁੱਗੀ ਨੇ ਮੀਡੀਆ ਨਾਲ ਫਿਲਮ 'ਐਮਰਜੈਂਸੀ' ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਫਿਲਮ ਨੂੰ ਹਾਲੇ ਤਕ ਸੈਂਸਰ ਬੋਰਡ ਨੇ ਸਰਟੀਫਿਕੇਟ ਜਾਰੀ ਨਹੀਂ ਕੀਤਾ, ਜਿਸ ਕਰ ਕੇ ਇਹ ਫਿਲਮ 6 ਸਤੰਬਰ ਨੂੰ ਰਿਲੀਜ਼ ਨਹੀਂ ਹੋਵੇਗੀ। ਇਸ ਸਬੰਧੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਾਈ ਗਈ ਸੀ, ਜਿਸ ਦਾ ਅਦਾਲਤ ਨੇ ਨਿਪਟਾਰਾ ਕਰ ਦਿੱਤਾ ਹੈ। ਪਟੀਸ਼ਨਕਰਤਾਵਾਂ ਵਿੱਚੋਂ ਇੱਕ ਨੇ ਕਿਹਾ ਸੀ ਕਿ ਫਿਲਮ ਵਿੱਚ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦ੍ਰਿਸ਼ ਹਨ। ਪਟੀਸ਼ਨਕਰਤਾਵਾਂ ਨੇ ਕੇਂਦਰ ਅਤੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਨੂੰ ਫਿਲਮ ਦੇ ਸਰਟੀਫਿਕੇਟ ਨੂੰ ਰੱਦ ਕਰਨ ਅਤੇ 'ਇਤਰਾਜ਼ਯੋਗ' ਦ੍ਰਿਸ਼ਾਂ ਨੂੰ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਅਦਾਲਤ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਸਿੱਖ ਬੁੱਧੀਜੀਵੀਆਂ ਵਾਲੇ ਮਾਹਿਰ ਪੈਨਲ ਤੋਂ ਫਿਲਮ ਦੀ ਸਮੀਖਿਆ ਕਰਵਾਈ ਜਾਵੇ। ਇਸ ਬਾਰੇ ਘੁੱਗੀ ਨੇ ਕਿਹਾ, 'ਫਿਲਮ 'ਐਮਰਜੈਂਸੀ' ਕੇ ਬਾਰੇ ਮੇਂ ਇਤਰਾਜ਼ ਜਤਾਇਆ ਜਾ ਰਹਾ ਹੈ.. ਹਮ ਭੀ ਉਸੀ ਭਾਈਚਾਰੇ ਸੇ ਹੈਂ, ਹਮ ਭੀ ਫਿਲਮ ਬਨਾਤੇ ਹੈਂ। ਹਮ ਨੇ ਭੀ ਫਿਲਮੇਂ ਬਨਾਈ ਹੈਂ ਮਨੋਰੰਜਨ ਕੇ ਲਈ, ਅਗਰ ਮੈਂ ਇਸ ਮੇ ਕੋਈ ਏਜੰਡਾ ਲੇ ਕਰ ਆਉਂਗਾ ਤੋ ਗਲਤ ਬਾਤ ਹੈ।'

# ਦੀਪਿਕਾ ਤੇ ਰਣਵੀਰ ਦੇ ਘਰ ਆਈ ਨੰਨ੍ਹੀ ਪਰੀ

ਬੌਲੀਵੁੱਡ ਦੀ ਸਟਾਰ ਜੋੜੀ ਦੀਪਿਕਾ ਪਾਦੂਕੋਨ ਤੇ ਰਣਵੀਰ ਸਿੰਘ ਦੇ ਘਰ ਧੀ ਨੇ ਜਨਮ ਲਿਆ ਹੈ। ਇਹ ਇਸ ਜੋੜੇ ਦਾ ਪਹਿਲਾ ਬੱਚਾ ਹੈ। 'ਰਾਮਲੀਲਾ', 'ਬਾਜੀਰਾਓ ਮਸਤਾਨੀ' ਤੇ '83' ਜਿਹੀਆਂ ਫ਼ਿਲਮਾਂ ਵਿੱਚ ਇਕੱਠਿਆਂ ਨਜ਼ਰ ਆਈ ਇਸ ਜੋੜੀ ਨੇ ਇੱਕ ਸਾਂਝੀ ਇੰਸਟਾਗ੍ਰਾਮ ਪੋਸਟ ਰਾਹੀਂ ਘਰ ਵਿੱਚ ਧੀ ਦੇ ਆਉਣ ਦੀ ਖ਼ੁਸ਼ੀ ਸਾਂਝੀ ਕੀਤੀ। ਉਨ੍ਹਾਂ ਲਿਖਿਆ, "ਵੈਲਕਮ ਬੇਬੀ ਗਰਲ! 8.9.2024।" ਦੀਪਿਕਾ ਨੂੰ ਸ਼ਨਿੱਚਰਵਾਰ ਨੂੰ ਮੁੰਬਈ ਦੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਇਸ ਦੌਰਾਨ ਆਲੀਆ ਭੱਟ, ਅਰਜੁਨ



ਕਪੂਰ ਤੇ ਅਨੰਨਿਆ ਪਾਂਡੇ ਸਣੇ ਫ਼ਿਲਮ ਇੰਡਸਟਰੀ ਦੇ ਕਈ ਸਹਿ-ਕਰਮੀਆਂ ਨੇ ਦੀਪਿਕਾ ਤੇ ਰਣਵੀਰ ਨੂੰ ਸੋਸ਼ਲ ਮੀਡੀਆ 'ਤੇ ਵਧਾਈ ਦਿੱਤੀ ਹੈ। ਭੱਟ ਨੇ ਇਸ ਜੋੜੇ ਦੀ ਪੋਸਟ ਦੇ ਕੁਮੈਂਟਸ ਸੈਕਸ਼ਨ ਵਿੱਚ ਲੜੀਵਾਰ ਦਿਲ ਤੇ ਜਸ਼ਨਾਂ ਵਾਲੀ ਇਮੋਜੀ'ਜ਼ ਸਾਂਝੀਆਂ ਕੀਤੀਆਂ। ਅਰਜੁਨ ਕਪੂਰ ਨੇ ਕਿਹਾ, "ਲਕਸ਼ਮੀ ਆਈ ਹੈ!!! ਰਾਣੀ ਇਥੇ ਹੈ।" ਅਨੰਨਿਆ ਪਾਂਡੇ ਨੇ ਲਿਖਿਆ, "ਬੇਬੀ ਗਰਲ! ਮੁਬਾਰਕਾਂ।" ਸ਼੍ਰਧਾ ਕਪੂਰ, ਕ੍ਰਿਤੀ ਸੈਨਨ, ਸ਼ਰਵਰੀ, ਸੋਨਾਕਸ਼ੀ ਸਿਨਹਾ ਤੇ ਸੰਜੇ ਕਪੂਰ ਸਣੇ ਕੁਝ ਹੋਰ ਫ਼ਿਲਮੀ ਹਸਤੀਆਂ ਨੇ ਨਵੇਂ ਬਣੇ ਮਾਪਿਆਂ ਨੂੰ ਵਧਾਈ ਦਿੱਤੀ।

# ਪੰਜਾਬੀਆਂ ਦੀ ਜ਼ਿੰਦਗੀ, ਹਕੀਕਤ ਤੇ ਤਲਖ਼ ਸੱਚਾਈਆਂ ਨਾਲ ਜੁੜੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ'

ਹਰਜਿੰਦਰ ਸਿੰਘ ਜਵੰਦਾ

ਪੰਜਾਬੀ ਸੰਗੀਤ ਅਤੇ ਅਦਾਕਾਰੀ ਦੇ ਖੇਤਰ ਵਿੱਚ ਨਿਰੰਤਰ ਸਫਲਤਾ ਦੀਆਂ ਉੱਚੀਆਂ ਮੰਜਲਾਂ ਨੂੰ ਛੂਹਣ ਵਾਲਾ ਗਾਇਕ ਅਤੇ ਨਾਇਕ ਗਿੱਪੀ ਗਰੇਵਾਲ ਇਨੀਂ ਦਿਨੀਂ ਆਪਣੀ ਅਗਾਮੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਨਾਲ ਕਾਫ਼ੀ ਚਰਚਾ 'ਚ ਨਜ਼ਰ ਆ ਰਿਹਾ ਹੈ। ਗਿੱਪੀ ਗਰੇਵਾਲ ਪੰਜਾਬੀ ਸਿਨਮੇ ਦਾ ਇੱਕ ਉਹ ਅਦਾਕਾਰ ਹੈ ਜਿਸ ਦੀਆਂ ਫ਼ਿਲਮਾਂ ਨੇ ਦਰਸ਼ਕਾਂ ਨੂੰ ਕਦੇ ਨਿਰਾਸ਼ ਨਹੀਂ ਕੀਤਾ। ਉਸ ਦੀਆਂ ਫ਼ਿਲਮਾਂ ਦਾ ਇੱਕ ਵੱਖਰਾ



ਦਰਸ਼ਕ ਵਰਗ ਹੈ ਜੋ ਉਸ ਦੀ ਹਰੇਕ ਫ਼ਿਲਮ ਦੀ ਉਡੀਕ ਕਰਦਾ ਹੈ। ਆਉਣ ਵਾਲੀ 13 ਸਤੰਬਰ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਨਣ ਜਾ ਰਹੀ ਗਿੱਪੀ ਗਰੇਵਾਲ ਦੀ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਵੀ ਦਰਸ਼ਕਾਂ ਵੱਲੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਹੈ। ਦੂਜੇ ਪਾਸੇ ਗਿੱਪੀ ਗਰੇਵਾਲ ਆਪਣੀ ਫ਼ਿਲਮ ਦੀ ਟੀਮ ਸਮੇਤ ਫਿਲਮ ਦੀ ਪਰਮੋਸ਼ਨ 'ਚ ਲੱਗੇ ਨਜ਼ਰ ਆ ਰਹੇ ਹਨ। ਜਿਸ ਦੇ ਚਲਦਿਆਂ ਪਿਛਲੇ ਦਿਨੀਂ ਗਿੱਪੀ ਗਰੇਵਾਲ ਆਪਣੀ ਇਸ ਫ਼ਿਲਮ ਦੀ ਸਮੁੱਚੀ ਟੀਮ ਸਮੇਤ ਤਖਤ ਸ਼੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਅਤੇ ਉਨ੍ਹਾਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਤਖਤ ਸ਼੍ਰੀ ਹਜ਼ੂਰ ਸਾਹਿਬ ਦੀ ਮੈਨੇਜਮੈਂਟ ਕਮੇਟੀ ਵਲੋਂ ਫਿਲਮ ਦੀ ਟੀਮ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਵਲੋਂ ਗਿੱਪੀ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ ਅਤੇ ਇੱਕ ਚੰਗੀ ਫ਼ਿਲਮ ਪੰਜਾਬੀਆਂ ਦੀ ਝੋਲੀ ਪਾਉਣ ਲਈ ਧੰਨਵਾਦ ਕੀਤਾ ਗਿਆ।

ਦੱਸ ਦੇਈਏ ਕਿ ਗਿੱਪੀ ਗਰੇਵਾਲ ਵੱਲੋਂ ਖੁਦ ਲਿਖੀ ਅਤੇ ਨਿਰਦੇਸ਼ਿਤ ਇਹ ਫ਼ਿਲਮ ਇਨਸਾਨ ਦੇ ਜੀਵਨ ਅਤੇ ਸੰਘਰਸ਼ਾਂ ਦੀ ਝਲਕ ਨੂੰ ਪਰਦੇ 'ਤੇ ਪੇਸ਼ ਕਰੇਗੀ। ਜੀਓ ਸਟੂਡਿਓਜ਼', 'ਹੰਬਲ ਮੋਸ਼ਨ ਪਿਕਚਰਜ਼' ਅਤੇ 'ਪਨੋਰਮਾ ਸਟੂਡਿਓਜ਼' ਵੱਲੋਂ ਪ੍ਰੋਡਿਊਸ ਇਸ ਫ਼ਿਲਮ ਦੇ ਨਿਰਮਾਤਾ ਰਵਨੀਤ ਕੌਰ ਗਰੇਵਾਲ, ਜਯੋਤੀ ਦੇਸ਼ਪਾਂਡੇ, ਕੁਮਾਰ ਮੰਗਤ ਪਾਠਕ, ਅਭਿਸ਼ੇਕ ਪਾਠਕ, ਦਿਵਿਆ ਧਮੀਜਾ, ਮੁਰਲੀਧਰ ਛਤਵਾਨੀ, ਸੰਜੀਵ ਜੋਸ਼ੀ, ਭਾਨਾ ਐੱਲ ਏ ਅਤੇ ਵਿਨੋਦ ਅਸਵਾਲ ਹਨ। ਇਸ ਫ਼ਿਲਮ ਵਿੱਚ ਅਦਾਕਾਰਾ ਜੈਸਮੀਨ ਭਸੀਨ, ਗੁਰਪ੍ਰੀਤ ਘੁੱਗੀ ਤੋਂ ਇਲਾਵਾ ਪ੍ਰਿੰਸ ਕੰਵਲਜੀਤ ਸਿੰਘ, ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਜੱਗੀ ਸਿੰਘ, ਰਘੂਬੀਰ ਬੋਲੀ, ਰੁਪਿੰਦਰ ਰੂਪੀ, ਰਾਣਾ ਜੰਗ ਬਹਾਦਰ, ਸਰਦਾਰ ਸੋਹੀ, ਮਲਕੀਤ ਰੌਣੀ, ਰਵਿੰਦਰ ਮੰਡ ਅਤੇ ਤਾਨਿਆ ਮਹਾਜਨ ਆਦਿ ਨਾਮੀ ਸਿਤਾਰੇ ਵੀ ਅਹਿਮ ਭੂਮਿਕਾ 'ਚ ਨਜ਼ਰ ਆਉਣਗੇ।

## ਕੈਨੇਡਾ: ਟਰੂਡੋ-ਜਗਮੀਤ ਵਿਚਾਲੇ ਟੁੱਟ ਗਈ

ਐਨ.ਡੀ.ਪੀ. ਆਗੂ ਜਗਮੀਤ ਸਿੰਘ ਇਸੇ ਸਤੰਬਰ ਮਹੀਨੇ ਦੇ ਅੱਧ ਦੌਰਾਨ ਪਾਰਲੀਮੈਂਟ ਵਿੱਚ ਟਰੂਡੋ ਖ਼ਿਲਾਫ਼ ਬੇਭਰੋਸਗੀ ਮਤਾ ਲਿਆ ਸਕਦੇ ਹਨ ਪਰ ਜਦੋਂ ਤੱਕ 119 ਸੀਟਾਂ ਵਾਲੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰੇ ਪੋਇਲਿਵਰੇ ਉਸ ਮਤੇ ਦਾ ਹਾਂ-ਪੱਖੀ ਹੁੰਗਾਰਾ ਨਹੀਂ ਦਿੰਦੇ, ਉਦੋਂ ਤੱਕ ਕੁਝ ਨਹੀਂ ਹੋਵੇਗਾ। ਵੈਸੇ ਵੀ ਕਿਉਂਕਿ ਪਾਰਟੀ ਦੇ 32 ਸੰਸਦ ਮੈਂਬਰਾਂ ਦਾ ਰੁੱਖ ਵੀ ਟਰੂਡੋ ਦੇ ਭਵਿੱਖ ਦਾ ਫੈਸਲਾ ਕਰੇਗਾ। ਇਸ ਵੇਲੇ ਟਰੂਡੋ ਦੇ 130 ਸੰਸਦ ਮੈਂਬਰ ਹਨ ਅਤੇ ਪ੍ਰਧਾਨ ਮੰਤਰੀ ਬਣੇ ਰਹਿਣ ਲਈ ਉਨ੍ਹਾਂ ਨੂੰ 9 ਹੋਰ ਸੰਸਦ ਮੈਂਬਰਾਂ ਦੀ ਲੋੜ ਹੈ। ਇਸ ਲਈ ਇਹ ਮੰਨਣਾ ਸਹੀ ਨਹੀਂ ਹੋਵੇਗਾ ਕਿ ਟਰੂਡੋ ਸਰਕਾਰ ਹੁਣ ਡਿੱਗ ਚੁੱਕੀ ਹੈ। ਹਾਲਾਂਕਿ, ਇਹ ਯਕੀਨੀ ਤੌਰ 'ਤੇ ਸੰਭਵ ਹੈ ਕਿ ਕੈਨੇਡਾ ਛੇਤੀ ਆਮ ਚੋਣਾਂ ਕਰਵਾ ਸਕਦਾ ਹੈ। ਫਿਰ ਜਸਟਿਨ ਟਰੂਡੋ ਦੇ ਦੁਬਾਰਾ ਪ੍ਰਧਾਨ ਮੰਤਰੀ ਬਣਨ 'ਤੇ ਸ਼ਾਇਦ ਬਰੇਕ ਲੱਗ ਜਾਵੇ।ਕੈਨੇਡਾ 'ਚ ਲਿਬਰਲ ਪਾਰਟੀ ਦੀ ਟਰੂਡੋ ਸਰਕਾਰ 'ਤੇ ਅਯੋਗਤਾ ਦੇ ਬੇਸ਼ੱਕ ਦੋਸ਼ ਲੱਗਣ ਪਰ ਭਵਿੱਖ 'ਚ ਕੰਜ਼ਰਵੇਟਿਵ ਪਾਰਟੀ ਨੂੰ ਬਹੁਮਤ ਮਿਲਣ ਦੇ ਕੋਈ ਸੰਕੇਤ ਨਹੀਂ ਹਨ।

**ਕੈਨੇਡਾ ਦੇ ਨਾਗਰਿਕਾਂ ਦਾ ਝੁਕਾਅ :** ਅਬੈਕਸ ਡਾਟਾ ਵੱਲੋਂ ਅਗਸਤ 'ਚ ਕਰਵਾਏ ਸਰਵੇਖਣ ਅਨੁਸਾਰ ਕੈਨੇਡਾ ਦੇ ਵੋਟਰ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਨੂੰ 42 ਫ਼ੀਸਦ, ਲਿਬਰਲਜ਼ ਨੂੰ ਕਰੀਬ 25 ਫ਼ੀਸਦ ਅਤੇ ਐੱਨ.ਡੀ.ਪੀ. ਨੂੰ 18 ਫ਼ੀਸਦ ਵੋਟਾਂ ਪਾਉਣਗੇ।

ਵਿਦਿਆਰਥੀਆਂ ਦਾ ਮੋਹ ਭੰਗ : ਕੈਨੇਡਾ ਦੇ ਮੌਜੂਦਾ ਸਿਆਸੀ ਹਾਲਾਤਾਂ ਅਤੇ ਬੇਰੁਜ਼ਗਾਰੀ ਵਿੱਚ ਵਾਧੇ ਕਾਰਨ ਕੈਨੇਡਾ ਆ ਕੇ ਸੱਟਡੀ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ।2022 ਵਿੱਚ, ਕੈਨੇਡਾ ਵਿੱਚ 5.5 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ, 2.26 ਲੱਖ ਭਾਰਤ ਤੋਂ ਸਨ, ਜਿਨ੍ਹਾਂ ਵਿੱਚ 3.2 ਲੱਖ ਉਹ ਵੀ ਸ਼ਾਮਲ ਸਨ ਜੋ ਭਾਰਤੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਵਿੱਚ ਰਹੇ ਅਤੇ ਉਨ੍ਹਾਂ ਨੇ ਗੀਗ ਵਰਕਰਾਂ ਵਜੋਂ ਆਰਥਿਕਤਾ ਵਿੱਚ ਯੋਗਦਾਨ ਪਾਇਆ। ਇਸ ਤੋਂ ਇਲਾਵਾ ਕੈਨੇਡਾ ਵਿੱਚ ਸ਼ਰੇਆਮ ਸੜਕਾਂ 'ਤੇ ਘੁੰਮ ਰਹੇ ਨਸ਼ੇੜੀਆਂ ਕਾਰਨ ਵੀ ਅੰਤਰਰਾਸ਼ਟਰੀ ਵਿਦਿਆਰਥੀ ਹੁਣ ਕੈਨੇਡਾ ਜਾਣ ਤੋਂ ਗੁਰੇਜ਼ ਕਰਨ ਲੱਗ ਪਏ ਹਨ। ਕੈਨੇਡਾ ਗਏ ਵੱਡੀ ਗਿਣਤੀ ਪੰਜਾਬੀ ਨੌਜਵਾਨ ਕੈਨੇਡਾ ਵਿੱਚ ਕੰਮ ਨਾ ਮਿਲਣ ਕਾਰਨ ਹੁਣ ਕਿਸੇ ਨਾ ਕਿਸੇ ਤਰੀਕੇ ਅਮਰੀਕਾ ਜਾਣ ਦਾ ਯਤਨ ਕਰ ਰਹੇ ਹਨ।

**50% ਘੱਟ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ:** ਕੈਨੇਡਾ ਵਿੱਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਾਣਕਾਰੀ ਮੁਤਾਬਕ ਕੈਨੇਡਾ ਵੱਲੋਂ ਇਸ ਸਾਲ ਦਿੱਤੀ ਗਈ ਸਟੱਡੀ ਪਰਮਿਟ ਦੀ ਮਨਜ਼ੂਰੀ 'ਚ ਕਰੀਬ 50 ਫੀਸਦੀ ਦੀ ਕਮੀ ਆਉਣ ਦੀ ਸੰਭਾਵਨਾ ਹੈ। ਪ੍ਰਵਾਨਗੀਆਂ ਵਿੱਚ ਇਹ ਗਿਰਾਵਟ ਕੈਨੇਡੀਅਨ ਸਰਕਾਰ ਦੁਆਰਾ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਘਟਾਉਣ ਦੇ ਉਦੇਸ਼ ਨਾਲ ਚੁੱਕੇ ਜਾ ਰਹੇ ਕਦਮਾਂ ਕਾਰਨ ਹੋਵੇਗੀ।

ਕੈਨੇਡੀਅਨ ਅਖਬਾਰ 'ਦ ਗਲੋਬ ਐਂਡ ਮੇਲ' ਦੀ ਖਬਰ ਅਨੁਸਾਰ, 'ਅਪਲਾਈ ਬੋਰਡ ਕੰਪਨੀ' ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ 2024 ਦੇ ਅੰਤ ਤੱਕ ਦਿੱਤੇ ਗਏ ਨਵੇਂ ਸੱਟਡੀ ਪਰਮਿਟਾਂ ਦੀ ਗਿਣਤੀ 231,000 ਤੋਂ ਥੋੜ੍ਹੀ ਜ਼ਿਆਦਾ ਹੋਵੇਗੀ, ਜੋ ਕਿ 436,000 ਦੇ ਬਿਲਕੁਲ ਉਲਟ ਹੈ।

ਰਿਪੋਰਟ ਵਿੱਚ ਪਾਇਆ ਗਿਆ ਕਿ ਕੈਨੇਡਾ ਵਿੱਚ ਪੜ੍ਹਨ ਲਈ ਅਰਜ਼ੀਆਂ ਦੀ ਗਿਣਤੀ (ਪੋਸਟ ਗ੍ਰੈਜੂਏਟ ਵਿਦਿਆਰਥੀਆਂ ਸਮੇਤ, ਜਿਨ੍ਹਾਂ ਨੂੰ ਕੈਪ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ) ਵਿੱਚ ਵੀ ਇਸ ਸਾਲ ਤੇਜ਼ੀ ਨਾਲ ਗਿਰਾਵਟ ਆਈ ਹੈ। ਇਹ 2023 ਦੇ ਮੁਕਾਬਲੇ 2024 ਵਿੱਚ ਕੈਨੇਡੀਅਨ ਸਟੱਡੀ ਪਰਮਿਟਾਂ ਲਈ ਗਲੋਬਲ ਐਪਲੀਕੇਸ਼ਨਾਂ ਵਿੱਚ 39 ਪ੍ਰਤੀਸ਼ਤ ਦੀ ਗਿਰਾਵਟ ਦਾ ਅਨੁਮਾਨ ਹੈ।

ਕੈਨੇਡਾ ਉਹ ਦੇਸ਼ ਮੰਨਿਆ ਜਾਂਦਾ ਹੈ, ਜਿਸ ਨੇ ਹਮੇਸ਼ਾ ਹੀ ਪਰਵਾਸੀਆਂ ਦਾ ਸਵਾਗਤ ਕੀਤਾ ਹੈ ਪਰ ਮੌਜੂਦਾ ਸਮੇਂ ਕੈਨੇਡਾ ਦੇ ਹਾਲਾਤ ਬਦਹਾਲ ਹੋ ਰਹੇ ਹਨ। ਕੈਨੇਡਾ ਦੀ ਸਿਆਸਤ ਵਿੱਚ ਜਿਥੇ ਜਗਮੀਤ ਸਿੰਘ ਦੇ ਟਰੂਡੋ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੇ ਫ਼ੈਸਲੇ ਕਾਰਨ ਹਲਚਲ ਮਚੀ ਹੋਈ ਹੈ, ਉਥੇ ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂ ਵੀ ਜਗਮੀਤ ਸਿੰਘ ਬਾਰੇ ਕਈ ਤਰ੍ਹਾਂ ਦੇ ਬਿਆਨ ਦੇ ਰਹੇ ਹਨ। ਇਸ ਦੇ ਨਾਲ ਹੀ ਟਰੂਡੋ ਸਰਕਾਰ ਦੇ ਭਵਿੱਖ ਬਾਰੇ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਆਮ ਚੋਣਾਂ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ ਪਰ ਸਭ ਤੋਂ ਵੱਡਾ ਸਵਾਲ ਤਾਂ ਇਸ ਸਮੇਂ ਇਹ ਹੈ ਕਿ ਮੰਝਧਾਰ ਵਿੱਚ ਫ਼ਸੀ ਆਪਣੀ ਸਰਕਾਰ ਰੂਪੀ ਬੇੜੀ ਨੂੰ ਟਰੂਡੋ ਕਿਸ ਤਰ੍ਹਾਂ ਪਾਰ ਲਗਾਉਣਗੇ?

***

## ਕੀ ਭਾਰਤ 'ਚ ਸਿੱਖ ਨੂੰ ਪੱਗ ਬੰਨ੍ਹਣ ਜਾਂ

ਜਦੋਂਕਿ ਸਾਡਾ ਇਹ ਵਿਚਾਰ ਹੈ ਕਿ ਤੁਸੀਂ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼ ਜਾਂ ਫਿਰ ਕਿਸੇ ਹੋਰ ਰਾਜ ਨਾਲ ਸਬੰਧ ਰੱਖਦੇ ਹੋ। ਤੁਹਾਡੇ ਸਾਰਿਆਂ ਦਾ ਇੱਕ ਇਤਿਹਾਸ, ਰਵਾਇਤ ਤੇ ਭਾਸ਼ਾ ਹੈ ਅਤੇ ਇਨ੍ਹਾਂ ਵਿਚੋਂ ਸਾਰੇ ਅਹਿਮ ਹਨ। ਤੁਸੀਂ ਉਦੋਂ ਕੀ ਕਰੋਗੇ ਜੇ ਕੋਈ ਤੁਹਾਨੂੰ ਇਹ ਕਹੇ ਕਿ ਤੁਸੀਂ ਤਾਮਿਲ ਨਹੀਂ ਬੋਲ ਸਕਦੇ, ਤੁਹਾਨੂੰ ਕਿੰਝ ਲੱਗੇਗਾ, ਤੁਸੀਂ ਕੀ ਪ੍ਰਤੀਕਿਰਿਆ ਦੇਵੋਗੇ, ਇਹ ਆਰ.ਐੱਸ.ਐੱਸ. ਦੀ ਵਿਚਾਰਧਾਰਾ ਹੈ ਕਿ ਤਾਮਿਲ, ਮਰਾਠੀ, ਬੰਗਾਲੀ ਤੇ ਮਨੀਪੁਰੀ ਤੁੱਛ ਭਾਸ਼ਾਵਾਂ ਹਨ, ਲੜਾਈ ਇਸੇ ਗੱਲ ਦੀ ਹੈ।" ਗਾਂਧੀ ਨੇ ਕਿਹਾ, "ਕੀ ਸਾਡੇ ਕੋਲ ਅਜਿਹਾ ਭਾਰਤ ਹੋਵੇਗਾ, ਜਿੱਥੇ ਲੋਕਾਂ ਨੂੰ ਇਹ ਮੰਨਣ ਦੀ ਖੁੱਲ੍ਹ ਹੋਵੇਗੀ ਕਿ ਉਹ ਆਪਣੀ ਮਰਜ਼ੀ ਮੁਤਾਬਕ ਰਾਏ ਰੱਖ ਸਕਦੇ ਹਨ, ਲੋਕਾਂ ਨੂੰ ਬੋਲਣ ਤੇ ਸੁਣਨ ਦੀ ਆਜ਼ਾਦੀ ਹੋਵੇਗੀ ਜਾਂ ਫਿਰ ਸਾਡੇ ਕੋਲ ਅਜਿਹਾ ਭਾਰਤ ਹੋਵੇਗਾ ਜਿੱਥੇ ਕੁਝ ਮੁੱਠੀ ਭਰ ਫੈਸਲੇ ਲੈ ਸਕਣਗੇ। ਮੁਸ਼ਕਿਲ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਭਾਰਤ ਕੀ ਹੈ ਤੇ ਇਸ ਦਾ ਇਤਿਹਾਸ ਕੀ ਹੈ।"

***

## ਪੰਜਾਬ ਵੱਲੋਂ ਕੇਂਦਰ ਤੋਂ ਕਰਜ਼ਾ ਹੱਦ

ਜਿਨ੍ਹਾਂ ਵਿੱਚ ਘਰੇਲੂ ਬਿਜਲੀ ਦੀ ਤਿੰਨ ਰੁਪਏ ਪ੍ਰਤੀ ਯੂਨਿਟ ਸਬਸਿਡੀ ਦੀ ਵਾਪਸੀ, ਤੇਲ ਕੀਮਤਾਂ 'ਤੇ ਵੈਟ ਵਿੱਚ ਵਾਧਾ, ਜ਼ਮੀਨਾਂ ਦੇ ਸਰਕਾਰੀ ਭਾਅ 'ਚ ਬੜੋਤਰੀ, ਬੱਸ ਕਿਰਾਏ ਵਿੱਚ ਵਾਧਾ ਅਤੇ ਗਰੀਨ ਟੈਕਸ ਆਦਿ ਲਗਾਇਆ ਗਿਆ ਹੈ। ਪੰਜਾਬ ਸਰਕਾਰ ਨੂੰ ਮਾਲੀਆ ਪ੍ਰਾਪਤੀਆਂ ਵਿੱਚ ਵਾਧੇ ਤੋਂ ਤਾਂ ਤਸੱਲੀ ਹੈ ਪਰ ਸਰਕਾਰ ਦੇ ਖ਼ਰਚਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਆਮਦਨ ਤੇ ਖ਼ਰਚ ਵਿਚਲਾ ਖੱਪਾ ਵਧਦਾ ਜਾ ਰਿਹਾ ਹੈ। ਸਰਕਾਰ ਦੀ ਵੱਡੀ ਚਿੰਤਾ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹਾਂ ਦੇਣ ਦੀ ਹੈ। ਅਗਸਤ ਮਹੀਨੇ ਦੀ ਤਨਖ਼ਾਹ 4 ਸਤੰਬਰ ਨੂੰ ਦਿੱਤੀ ਜਾ ਸਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨਾਂ ਤੋਂ ਵਿੱਤੀ ਸੰਕਟ ਦੇ ਮੱਦੇਨਜ਼ਰ ਕਮਾਨ ਆਪਣੇ ਹੱਥ ਲੈ ਲਈ ਹੈ ਪਰ ਪੰਜਾਬ ਦੇ ਵਿੱਤ ਨੂੰ ਲੈ ਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਲਈ ਇਹ ਪਰਖ ਦੀ ਘੜੀ ਹੈ। ਸੂਬਾ ਸਰਕਾਰ ਨੇ ਵੱਖ ਵੱਖ ਵਿਭਾਗਾਂ ਨੂੰ ਪੱਤਰ ਲਿਖ ਕੇ ਮੌਜੂਦ ਪਏ ਫੰਡਾਂ ਦੇ ਵੇਰਵੇ ਵੀ ਪੁੱਛੇ ਹਨ। ਪ੍ਰੋਡਾ ਨੇ ਵੀ ਸੂਬੇ ਭਰ ਵਿੱਚ ਆਪਣੀਆਂ ਸੰਮਤੀਆਂ ਦੀ ਨਿਲਾਮੀ ਦੀ ਮੁਹਿੰਮ ਵਿੱਢੀ ਹੋਈ ਹੈ।

***

## ਸ਼ਹਿਰ ਤੇਰਾਚੀਨਾ ਦੀਆਂ ਗਲੀਆਂ

ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਸਰਵਣ ਕਰਵਾਇਆ। ਇਸ ਮੌਕੇ 96 ਕਰੋੜੀ ਗੱਤਕਾ ਅਕੈਡਮੀ ਪੁਨਤੀਨੀਆ ਦੇ ਨੰਨੇ ਮੁੰਨੇ ਸਿੰਘਾਂ ਨੇ ਸਿੱਖ ਮਾਰਸ਼ਲ ਆਰਟ ਦੇ ਹੈਰਤਅੰਗੇਜ਼ ਕਰਤੱਬ ਵੀ ਦਿਖਾਏ ਤੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦਸਤਾਰ ਲਹਿਰ ਦੇ ਸਿੰਘਾਂ ਵੱਲੋਂ ਸੰਗਤਾਂ ਦੇ ਦਸਤਾਰਾਂ ਵੀ ਸਜਾਈਆਂ ਗਈਆਂ। ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ 'ਤੇ ਸਭ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਗੁਰੂ ਜੀ ਨੂੰ ਯਾਦ ਕਰਦਿਆਂ ਗੁਰਪੁਰਬ ਮਨਾਉਣੇ ਸਿੱਖੀ ਦੇ ਬੂਟੇ ਨੂੰ ਵਿਦੇਸ਼ਾਂ ਵਿੱਚ ਪ੍ਰਫੁੱਲਤ ਕਰਨ ਲਈ ਅਹਿਮ ਯੋਗਦਾਨ ਹੈ। ਨਗਰ ਕੀਰਤਨ ਵਿੱਚ ਰੋਮ, ਲਾਸੀਓ, ਵਿਲੇਤਰੀ, ਚਿਸਤੇਰਨਾ ਦੀ ਲਾਤੀਨਾ, ਸਬਾਊਦੀਆ, ਸੰਨਵੀਤੋ, ਪੁਨਤੀਨੀਆ, ਫੌਂਦੀ ਆਦਿ ਇਲਾਕਿਆਂ ਤੇ ਗੁਰਦੁਆਰਾ ਸਿੰਘ ਸਭਾਵਾਂ ਤੋਂ ਸੰਗਤਾਂ ਕਾਫਲਿਆਂ ਦੇ ਰੂਪ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੀਆਂ। ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ (ਲਾਤੀਨਾ) ਦੀ ਪ੍ਰਬੰਧਕ ਕਮੇਟੀ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸੇਵਾ ਕਰਨ ਵਾਲੇ ਸਮੂਹ ਸੇਵਾਦਾਰਾਂ ਦਾ ਗੁਰੂ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

***

## ਟਰੰਪ ਦੀ ਖੁੱਲ੍ਹੀ ਧਮਕੀ, 'ਡਾਲਰ' ਛੱਡਣ

ਇਸ ਤੋਂ ਇਲਾਵਾ ਭਾਰਤੀ ਰਿਜ਼ਰਵ ਬੈਂਕ ਵੀ ਅਮਰੀਕਾ ਦੀ ਪੇਮੈਂਟ ਸਿਸਟਮ ਡਾਲਰ ਦੀ ਥਾਂ ਭਾਰਤੀ ਰੁਪਇਆ ਸਥਾਪਤ ਕਰਨਾ ਚਾਹੁੰਦਾ ਹੈ। ਇਸ ਲਈ ਟਰੰਪ ਦੀ ਇਸ ਧਮਕੀ ਨੂੰ ਭਾਰਤ ਨਾਲ ਵੀ ਜੋੜਿਆ ਜਾ ਰਿਹਾ ਹੈ ਕਿਉਂਕਿ ਜੇਕਰ ਟਰੰਪ ਅਜਿਹਾ ਕਰਦੇ ਹਨ ਤਾਂ ਇਸ ਦਾ ਅਸਰ ਭਾਰਤ ਦੇ ਵਪਾਰ 'ਤੇ ਪੈਣਾ ਯਕੀਨੀ ਹੈ। ਭਾਰਤ ਤੋਂ ਇਲਾਵਾ ਹੋਰ ਦੇਸ਼ ਵੀ ਡਾਲਰ 'ਤੇ ਨਿਰਭਰਤਾ ਖਤਮ ਕਰਨਾ ਚਾਹੁੰਦੇ ਹਨ, ਸਾਊਦੀ ਅਰਬ, ਚੀਨ ਅਤੇ ਰੂਸ ਇਸ 'ਚ ਸਭ ਤੋਂ ਵੱਡੇ ਖਿਡਾਰੀ ਸਾਬਤ ਹੋਏ ਹਨ।

**ਅਮਰੀਕਾ ਦੀ ਅਰਥਵਿਵਸਥਾ ਤੋਂ ਦੁਨੀਆਂ ਦਾ ਭਰੋਸਾ ਡਗਮਗਾਇਆ**

ਦਰਅਸਲ ਦੁਨੀਆਂ ਭਰ 'ਚ ਡਾਲਰ ਖ਼ਿਲਾਫ਼ ਵਧਦੀ ਵਿਰੋਧ ਦੀ ਆਵਾਜ਼ ਨੇ ਅਮਰੀਕਾ ਨੂੰ ਪਰੇਸ਼ਾਨ ਕਰ ਦਿੱਤਾ ਹੈ।

ਟਰੰਪ ਨੇ ਇਹ ਬਿਆਨ ਆਪਣੇ ਆਰਥਿਕ ਸਲਾਹਕਾਰਾਂ ਨਾਲ ਚਰਚਾ ਕਰਨ ਤੋਂ ਬਾਅਦ ਹੀ ਦਿੱਤਾ ਹੈ। ਟਰੰਪ ਜਾਂ ਕੋਈ ਵੀ ਅਮਰੀਕੀ ਰਾਸ਼ਟਰਪਤੀ ਦੁਨੀਆਂ 'ਚ ਡਾਲਰ ਦੇ ਦਬਦਬੇ ਨੂੰ ਘੱਟ ਨਹੀਂ ਹੋਣ ਦੇਣਾ ਚਾਹੇਗਾ ਕਿਉਂਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਦੁਨੀਆਂ 'ਤੇ ਉਨ੍ਹਾਂ ਦਾ ਪ੍ਰਭਾਵ ਘੱਟ ਜਾਵੇਗਾ। ਅਮਰੀਕੀ ਅਰਥਚਾਰੇ ਨੂੰ ਡਾਲਰ ਦੇ ਗਲੋਬਲ ਮੁਦਰਾ ਹੋਣ ਦਾ ਬਹੁਤ ਫ਼ਾਇਦਾ ਹੁੰਦਾ ਹੈ। ਇਸ ਨਾਲ ਅਮਰੀਕਾ ਲਈ ਕਰਜ਼ਾ ਲੈਣਾ ਆਸਾਨ ਹੋ ਜਾਂਦਾ ਹੈ। ਅਮਰੀਕਾ ਹਰ ਸਾਲ ਆਪਣੇ ਬਾਂਡ ਜਾਰੀ ਕਰਦਾ ਹੈ ਅਤੇ ਲੋਕਾਂ ਤੋਂ ਮੁਦਰਾ ਇਕੱਠਾ ਕਰਦਾ ਹੈ। ਇਸ ਨਾਲ ਅਮਰੀਕਾ ਦੀ ਆਰਥਿਕਤਾ ਨੂੰ ਵਧਣਾ ਜਾਰੀ ਰੱਖਣਾ ਆਸਾਨ ਹੋ ਜਾਂਦਾ ਹੈ। ਜਾਪਾਨ ਨੇ ਲਗਭਗ 1 ਟ੍ਰਿਲੀਅਨ ਡਾਲਰ ਦੇ ਅਮਰੀਕੀ ਬਾਂਡ ਖਰੀਦੇ ਹਨ, ਜਦਕਿ ਚੀਨ ਨੇ ਲਗਭਗ 750 ਬਿਲੀਅਨ ਡਾਲਰ ਖਰੀਦੇ ਹਨ, ਪਰ ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਦੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ, ਲੋਕ ਡਾਲਰ ਦੀ ਬਜਾਏ ਕਿਸੇ ਹੋਰ ਕਰੰਸੀ ਨੂੰ ਨਵੀਂ ਅੰਤਰਰਾਸ਼ਟਰੀ ਮੁਦਰਾ ਬਣਾਉਣਾ ਚਾਹੁੰਦੇ ਹਨ। ਚੀਨ ਦਾ ਯੁਆਨ ਇਸ ਦੌੜ ਵਿੱਚ ਸਭ ਤੋਂ ਅੱਗੇ ਹੈ।

***

## ਬੇਰੁਜ਼ਗਾਰੀ ਤੇ ਮੰਦੀ ਕਾਰਨ 10 ਸਾਲਾਂ ਦੇ

ਕੈਨੇਡਾ ਵਿਚ ਵੱਧ ਰਹੇ ਬੇਰੁਜ਼ਗਾਰੀ ਸੰਕਟ ਨਾਲ ਭਾਰਤੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।

ਕੈਨੇਡਾ ਦੀ ਆਬਾਦੀ ਪਿਛਲੇ ਸਾਲ 3.2 ਫੀਸਦੀ ਵਧੀ ਹੈ। ਵਿਦੇਸ਼ੀ ਵਿਦਿਆਰਥੀ ਅਤੇ ਅਸਥਾਈ ਕਾਮੇ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੇਹਨ। ਇਹ ਲਗਾਤਾਰ ਦੂਜਾ ਸਾਲ ਹੈ ਜਦੋਂ 10 ਲੱਖ ਤੋਂ ਵੱਧ ਲੋਕ ਕੈਨੇਡਾ ਆਏ ਹਨ। ਇਸ ਨੇ ਹਾਊਸਿੰਗ ਸੰਕਟ ਅਤੇ ਵਧਦੀ ਬੇਰੁਜ਼ਗਾਰੀ ਨਾਲ ਜੂਝ ਰਹੀ ਜਸਟਿਨ ਟਰੂਡੋ ਦੀ ਸਰਕਾਰ ਨੂੰ ਨਵੇਂ ਪ੍ਰਵਾਸੀਆਂ ਦੀ ਗਿਣਤੀ ਨੂੰ ਰੋਕਣ ਲਈ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ। ਇਸ ਸਾਲ ਅਗਸਤ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਆਏ ਪ੍ਰਵਾਸੀਆਂ ਦੀ ਬੇਰੁਜ਼ਗਾਰੀ ਦਰ 12.3 ਫੀਸਦੀ ਰਹੀ। ਇਹ ਕੈਨੇਡਾ ਵਿੱਚ ਪੈਦਾ ਹੋਏ ਅਤੇ 10 ਸਾਲ ਤੋਂ ਵੱਧ ਸਮਾਂ ਪਹਿਲਾਂ ਪਰਵਾਸ ਕਰਨ ਵਾਲਿਆਂ ਲਈ ਦੁੱਗਣੀ ਦਰ ਤੋਂ ਵੱਧ ਹੈ।

ਵਿਦਿਆਰਥੀਆਂ ਉੱਪਰ ਪਾਬੰਦੀਆਂ

ਕੈਨੇਡਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਹਾਇਸ਼ੀ ਸੰਕਟ ਦਾ ਸਾਹਮਣਾ ਕਰ ਰਹੇ ਭਾਰਤੀਆਂ ਲਈ ਇਹ ਨਵਾਂ ਸੰਕਟ ਕਿਸੇ ਆਫ਼ਤ ਤੋਂ ਘੱਟ ਨਹੀਂ ਹੈ। ਕੈਨੇਡਾ ਦੀ ਜਸਟਿਨ ਟਰੂਡੋ ਦੀ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਕੰਮ ਦੇ ਘੰਟੇ ਘਟਾ ਦਿੱਤੇ ਹਨ, ਜਿਸ ਕਾਰਨ ਹੁਣ ਉਨ੍ਹਾਂ ਲਈ ਆਪਣੇ ਖਰਚੇ ਪੂਰੇ ਕਰਨੇ ਔਖੇ ਹੋ ਜਾਣਗੇ।

ਕੈਨੇਡੀਅਨ ਸਰਕਾਰ ਰਿਹਾਇਸ਼ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਪ੍ਰਵਾਸੀ ਵਿਦਿਆਰਥੀਆਂ ਦੀ ਗਿਣਤੀ ਘਟਾਉਣਾ ਚਾਹੁੰਦੀ ਹੈ, ਜਿਸ ਲਈ ਉਹ ਨਵੇਂ ਨਿਯਮ ਬਣਾ ਰਹੀ ਹੈ। ਤਾਜ਼ਾ ਬਦਲਾਅ ਵੀ ਇਸ ਤੋਂ ਪ੍ਰੇਰਿਤ ਜਾਪਦਾ ਹੈ, ਜਿਸ ਨਾਲ ਭਾਰਤੀਆਂ ਲਈ ਆਰਥਿਕ ਸੰਕਟ ਪੈਦਾ ਹੋ ਸਕਦਾ ਹੈ।

ਨਵੇਂ ਨਿਯਮਾਂ ਤਹਿਤ ਪ੍ਰਵਾਸੀ ਵਿਦਿਆਰਥੀ ਕੈਨੇਡਾ ਵਿੱਚ ਹਫ਼ਤੇ ਵਿੱਚ ਸਿਰਫ਼ 24 ਘੰਟੇ ਹੀ ਕੰਮ ਕਰ ਸਕਦੇ ਹਨ। ਹਾਲਾਂਕਿ, ਇਹ 20 ਘੰਟਿਆਂ ਦੇ ਪਿਛਲੇ ਨਿਯਮ ਨਾਲੋਂ 4 ਘੰਟੇ ਵੱਧ ਹੈ, ਪਰ ਇਹ ਨਿਯਮ ਕੋਰੋਨਾ ਮਿਆਦ ਦੇ ਦੌਰਾਨ ਖਤਮ ਕਰ ਦਿੱਤੇ ਗਏ ਸਨ।

ਅਪ੍ਰੈਲ ਵਿੱਚ ਇੱਕ ਰਿਲੀਜ਼ ਜਾਰੀ ਕਰਦਿਆਂ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਕਿਹਾ, ਅਸੀਂ ਦੇਖਿਆ ਹੈ ਕਿ ਵਿਦੇਸ਼ੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਣ ਸਮੇਂ ਜ਼ਿਆਦਾ ਕੰਮ ਕਰਦੇ ਹਨ। ਇਸ ਕਾਰਨ ਉਨ੍ਹਾਂ ਦੇ ਅਕਾਦਮਿਕ ਨਤੀਜੇ ਚੰਗੇ ਨਹੀਂ ਹਨ। ਇਸ ਬਦਲਾਅ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਦੀ ਵਿੱਦਿਅਕ ਗੁਣਵੱਤਾ ਵਿੱਚ ਸੁਧਾਰ ਹੋਵੇਗਾ।

ਕੈਨੇਡਾ ਦੇ ਮੰਤਰੀ ਨੇ ਕੀ ਕਿਹਾ?

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਇਸ ਸਮੇਂ ਕਿਸੇ ਵੀ ਪ੍ਰਕਾਰ ਦੀ ਇਮੀਗ੍ਰੇਸ਼ਨ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਨਿਯਮਾਂ ਨੂੰ ਸੁਚਾਰੂ ਬਣਾਉਣ ਦੀ ਲੋੜ ਹੈ। ਸਾਡੇ ਨਿਯਮ ਲੋਕਾਂ ਨੂੰ ਆਕਰਸ਼ਿਤ ਕਰ ਰਹੇ ਹਨ, ਅਸੀਂ ਦੇਖ ਰਹੇ ਹਾਂ ਕਿ ਇੱਥੇ ਆਉਣ ਵਾਲੇ ਵਿਦਿਆਰਥੀਆਂ ਦਾ ਮਕਸਦ ਕੰਮ ਕਰਨਾ ਹੈ ਨਾ ਕਿ ਪੜ੍ਹਾਈ ਕਰਨਾ।

***

## ਕੈਨੇਡਾ 'ਚ ਸ਼ਰਨ ਲੈਣ ਦਾ ਦਾਅਵਾ

ਕੈਨੇਡਾ ਦੇ ਹਵਾਈ ਅੱਡਿਆਂ 'ਤੇ ਭਾਰਤੀਆਂ ਵੱਲੋਂ 6 ਹਜ਼ਾਰ ਸ਼ਰਨ ਦਾਅਵੇ ਦਰਜ ਕੀਤੇ ਗਏ ਹਨ। ਜੋ ਪਿਛਲੇ ਸਮੇਂ ਦੀਆਂ ਤਿਮਾਹੀਆਂ ਦੀ ਗਿਣਤੀ ਵਿੱਚ ਸਭ ਤੋਂ ਵੱਧ ਹੈ। ਸਾਲ 2023 ਵਿੱਚ 4720 ਸ਼ਰਨ ਦਾਅਵੇ ਸਨ, ਜੋ ਸਾਲ 2024 ਦੇ ਅੱਧ ਤਕ ਹੀ ਇਸ ਤੋਂ ਦੋਗੁਣਾ ਹੋ ਗਏ ਸਨ। ਕੈਨੇਡਾ ਵਿੱਚ ਭਾਰਤੀ ਸ਼ਰਨਾਰਥੀਆਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਲੰਮਾਂ ਪ੍ਰਕਿਰਿਆ ਸਮਾਂ, ਆਪਣੇ ਦਾਅਵਿਆਂ ਦੇ ਸਮਰਥਨ ਲਈ ਸਬੂਤ ਮੁਹੱਈਆ ਕਰਨ ਵਿੱਚ ਮੁਸ਼ਕਿਲਾਂ ਸ਼ਾਮਲ ਹਨ। ਵਧਦੀ ਗਿਣਤੀ ਕਾਰਨ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਬੋਰਡ ਦਾ ਬੈਕਲਾਗ ਵੱਧ ਰਿਹਾ ਹੈ।

3 ਮਹੀਨਿਆਂ 'ਚ 6 ਹਜ਼ਾਰ ਭਾਰਤੀਆਂ ਨੇ ਕੀਤਾ ਸ਼ਰਨ ਲੈਣ ਦਾ ਦਾਅਵਾ

ਜਾਣਕਾਰੀ ਮੁਤਾਬਕ ਅਪ੍ਰੈਲ ਤੋਂ ਜੂਨ ਤਕ 2024 ਦੀ ਦੂਜੀ ਤਿਮਾਹੀ ਵਿੱਚ ਕੈਨੇਡਾ ਦੇ ਹਵਾਈ ਅੱਡਿਆਂ 'ਤੇ ਭਾਰਤੀ ਨਾਗਰਿਕਾਂ ਵੱਲੋਂ ਕੁੱਲ 6 ਹਜ਼ਾਰ ਸ਼ਰਨ ਦਾਅਵੇ ਦਰਜ ਕੀਤੇ ਗਏ। ਇਹ ਅੰਕੜਾ ਨਾ ਸਿਰਫ਼ 2023 ਦੀ ਇਸੇ ਤਿਮਾਹੀ ਦੇ ਮੁਕਾਬਲੇ 500 ਫ਼ੀਸਦੀ ਵਾਧਾ ਦਰਸਾਉਂਦਾ ਹੈ, ਸਗੋਂ 2023 ਦੇ ਕੁੱਲ ਭਾਰਤੀ ਦਾਅਵਿਆਂ ਦੀ ਗਿਣਤੀ ਨੂੰ ਵੀ ਪਾਰ ਕਰਦਾ ਹੈ, ਜੋ 4720 ਸੀ। 2024 ਦੇ ਮੱਧ ਤਕ ਭਾਰਤੀ ਨਾਗਰਿਕਾਂ ਵੱਲੋਂ ਸ਼ਰਨ ਦਾਅਵਿਆਂ ਦੀ ਕੁੱਲ ਗਿਣਤੀ ਪਹਿਲਾਂ ਹੀ ਪਿਛਲੇ ਸਾਲ ਨਾਲੋਂ ਦੋਗੁਣਾ ਹੋ ਗਈ ਸੀ।

ਕਿਨ੍ਹਾਂ ਕਾਰਨਾਂ ਨਾਲ ਵੱਧ ਰਹੀ ਹੈ ਗਿਣਤੀ

ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਸ਼ਰਨ ਦਾ ਦਾਅਵਾ ਕਰਨ ਵਾਲਿਆਂ ਲਈ ਸਿਆਸੀ ਤਣਾਅ, ਸਮਾਜਿਕ ਅਸ਼ਾਂਤੀ ਅਤੇ ਧਾਰਮਿਕ ਆਜ਼ਾਦੀ ਬਾਰੇ ਚਿੰਤਾ ਨੂੰ ਇੱਕ ਅਧਾਰ ਬਣਾਇਆ ਜਾਂਦਾ ਹੈ। ਹਾਲ ਹੀ ਵਿੱਚ ਕੈਨੇਡਾ ਏਅਰਪੋਰਟ 'ਤੇ ਪਹੁੰਚਣ ਵਾਲਿਆਂ ਦਾ ਕਹਿਣਾ ਹੈ ਕਿ ਏਜੰਸੀ ਵੱਲੋਂ ਸਖ਼ਤੀ ਕੀਤੀ ਗਈ ਹੈ ਤੇ ਉੱਥੇ ਪਹੁੰਚਣ ਵਾਲੇ ਲੋਕਾਂ ਦੇ ਨਾਲ ਸਖ਼ਤੀ ਦਿਖਾਈ ਜਾਂਦੀ ਹੈ ਤੇ ਉਨ੍ਹਾਂ ਨੂੰ ਵਾਪਸ ਭੇਜਣ ਦਾ ਕਹਿ ਕੇ ਉਨ੍ਹਾਂ ਨੂੰ ਸ਼ਰਨ ਲਈ ਅਪਲਾਈ ਕਰਨ ਦਾ ਬਦਲ ਦਿੱਤਾ ਜਾਂਦਾ ਹੈ। ਜਦਕਿ ਏਜੰਸੀ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਕੈਨੇਡਾ ਦੀਆਂ ਨੀਤੀਆਂ, ਵੱਧ ਰਹੇ ਦਾਅਵਿਆਂ ਦੀ ਗਿਣਤੀ, ਵੀਜ਼ਾ ਨੀਤੀਆਂ ਵਿੱਚ ਬਦਲਾਅ ਵੀ ਮੁੱਖ ਕਾਰਨ ਹੈ।

***

## ਕਰਜ਼ਾ ਚੜ੍ਹਨ ਕਾਰਨ ਤੇ ਮੋਦੀ ਸਰਕਾਰ

ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਲੇਟ ਹੋਣ ਲੱਗੀਆਂ ਹਨ। ਬਹੁਤ ਸਾਰੇ ਹੋਰ ਸੰਬੰਧਿਤ ਅਦਾਰਿਆਂ ਵਿਚ ਅਜਿਹੀ ਅਨਿਸ਼ਚਿਤਤਾ ਬਣੀ ਨਜ਼ਰ ਆਉਂਦੀ ਹੈ।

ਢਾਈ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੇ ਦਿੱਲੀ ਦੇ ਹੋਰ ਵੱਡੇ ਆਗੂ ਭਗਵੰਤ ਮਾਨ ਸਮੇਤ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰ ਰਹੇ ਸਨ, ਪਰ ਸਟੇਟ ਅਤੇ ਸਟੇਜ ਚਲਾਉਣ ਵਿੱਚ ਵੱਡਾ ਫ਼ਰਕ ਹੁੰਦਾ ਹੈ। ਪ੍ਰਸ਼ਾਸਨ ਚਲਾਉਣ ਲਈ ਗੰਭੀਰ ਸੋਚ ਅਤੇ ਪੁਖ਼ਤਾ ਯੋਜਨਾਬੰਦੀ ਕਰਕੇ ਉਸ ਨੂੰ ਸਿਰੇ ਚਾੜ੍ਹਨ ਦੀ ਲੋੜ ਹੁੰਦੀ ਹੈ। ਇਨ੍ਹਾਂ ਆਗੂਆਂ ਨੂੰ ਉਸ ਸਮੇਂ ਰਾਜ ਦੀ ਆਰਥਿਕ ਸਥਿਤੀ ਦਾ ਪਤਾ ਨਹੀਂ ਸੀ? ਕੀ ਉਨ੍ਹਾਂ ਨੂੰ ਇਹ ਗਿਆਨ ਨਹੀਂ ਸੀ ਕਿ ਮੁਫ਼ਤ ਯੋਜਨਾਵਾਂ 'ਤੇ ਜੋ ਪੈਸਾ ਲੁਟਾਇਆ ਜਾਣਾ ਹੈ, ਉਸ ਦਾ ਪ੍ਰਬੰਧ ਕਿਵੇਂ ਤੇ ਕਿਥੋਂ ਕੀਤਾ ਜਾਏਗਾ? ਉਸ ਸਮੇਂ ਜੋ ਹਵਾ-ਮਹਿਲ ਇਨ੍ਹਾਂ ਆਗੂਆਂ ਨੇ ਉਸਾਰੇ ਸਨ ਅੱਜ ਉਹ ਕਿਰਦੇ ਜਾ ਰਹੇ ਹਨ।

ਉਸ ਸਮੇਂ ਤਾਂ ਉਹ ਰੇਤ ਬਜਰੀ, ਸ਼ਰਾਬ ਅਤੇ ਹੋਰ ਅਨੇਕਾਂ ਅਜਿਹੇ ਖੇਤਰ ਦੱਸਦੇ ਰਹੇ ਸਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਅਰਬਾਂ ਰੁਪਏ ਦੀ ਆਮਦਨ ਹੋਣੀ ਸੀ, ਪਰ ਉਸ ਸਮੇਂ ਦੇ ਗਿਣਾਏ ਗਏ ਅਰਬਾਂ ਰੁਪਏ ਅੱਜ ਲੱਖਾਂ ਜਾਂ ਕੁਝ ਕਰੋੜਾਂ ਰੁਪਇਆਂ ਤੱਕ ਸੀਮਤ ਹੋ ਕੇ ਰਹਿ ਗਏ ਹਨ, ਪਰ ਖ਼ਰਚੇ ਘੱਟ ਨਹੀਂ ਕੀਤੇ ਗਏ। ਸਰਕਾਰੀ ਖ਼ਜ਼ਾਨੇ ਨੂੰ ਖ਼ਰਚਣ ਲੱਗਿਆਂ ਗਿਣਤੀਆਂ - ਮਿਣਤੀਆਂ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ ਗਈ ਅਤੇ ਇਹ ਵੀ ਸੋਚਣ ਦੀ ਲੋੜ ਨਹੀਂ ਸਮਝੀ ਕਿ ਜਿਸ ਤਰ੍ਹਾਂ ਇਹ ਧਨ ਲੁਟਾਇਆ ਜਾ ਰਿਹਾ ਹੈ, ਉਸ ਨਾਲ ਕਿਹੜੀਆਂ ਲਾਭਕਾਰੀ ਯੋਜਨਾਵਾਂ ਸਿਰੇ ਚੜ੍ਹ ਸਕਣਗੀਆਂ।

ਸਰਕਾਰ ਆਪਣੇ ਹੀ ਬੁਣੇ ਜਾਲ ਵਿੱਚ ਇਸ ਕਦਰ ਫਸਦੀ ਜਾ ਰਹੀ ਹੈ ਕਿ ਉਹ ਹੁਣ ਤਾਲੋਂ-ਬੇਤਾਲ ਹੋਈ ਪਈ ਹੈ। ਜਿਨ੍ਹਾਂ ਬੈਂਕਾਂ ਜਾਂ ਹੋਰ ਸੰਸਥਾਵਾਂ ਤੋਂ ਉਧਾਰੇ ਪੈਸੇ ਲੈਂਦੇ ਹਨ, ਉਨ੍ਹਾਂ ਨੇ ਵੀ ਹੱਥ ਹਾਰ ਕੇ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਹਨ।

ਹੁਣ ਪਿਛਲੀ ਚੰਨੀ ਸਰਕਾਰ ਵੇਲੇ ਬਿਜਲੀ ਖੇਤਰ ਵਿੱਚ 7 ਕਿਲੋਵਾਟ ਦੇ ਲੋਡ ਵਾਲਿਆਂ ਨੂੰ ਜੋ ਤਿੰਨ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੀ ਸਹੂਲਤ ਦਿੱਤੀ ਗਈ ਸੀ, ਉਹ ਵੀ ਵਾਪਸ ਲੈ ਲਈ ਗਈ ਹੈ। ਲੋਕਾਂ ਨੂੰ ਵੀ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਵੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸੂਬੇ ਦੇ ਹੋਣ ਵਾਲੇ ਹਸ਼ਰ ਦਾ ਅਹਿਸਾਸ ਹੁੰਦਾ ਜਾ ਰਿਹਾ ਹੈ। ਪੰਜਾਬੀਆਂ ਨੂੰ ਵੀ ਇਹ ਅਹਿਸਾਸ ਹੋ ਚੁੱਕਾ ਹੈ ਕਿ ਮੁਫ਼ਤ ਯੋਜਨਾਵਾਂ ਦੀਆਂ ਮਾਰੀਆਂ ਫੜ੍ਹਾਂ ਦੇ ਭੁਕਾਨਿਆਂ ਦੀ ਫੂਕ ਨਿਕਲਣੀ ਸ਼ੁਰੂ ਹੋ ਗਈ ਹੈ। ਇਸੇ ਲਈ ਅੱਜ ਹਰ ਪਾਸੇ ਨਿਰਾਸ਼ਾ ਦਿਖਾਈ ਦੇਣ ਲੱਗੀ ਹੈ ਅਤੇ ਸਰਕਾਰ ਦੀ ਸਿਆਣਪ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸ਼ੁਰੂ ਹੋ ਗਏ ਹਨ ਪੰਜਾਬ ਸੂਬੇ ਦੀ ਚਾਲ ਬੇਹੱਦ ਮੱਠੀ ਹੋ ਗਈ ਹੈ ਅਤੇ ਹੋਰਾਂ ਦੇ ਮੁਕਾਬਲੇ ਇਹ ਵਿਕਾਸ ਦੀ ਦੌੜ ਵਿੱਚ ਬਹੁਤ ਪਛੜਦਾ ਜਾ ਰਿਹਾ ਹੈ।

ਵਿਰੋਧੀ ਆਗੂਆਂ ਵੱਲੋਂ ਨਿੰਦਾ

ਆਮ ਆਦਮੀ ਪਾਰਟੀ ਦੇ ਵਿੱਤੀ ਦੁਰਪ੍ਰਬੰਧ ਦੀ ਤਿੱਖੀ ਆਲੋਚਨਾ ਕਰਦੇ ਹੋਏ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਤੋਂ 10,000 ਕਰੋੜ ਰੁਪਏ ਦੀ ਵਾਧੂ ਕਰਜ਼ੇ ਦੀ ਹੱਦ ਵਧਾਉਣ ਦੀ ਮੰਗ ਕਰਨ ਲਈ 'ਆਪ' ਸਰਕਾਰ ਦੀ ਆਲੋਚਨਾ ਕੀਤੀ। ਰਾਜਾ ਵੜਿੰਗ ਨੇ ਚਿਤਾਵਨੀ ਦਿੱਤੀ ਕਿ ਇਹ ਕਦੇ ਨਾ ਉੱਤਰਨ ਵਾਲਾ ਕਰਜ਼ਾ ਪੰਜਾਬ ਨੂੰ ਕਰਜ਼ੇ ਦੇ ਜਾਲ ਵਿੱਚ ਧੱਕ ਰਿਹਾ ਹੈ ਜਿਸ ਦੇ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੋਵਾਂ ਲਈ ਭਿਆਨਕ ਨਤੀਜੇ ਹੋਣਗੇ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ ਲਗਾਤਾਰ ਭਾਰੀ ਕਰਜ਼ਾ ਲੈ ਰਹੀ ਹੈ ਪਰ ਸੂਬੇ ਦੇ ਬੁਨਿਆਦੀ ਢਾਂਚੇ ਜਾਂ ਸੇਵਾਵਾਂ 'ਚ ਕੋਈ ਸੁਧਾਰ ਨਜ਼ਰ ਨਹੀਂ ਆ ਰਿਹਾ ਹੈ। ਇਹ ਸਾਰਾ ਪੈਸਾ ਕਿੱਥੇ ਜਾ ਰਿਹਾ ਹੈ?

## ਮੋਬਾਈਲ ਦੀ ਵਰਤੋਂ ਤੇ ਬ੍ਰੇਨ

ਬ੍ਰੇਨ ਕੈਂਸਰ ਦੇ ਇੱਕ ਘਾਤਕ ਪ੍ਰਕਾਰ ਗਿਲਯੋਮਾ ਦੇ ਵੱਧਦੇ ਜ਼ੋਖ਼ਮ 'ਤੇ ਅਧਾਰਿਤ ਹੈ। ਮੋਬਾਈਲ ਫੋਨ ਸੰਚਾਰ ਲਈ ਰੇਡੀਓ ਤਰੰਗਾਂ ਦਾ ਇਸਤੇਮਾਲ ਕਰਦਾ ਹੈ। ਇਹ ਵਰਗੀਕਰਨ ਕਾਫੀ ਹੱਦ ਤਕ ਮਾਨਵ ਅਵਲੋਕਨ ਅਧਿਐਨਾਂ ਤੋਂ ਪ੍ਰਾਪਤ ਸੀਮਤ ਸਬੂਤਾਂ 'ਤੇ ਅਧਾਰਿਤ ਸੀ। ਪ੍ਰਮੁੱਖ ਖੋਜੀ ਕੇਨ ਕਰੀਪਿਡਿਸ ਨੇ ਕਿਹਾ ਕਿ ਨਵਾਂ ਅਧਿਐਨ ਵੱਧ ਵਿਆਪਕ ਹੈ।

ਖੋਜੀਆਂ ਨੇ ਪਾਇਆ ਕਿ ਮੋਬਾਈਲ ਫੋਨ ਨਾਲ ਰੇਡੀਓ ਤਰੰਗਾਂ ਦੇ ਸੰਪਰਕ ਵਿੱਚ ਆਉਣ ਨਾਲ ਗਿਲਯੋਮਾ ਜਾਂ ਦਿਮਾਗ ਨਾਲ ਸਬੰਧਿਤ ਹੋਰ ਕੈਂਸਰ ਜਿਵੇਂ ਮੈਨਿੰਗਿਓਮਾ, ਪਿਟਯੂਟਰੀ ਟਿਊਮਰ ਅਤੇ ਬੱਚਿਆਂ ਦੇ ਦਿਮਾਗ ਦੇ ਟਿਊਮਰ ਦਾ ਖ਼ਤਰਾ ਨਹੀਂ ਵਧਦਾ ਹੈ। ਉਨ੍ਹਾਂ ਅਜਿਹੇ ਅਧਿਐਨ ਦਾ ਵੀ ਸੱਦਾ ਦਿੱਤਾ, ਜੋ 5ਜੀ ਨੈੱਟਵਰਕ ਦੇ ਅਸਰਾਂ ਨੂੰ ਦੇਖ ਸਕੇ। ਉਨ੍ਹਾਂ ਕਿਹਾ ਕਿ ਇਹ ਦੇਖਦੇ ਹੋਏ ਕਿ ਵਾਇਰਲੈੱਸ ਸੰਚਾਰ ਨੇ ਹਾਲ ਹੀ ਵਿੱਚ ਛੇ ਗੀਗਾਹਰਟਸ ਤੋਂ ਉੱਪਰ ਰੇਡੀਓ ਤਰੰਗਾਂ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਹਾਲੇ ਤੱਕ ਸਿੱਧੇ ਤੌਰ 'ਤੇ 5ਜੀ ਮੋਬਾਈਲ ਨੈੱਟਵਰਕ ਦੀ ਜਾਂਚ ਵਾਲਾ ਕੋਈ ਅਧਿਐਨ ਨਹੀਂ ਆਇਆ ਹੈ। ਭਵਿੱਖ ਦੇ ਅਧਿਐਨਾਂ ਵਿੱਚ 5ਜੀ ਅਤੇ ਹੋਰ ਤਕਨੀਕਾਂ ਨੂੰ ਸ਼ਾਮਲ ਕੀਤਾ ਜਾ ਜਾਣਾ ਚਾਹੀਦਾ ਹੈ।

***

## ਪੂਰਬ ਦੀ ਪੌਣ ਪੱਛਮ 'ਤੇ ਹੋਈ ਭਾਰੂ

ਆਪਾ-ਵਿਰੋਧੀ ਪੈਂਤੜੇ ਅਖਤਿਆਰ ਕਰਦਾ ਹੈ, ਇਸ ਨਾਲ ਪੱਛਮ ਦੀ ਕੋਈ ਭਰੋਸੇਯੋਗਤਾ ਨਹੀਂ ਬਣਦੀ।

ਪੱਛਮੀ ਟਿੱਪਣੀਕਾਰਾਂ ਦੀ ਇਹ ਦਲੀਲ ਹੈ ਕਿ ਚੀਨ ਪਿਛਲੇ ਲੰਮੇ ਅਰਸੇ ਤੋਂ ਭਾਰੀ ਸਰਕਾਰੀ ਸਹਾਇਤਾ ਨਾਲ ਸਨਅਤਾਂ ਪ੍ਰਫੁੱਲਤ ਕਰ ਕੇ ਅਤੇ ਆਪਣੀ ਕਰੰਸੀ ਦਾ ਮੁੱਲ ਵਾਧਾ ਹੋਣ ਦੀ ਆਗਿਆ ਦਿੱਤੇ ਬਿਨਾਂ ਆਪਣੇ ਜ਼ਬਰਦਸਤ ਵਪਾਰਕ ਮੁਨਾਫਿਆਂ ਜ਼ਰੀਏ ਤਜਾਰਤੀ ਰਾਹ 'ਤੇ ਚਲ ਰਿਹਾ ਹੈ; ਤੇ ਇਹ ਵੀ ਕਿ ਚੀਨ ਪੱਛਮੀ ਦੇਸ਼ਾਂ ਨੂੰ ਮੋੜਵੇਂ ਉਪਰਾਲੇ ਕਰਨ ਲਈ ਉਕਸਾ ਰਿਹਾ ਹੈ। ਇੱਥੋਂ ਤੱਕ ਉਨ੍ਹਾਂ ਦੀ ਗੱਲ ਸਹੀ ਹੈ ਪਰ ਉਹ ਅਗਾਂਹ ਇਹ ਨਹੀਂ ਦੱਸਦੇ ਕਿ ਚੀਨ ਦੀਆਂ ਘਰੋਗੀ ਮੰਡੀਆਂ ਵਿੱਚ ਮੁਕਾਬਲੇ ਦਾ ਪੱਧਰ ਬਹੁਤ ਜਿਆਦਾ ਉੱਚਾ ਹੈ। ਮਸਲਨ, ਇਲੈਕਟ੍ਰਿਕ ਵਾਹਨਾਂ ਦੀਆਂ 139 ਦੇ ਕਰੀਬ ਕੰਪਨੀਆਂ ਉਭਰ ਆਈਆਂ ਹਨ ਪਰ ਇਨ੍ਹਾਂ 'ਚੋਂ ਕੁਝ ਕੁ ਸਭ ਤੋਂ ਵੱਧ ਯੋਗ ਕੰਪਨੀਆਂ ਹੀ ਮੈਦਾਨ ਵਿਚ ਟਿਕਣਗੀਆਂ, ਸੰਭਾਵੀ ਤੌਰ 'ਤੇ ਬੀਵਾਈਡੀ ਜਿਹੀਆਂ ਕੰਪਨੀਆਂ ਹੀ ਦੁਨੀਆ ਭਰ 'ਚ ਆਪਣਾ ਪਰਚਮ ਲਹਿਰਾ ਸਕਣਗੀਆਂ।

***

## ਨਵੀਂ ਆਰਥਿਕ ਨੀਤੀ ਬਨਾਮ ਉਦਾਰੀਕਰਨ

ਚੇਤੇ ਆਉਂਦਾ ਹੈ ਕਿ ਕਿਵੇਂ 1991 ਵਿੱਚ ਮੁੱਖਧਾਰਾ ਦਾ ਮੀਡੀਆ ਨਵੀਂ ਆਰਥਿਕ ਨੀਤੀ ਦੇ ਹੱਕ ਵਿੱਚ ਉਤਰਿਆ ਸੀ ਤੇ ਬਾਅਦ ਵਿੱਚ ਵਿਸ਼ਵ ਵਪਾਰ ਸੰਗਠਨ ਤਹਿਤ ਹੋਏ ਸੰਸਾਰੀਕਰਨ ਦਾ ਵੀ ਇਸ ਨੇ ਪੱਖ ਪੂਰਿਆ। ਇਹ ਨਵੇਂ ਆਰਥਿਕ ਪ੍ਰਬੰਧ ਦੀ ਇਕਪਾਸੜ ਤੇ ਬਿਨਾਂ ਕਿਸੇ ਸਵਾਲ ਤੋਂ ਹਮਾਇਤ ਸੀ, ਇੱਕ ਅਜਿਹਾ ਪ੍ਰਬੰਧ ਜੋ ਬੱਝਵੇਂ ਪੂੰਜੀਵਾਦੀ ਵਿਕਾਸ ਤੋਂ ਮੁਕਤ ਅਤੇ ਉਦਾਰਵਾਦੀ ਢਾਂਚੇ ਵੱਲ ਵਧ ਰਿਹਾ ਸੀ। ਜਿਵੇਂ-ਜਿਵੇਂ ਮੀਡੀਆ 'ਤੇ ਪੂੰਜੀਪਤੀਆਂ ਦਾ ਕਬਜ਼ਾ ਵਧਿਆ, ਉਨ੍ਹਾਂ ਆਪਣੀਆਂ ਵਿਦਿਅਕ ਸੰਸਥਾਵਾਂ ਸ਼ੁਰੂ ਕਰ ਲਈਆਂ - ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਰਾਜਸੀ ਖ਼ੁਦਮੁਖ਼ਤਾਰੀ ਨੂੰ ਲੱਗੇ ਘੁਣ ਨੇ ਰਾਜ ਸਰਕਾਰਾਂ ਨੂੰ ਵਿੱਤੀ ਅਤੇ ਪ੍ਰਸ਼ਾਸਕੀ ਤੌਰ 'ਤੇ ਕਮਜ਼ੋਰ ਕਰ ਦਿੱਤਾ ਹੈ। ਨਤੀਜੇ ਵਜੋਂ, ਉਹ ਵੰਨ-ਸੁਵੰਨੇ ਖੇਤਰਾਂ ਵਿੱਚ ਲੋਕਾਂ ਦੀਆਂ ਖ਼ਾਹਿਸ਼ਾਂ ਪੂਰਨ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਯੋਗ ਨਹੀਂ ਰਹੀਆਂ। ਇਹੀ ਕਾਰਨ ਹੈ ਕਿ ਜਦ ਰਾਜ ਸਰਕਾਰਾਂ ਲੋਕ ਰੋਹ ਦਾ ਸਾਹਮਣਾ ਕਰਦੀਆਂ ਹਨ, ਤਾਂ ਉਹ ਦੋਸ਼ ਕੇਂਦਰ ਸਿਰ ਮੜ੍ਹਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਲਈ, ਰਾਜ ਸਰਕਾਰਾਂ ਦੇ ਕਮਜ਼ੋਰ ਹੋਣ ਨਾਲ ਦੇਸ਼ ਮਜ਼ਬੂਤ ਨਹੀਂ ਬਣੇਗਾ। ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਰਾਜਾਂ, ਇਲਾਕਿਆਂ ਤੇ ਲੋਕਾਂ ਨੂੰ ਵਿਕਾਸ ਵਿੱਚ ਭਾਈਵਾਲ ਬਣਾਉਣਾ ਪਏਗਾ। ਕਾਰਪੋਰੇਟ ਘਰਾਣਿਆਂ ਨਾਲ ਵਧਦੀ ਨੇੜਤਾ ਦੀ ਬਦੌਲਤ ਸਰਕਾਰਾਂ ਖ਼ੁਦ ਨੂੰ ਲੋਕਾਂ ਦੇ ਨਿਸ਼ਾਨੇ ਉੱਤੇ ਲਿਆ ਰਹੀਆਂ ਹਨ, ਜਦੋਂਕਿ ਪੂੰਜੀਪਤੀ ਉੱਚੀ ਵਿਕਾਸ ਦਰ ਦਾ ਲਾਹਾ ਖੱਟ ਰਹੇ ਹਨ। ਸੰਨ 2047 ਤੱਕ ਦੇਸ਼ ਨੂੰ ਵਿਕਸਿਤ ਮੁਲਕਾਂ ਦੀ ਕਤਾਰ 'ਚ ਸ਼ਾਮਲ ਕਰਾਉਣ ਦੇ ਉਦੇਸ਼ ਲਈ ਇਹ ਸਭ ਚੰਗਾ ਨਹੀਂ ਹੈ।

***

## ਸ਼੍ਰੋਮਣੀ ਅਕਾਲੀ ਦਲ ਮੁੜ ਸੁਰਜੀਤ ਕਰੋ

ਇਹਨੀਂ ਦਿਨੀਂ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਮੈਨੂੰ (ਲੇਖਕ ਨੂੰ) ਵੀ ਪ੍ਰੋਫ਼ੈਸਰ ਦਰਸ਼ਨ ਸਿੰਘ ਦੇ, ਇੱਕ ਭੈਣ ਅਤੇ ਇੱਕ ਬਜ਼ੁਰਗ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਹੋਣਾ ਪੈ ਗਿਆ। ਮੈਂ ਸ਼੍ਰੋਮਣੀ ਅਕਾਲੀ ਦਲ ਸਮਝ ਕੇ ਹੀ ਭਰਤੀ ਹੋਇਆ ਅਤੇ ਇਸੇ ਨਾਂਅ ਹੇਠ ਚਿੱਠੀ-ਪੱਤਰ ਲਾਈ ਕਾਗਜ਼ਾਤ ਛਾਪ ਲਏ। ਪਰ ਕਲਕੱਤੇ ਪ੍ਰੈਸ ਕਲੱਬ ਵਿੱਚ ਬਿਆਨ ਜਾਰੀ ਕਰਨ ਲਈ ਤਿਆਰ ਹੋ ਕੇ ਆਇਆ ਤਾਂ ਪਤਾ ਚੱਲਿਆ ਕਿ ਮੈਂ 'ਮਾਨ ਦਲ' ਵਿੱਚ ਸ਼ਾਮਲ ਸਾਂ। ਕਾਫ਼ੀ ਹੀਲ-ਹੁੱਜਤ ਕੀਤੀ ਪਰ ਉਸ ਵੇਲੇ ਦੇ ਮਹਾਨਤਮ ਅਕਾਲੀ, ਜਸਟਿਸ ਅਜੀਤ ਸਿੰਘ ਬੈਂਸ ਦੇ ਹੁਕਮ ਉੱਤੇ ਸਮਾਂ ਲੰਘਾਉਣ ਲਈ ਪ੍ਰੈੱਸ ਮਿਲਣੀ ਵਿੱਚ ਚੁੱਪ ਕਰ ਰਿਹਾ। ਬਾਅਦ ਵਿੱਚ ਜੱਜ ਸਾਹਬ ਦੀ ਜੱਜਮੈਂਟ ਆਈ ਕਿ ਦਲ ਇਵੇਂ ਹੀ ਕਿਸੇ ਨਾ ਕਿਸੇ ਨਾਂਅ ਨਾਲ ਚਲਾਉਣ ਦਾ ਰਿਵਾਜ ਹੈ। ਮਾਨ ਦਲ ਵੀ ਇਵੇਂ ਚੱਲੇਗਾ। ਮੈਂ ਅਪੀਲ ਕੀਤੀ। ਮਾਨ ਦੇ ਜੇਲ੍ਹ ਤੋਂ ਬਾਹਰ ਆਉਣ ਉੱਤੇ ਸਲਾਹ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਭਰਤੀ ਕਰਕੇ ਚੋਣਾਂ ਕਰਵਾਈਆਂ ਜਾਣ। ਇਉਂ ਅਸੀਂ ਏਸ਼ੀਆ ਦੀ ਸਭ ਤੋਂ ਵੱਧ ਲੋਕਰਾਜੀ ਤਨਜ਼ੀਮ ਬਣ ਉੱਭਰ ਸਕਦੇ ਸਾਂ। ਇਸ ਚੱਕਰ ਵਿੱਚ, 'ਮਾਨ ਦਲ', ਜਿਸ ਨੂੰ ਮੈਂ ਕਦੇ ਮਾਨਤਾ ਹੀ ਨਹੀਂ ਸੀ ਦਿੱਤੀ, ਵਿੱਚੋਂ ਸ. ਸੁਖਿੰਦਰ ਸਿੰਘ ਸਮੇਤ 'ਸਸਪੈਂਡ' ਹੋਣਾ ਪਿਆ। ਫੇਰ ਕਦੇ ਮੁੜ ਕੇ ਨਾ ਵੇਖਿਆ।

ਨੱਬਵਿਆਂ ਵਿੱਚ ਕੁਝ ਦੋਸਤਾਂ ਦੀ ਮਦਦ ਨਾਲ ਅਕਾਲੀ ਦਲ ਦੀ ਭਰਤੀ ਅਤੇ ਚੋਣਾਂ ਕਰਵਾਉਣ ਦੇ ਹੱਕ ਵਿੱਚ ਜ਼ਬਰਦਸਤ ਅਖ਼ਬਾਰੀ ਮੁਹਿੰਮ ਚਲਾਈ। ਉਹ ਕਿਸੇ ਹੱਦ ਤੱਕ ਸਫ਼ਲ ਵੀ ਹੋਈ। ਸਾਰੇ ਦਲਾਂ ਨੇ ਤਕਰੀਬਨ 25-30 ਲੱਖ ਤੱਕ ਦੀ ਭਰਤੀ ਕਰ ਲਈ। ਭਰਤੀ ਅਨੁਸਾਰ ਚੋਣਾਂ ਕਿਸੇ ਨਾ ਕਰਵਾਈਆਂ। ਪ੍ਰਧਾਨ ਉਹੀ ਬਣੇ ਰਹੇ। ਦੋ-ਦੋ ਸਕੱਤਰ, ਕਈ-ਕਈ ਵਾਈਸ ਪ੍ਰਧਾਨ, ਇੱਕ-ਇੱਕ ਸਕੱਤਰ ਜਨਰਲ ਸਭ ਨੇ ਥਾਪ ਲਏ। ਪਰ ਖਜ਼ਾਨਚੀ ਕਿਸੇ ਇੱਕ ਨੇ ਵੀ ਨਾ ਬਣਾਇਆ, ਨਾ ਹੀ ਅੱਜ ਤੱਕ ਕੋਈ ਹੈ। ਗੁਰੂ ਦੀ ਐਸੀ ਮਿਹਰ ਹੋਈ ਕਿ ਭਰਤੀ ਅਨੁਸਾਰ ਸਾਰੇ ਅਕਾਲੀ ਦਲਾਂ ਦੇ ਸਾਰੇ ਮੈਂਬਰਾਂ ਦੀ ਗਿਣਤੀ ਪੰਜਾਬ ਵਿੱਚ ਵੱਸਦੇ ਸਿੱਖਾਂ ਦੀ ਗਿਣਤੀ ਤੋਂ ਵੀ ਵਧ ਗਈ। ਖ਼ਜ਼ਾਨਚੀ ਅਤੇ ਵਿਧਾਨ ਤੋਂ ਬਿਨਾਂ ਅੱਜ ਤੱਕ ਸਾਰੇ ਦਲ ਚੱਲ ਰਹੇ ਹਨ।

ਕਈ ਵਾਰ ਇੱਕ ਦੂਜੇ ਵਿੱਚ ਵਿਲੀਨ ਹੋਏ ਪਰ ਸਮਾਂ ਪੈ ਕੇ ਫੇਰ ਸਬੂਤੇ ਹੀ ਦੁਬਾਰਾ ਕਾਇਮ ਹੋ ਗਏ।

ਹਾਸੇ-ਠੱਠੇ ਲਈ ਤਾਂ ਇਹ ਵਾਹਵਾ ਮੌਜੂ ਲੱਗਦਾ ਹੈ ਪਰ ਯਥਾਰਥ ਵਜੋਂ ਬਹੁਤ ਹੀ ਨਮੋਸ਼ੀ ਦਾ ਆਲਮ ਹੈ ਕਿ ਸਿੱਖ ਸਿਆਸਤ ਬਿਨਾ ਧੁਰੇ ਤੋਂ ਹੀ ਚੱਲ ਰਹੀ ਹੈ — ਤਕਰੀਬਨ ਅੱਧੀ ਸਦੀ ਤੋਂ। ਸਾਡੀ ਪੀੜ੍ਹੀ ਦੇ ਦੌਰਾਨ ਸਿੱਖਾਂ ਉੱਤੇ ਅਸਹਿ ਜ਼ੁਲਮ ਹੋਏ ਪਰ ਪੱਕੀ-ਪੀਢੀ ਪੁਖ਼ਤਾ ਸਿਆਸੀ ਤਨਜ਼ੀਮ ਨਾ ਹੋਣ ਕਾਰਣ ਸਭ ਕੁਝ ਉੱਤੇ ਪਰਦਾ ਪੈ ਗਿਆ। ਯਕੀਨਨ, ਲੋਕਾਂ ਉੱਤੇ ਜ਼ੁਲਮ ਇਸ ਲਈ ਹੋਏ ਕਿ ਉਹਨਾਂ ਦੀ ਕੋਈ ਸਿਆਸੀ ਤਨਜ਼ੀਮ ਨਹੀਂ ਸੀ। 'ਖੜਗ ਕਾਠ ਜਿਨ ਤਜਿਓ..॥

ਇੱਕ ਵਾਰ ਫੇਰ ਆਪਣੀ ਕੌਮ ਨੂੰ ਅਪੀਲ ਹੈ ਕਿ ਲੋਕ-ਰਾਜੀ ਲੀਹਾਂ ਉੱਤੇ ਆਈਨ ਸਿਰਜ ਕੇ ਇੱਕ ਨਿੱਗਰ ਸਿਆਸੀ ਤਨਜ਼ੀਮ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿੱਚ ਸੁਰਜੀਤ ਕਰੋ ਨਹੀਂ ਤਾਂ ਇਹ ਦੁੱਖਾਂ ਦੀ ਕਾਲ੍ਹੀ-ਬੋਲ੍ਹੀ ਰਾਤ ਮੁੱਕਣੀ ਨਹੀਂ। ਆਪਣੇ ਝਮੇਲਿਆਂ ਵਿੱਚੋਂ ਨਿਕਲ ਕੇ ਗੁਰੂ ਗ੍ਰੰਥ ਸਾਹਿਬ ਦਾ ਚਾਨਣ ਸੰਸਾਰ ਵਿੱਚ ਫੈਲਾਉ। ਸੰਸਾਰ ਸੁਖਦ ਸੁਨੇਹੇ ਨੂੰ ਉਡੀਕ ਰਿਹਾ ਹੈ। ਤਰਸ ਕਰੋ ਆਪਣੇ-ਆਪ ਉੱਤੇ ਅਤੇ 'ਹੈ ਹੈ ਕਰਦੀ' ਲੁਕਾਈ ਉੱਤੇ। ਸੰਵਿਧਾਨ ਬਿਨਾ ਕੋਈ ਤਨਜ਼ੀਮ ਨਹੀ ਉਸਰ ਸਕਦੀ ਅਤੇ ਤਨਜ਼ੀਮ ਬਿਨਾ ਤਬਾਹੀ ਤੇ ਬਰਬਾਦੀ ਤੋਂ ਬਿਨਾ ਕੁਝ ਹਾਸਲ ਨਹੀਂ ਹੋ ਸਕਦਾ। ਇੱਕੀਵੀਂ ਸਦੀ ਇੱਕ ਚੌਥਾਈ ਬੀਤ ਚੁੱਕੀ ਹੈ। ਜਾਗਣ ਦਾ ਵੇਲਾ ਹੈ। ਸੱਚੇ ਸਾਹਿਬ ਦਾ ਫ਼ੁਰਮਾਨ ਹੈ: ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ॥ (ਮਹਲਾ ੩) (ਪੰਨਾ 34)

***

## ਕਿਸਾਨੀ ਦੇ ਵਿਕਾਸ ਲਈ ਫੂਡ ਪ੍ਰੋਸੈਸਿੰਗ

ਦੁਨੀਆਂ 'ਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੋਣ ਦੇ ਨਾਤੇ ਅਸੀਂ ਧਰਤੀ 'ਤੇ ਮਹੱਤਵਪੂਰਨ ਵਾਤਾਵਰਨਕ ਦਬਾਅ ਪਾਉਂਦੇ ਹਾਂ , ਜਿਸ ਦੇ ਨਤੀਜੇ ਵਜੋਂ ਵਾਤਾਵਰਨ ਸੰਬੰਧੀ ਮੁੱਦਿਆਂ ਜਿਵੇਂ ਕਿ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ, ਜੈਵ ਵਿਭਿੰਨਤਾ ਦਾ ਨੁਕਸਾਨ ਤੇ ਪਾਣੀ ਦੀ ਕਮੀ, ਵਿਸਤ੍ਰਿਤ ਭੋਜਨ ਪ੍ਰਣਾਲੀਆਂ ਅੰਦਰ ਰਹਿੰਦ-ਖੂੰਹਦ ਨੂੰ ਘਟਾਉਣਾ ਅਤੇ ਜਲਵਾਯੂ ਅਸੰਤੁਲਨ ਦੀ ਸਮੱਸਿਆ ਨੂੰ ਹੱਲ ਕਰਨ 'ਚੋਂ ਇੱਕ ਹੈ, ਜੋ ਖੇਤ ਤੋਂ ਲੈ ਕੇ ਥਾਲੀ ਦੇ ਚਮਚੇ ਤੱਕ ਭੋਜਨ ਪੂਰਤੀ ਲੜੀ 'ਚ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ 'ਚ ਯੋਗਦਾਨ ਪਾਉਂਦੇ ਹਨ। ਅਤਿ-ਆਧੁਨਿਕ ਫੂਡ ਪ੍ਰੋਸੈਸਿੰਗ ਤਕਨੀਕਾਂ ਨੂੰ ਸ਼ਾਮਿਲ ਕਰਕੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਗੁਣਵੱਤਾ ਮਾਪਦੰਡਾਂ ਦੀ ਸਥਾਪਨਾ ਕਰਕੇ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚ ਖੋਲ੍ਹਣ ਨਾਲ ਐਂਕਰ ਗਲੋਬਲ ਫਰਮਾਂ ਨੂੰ ਆਕਰਸ਼ਿਤ ਕਰਨ ਲਈ ਇਹ ਕੇਂਦਰਿਤ ਰਣਨੀਤੀ ਸਾਡੇ ਟੀਚਿਆਂ ਦੀ ਪ੍ਰਾਪਤੀ 'ਚ ਮਦਦ ਕਰੇਗੀ।

ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਨੂੰ ਐਂਕਰ ਗੋਲਬਲ ਫਰਮਾਂ ਨੂੰ ਆਕਰਸ਼ਿਤ ਕਰਨ ਤੇ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓਜ਼) ਤੇ ਐਸ.ਐਮ.ਈ. ਦੇ ਨਾਲ ਉਨ੍ਹਾਂ ਦੀ ਭਾਈਵਾਲੀ ਨੂੰ ਸੁਵਿਧਾਜਨਕ ਬਣਾਉਣ ਲਈ ਇੱਕ ਸਮਾਂਬੱਧ ਆਊਟਰੀਚ ਪ੍ਰੋਗਰਾਮ ਸ਼ੁਰੂ ਕਰਨਾ ਚਾਹੀਦਾ ਹੈ।

***

## ਅਕਾਲ ਤਖ਼ਤ ਸਾਹਿਬ ਤੇ

ਬਾਣੀ ਦਾ ਜਾਪ ਕਰ ਰਹੇ ਨਿਹੱਥੇ ਸਿੰਘਾਂ 'ਤੇ ਪੁਲਿਸ ਵੱਲੋਂ ਗੋਲੀ ਚਲਾਈ ਗਈ। ਫਿਰ ਆਪਣੀ ਗੱਡੀ ਆਪੇ ਹੀ ਗੋਲੀਆਂ ਨਾਲ ਵਿੰਨ੍ਹ ਕੇ ਸਿੰਘਾਂ 'ਤੇ ਹਮਲਾਵਰ ਹੋਣ ਦਾ ਦੋਸ਼ ਲਗਾਇਆ ਗਿਆ। ਪੰਥ ਨੂੰ ਸਰਕਾਰੀ ਸ਼ਕਤੀ ਦੇ ਰੋਹਬ ਥੱਲੇ ਮਧੋਲਣ ਦੀ ਕੋਸ਼ਿਸ਼ ਕੀਤੀ ਗਈ।

ਜਿਨ੍ਹਾਂ ਪੁਲਿਸ ਵਾਲਿਆਂ ਨੇ ਸਿੱਖਾਂ 'ਤੇ ਫਾਇਰਿੰਗ ਦੇ ਹੁਕਮ ਦਿੱਤੇ, ਉਨ੍ਹਾਂ ਦਾ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜਵਾਨ ਸਿੱਖਾਂ ਨੂੰ ਕਤਲ ਕਰਨ ਦਾ ਪੁਰਾਣਾ ਰਿਕਾਰਡ ਹੈ।

ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਡੀ.ਜੀ.ਪੀ. ਲਾਉਣ ਵੇਲੇ ਕਿਸ ਨੂੰ ਪਤਾ ਨਹੀਂ ਸੀ ਕਿ ਉਸ ਦਾ ਪਿਛੋਕੜ ਕੀ ਹੈ? ਅੱਸੀਵਿਆਂ ਵਿੱਚ ਪੁਲਿਸ ਕੈਟਾਂ ਦੀ ਆਲਮ ਸੈਨਾ ਬਣਾਉਣ ਵਾਲੇ ਇਜ਼ਹਾਰ ਆਲਮ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਜਦੋਂ ਇਜ਼ਹਾਰ ਆਲਮ ਬਾਰੇ ਮੈਂ ਇੱਕ ਸੀਨੀਅਰ ਅਕਾਲੀ ਮੰਤਰੀ ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਮਾਰਨ ਦਾ ਆਲਮ ਖ਼ਿਲਾਫ਼ ਕੋਈ ਸਬੂਤ ਨਹੀਂ ਹੈ। ਮੈਂ ਆਖਿਆ ਕਿ ਮੈਂ ਖ਼ੁਦ ਗਵਾਹ ਹਾਂ ਕਿਉਂਕਿ ਇਜ਼ਹਾਰ ਆਲਮ ਉਸ ਵਕਤ ਅੰਮ੍ਰਿਤਸਰ ਦਾ ਐੱਸ.ਐੱਸ.ਪੀ. ਸੀ ਅਤੇ ਅਸੀਂ ਉਨ੍ਹਾਂ ਹਾਲਾਤ ਵਿੱਚੋਂ ਗੁਜ਼ਰੇ ਹਾਂ। ਅੱਗੋਂ ਹੱਸ ਕੇ ਕਹਿੰਦੇ, ਤੁਹਾਡਾ ਪੰਥਕ ਜਜ਼ਬਾ ਬੋਲਦਾ ਹੈ ।

ਭਾਵ ਪੰਥਕ ਜਜ਼ਬਾ ਬੇਲੋੜਾ ਸੀ! ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਦੀ ਹੈਸੀਅਤ ਵਿੱਚ ਪੰਥ ਦੋਖੀ ਪੁਲਿਸ ਅਫ਼ਸਰਾਂ ਦੀ ਪੁਸ਼ਤ-ਪਨਾਹੀ ਕੀਤੀ। ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਪੁਲਿਸ ਜਬਰ ਅਤੇ ਗੋਲੀ ਦੇ ਭੈਅ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ। ਸੱਤਾ ਦੇ ਨਸ਼ੇ ਵਿੱਚ ਧਰਮ ਦਾ ਬੁਰਕਾ ਵੀ ਲਾਹ ਦਿੱਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਲਿਆ 'ਫ਼ਖ਼ਰ-ਏ-ਕੌਮ ਪੰਥ ਰਤਨ' ਦਾ ਐਵਾਰਡ ਵਾਪਸ ਲੈਣ ਲਈ ਵੀ ਪੁਨਰ-ਵਿਚਾਰ ਹੋਣੀ ਚਾਹੀਦੀ ਹੈ।

***

## ਅਮਰੀਕਨ ਰਾਸ਼ਟਰਪਤੀ ਚੋਣਾਂ

**ਭਾਰਤੀ ਅਮਰੀਕੀਆਂ ਵਿੱਚ ਵਖਰੇਵਾਂ:** ਜੇ ਹੁਣ ਭਾਰਤੀ ਅਮਰੀਕੀਆਂ ਭਾਵ ਅਮਰੀਕਾ ਵਿੱਚ ਵਸੇ ਭਾਰਤੀਆਂ ਵਿੱਚ ਆਪਸੀ ਵਖਰੇਵੇਂ ਦਾ ਵੇਰਵਾ ਨਾ ਦਿੱਤਾ ਤਾਂ ਇਹ ਗੱਲ ਅਧੂਰੀ ਰਹੇਗੀ। ਇਸ ਵਾਰ ਚੋਣਾਂ ਵਿੱਚ ਭਾਰਤੀ ਅਮਰੀਕੀ ਭਾਈਚਾਰੇ ਵਿੱਚ ਵਖਰੇਵਾਂ ਹੋਰ ਵੀ ਸਪੱਸ਼ਟ ਦਿਖਾਈ ਦੇ ਰਿਹਾ ਹੈ। ਇਤਿਹਾਸਕ ਤੌਰ 'ਤੇ ਡੈਮੋਕਰੇਟਸ ਵੱਲ ਝੁਕਾਅ ਹੋਣ ਦੇ ਬਾਵਜੂਦ, ਹਾਲ ਹੀ ਦੇ ਰੁਝਾਨ ਰਿਪਬਲਿਕਨਾਂ ਵੱਲ ਵੱਧ ਰਹੇ ਹਨ ਤੇ ਇਸ ਵਖਰੇਂਵੇਂ ਨੂੰ ਦਰਸਾਉਂਦੇ ਹਨ। ਕੈਲੀਫੋਰਨੀਆ ਦੀ 53 ਸਾਲਾ ਰਸ਼ੀਨਾ ਹੁਮਾਯੂੰ ਨੇ ਟਿੱਪਣੀ ਕੀਤੀ ਹੈ ਕਿ ਸਾਡੇ ਭਾਈਚਾਰੇ ਦੀਆਂ ਵੋਟਾਂ ਕਦੇ ਵੀ ਪਾਰਟੀ ਲਾਈਨਾਂ 'ਤੇ ਇੰਨੀ ਤਿੱਖੀ ਵੰਡ ਦਾ ਸ਼ਿਕਾਰ ਨਹੀਂ ਸੀ ਹੋਈਆਂ। ਜਦੋਂ ਕਿ ਮੈਂ ਡੈਮੋਕਰੇਟਸ ਦਾ ਸਮਰਥਨ ਕਰ ਰਹੀ ਹਾਂ, ਮੇਰੇ ਬਹੁਤ ਸਾਰੇ ਸਾਥੀ ਅਤੇ ਦੋਸਤ ਜੋ ਪਹਿਲਾਂ ਡੈਮੋਕਰੇਟਿਕ ਸਮਰਥਕ ਸਨ, ਹੁਣ ਰਿਪਬਲੀਕਨ ਵੱਲ ਝੁਕ ਰਹੇ ਹਨ। ਇਸੇ ਤਰ੍ਹਾਂ ਯੂਨੀਵਰਸਿਟੀ ਆਫ਼ ਇਲੀਨੋਇਸ ਦੀ ਵਿਦਿਆਰਥਣ ਪੂਜਾ ਖੇਮਕਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਗ੍ਰੀਨ ਕਾਰਡ ਦੇਣ ਦੇ ਟਰੰਪ ਦੇ ਪ੍ਰਸਤਾਵ ਨੂੰ ਆਕਰਸ਼ਕ ਦੱਸਿਆ ਹੈ। ਭਾਰਤੀ ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਭਾਵੇਂ ਸਾਡੀਆਂ ਜੜ੍ਹਾਂ ਭਾਰਤ ਵਿੱਚ ਹਨ, ਪਰ ਸਾਡਾ ਭਵਿੱਖ ਅਮਰੀਕਾ ਵਿੱਚ ਹੈ। ਗ੍ਰੀਨ ਕਾਰਡ ਉਸ ਭਵਿੱਖ ਦੀ ਟਿਕਟ ਹੈ।

ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ 1965: ਸਾਲ 1965 ਦੌਰਾਨ ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਪਾਸ ਕੀਤਾ ਗਿਆ ਸੀ। ਇਸ ਤਹਿਤ ਵਿਦੇਸ਼ੀਆਂ ਨੂੰ ਅਮਰੀਕਾ ਆਉਣ ਵਿੱਚ ਛੋਟ ਮਿਲਣੀ ਸ਼ੁਰੂ ਹੋ ਗਈ। ਇਸ ਐਕਟ ਦਾ ਮੁੱਖ ਕਾਰਨ ਉਸ ਸਮੇਂ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਭਾਰਤੀ ਮੂਲ ਦੇ ਵਿਅਕਤੀ ਦਲੀਪ ਸਿੰਘ ਸੌਂਦ ਦੀ ਮੌਜੂਦਗੀ ਸੀ। ਦਲੀਪ ਸਿੰਘ ਸੌਂਦ ਦਾ ਜਨਮ ਪੰਜਾਬ ਵਿੱਚ ਹੋਇਆ, ਜੋ ਬਾਅਦ ਵਿੱਚ ਕੈਲੀਫ਼ੋਰਨੀਆ ਵਿੱਚ ਆ ਕੇ ਵੱਸ ਗਿਆ ਅਤੇ ਇਸ ਐਕਟ ਲਈ ਕੰਮ ਕੀਤਾ ਤਾਂ ਜੋ ਵਿਦੇਸ਼ੀ ਵੀ ਅਮਰੀਕਾ ਵਿੱਚ ਵੱਸ ਸਕਣ।

ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਆਈ.ਟੀ. ਸੈਕਟਰ ਨਾਲ ਜੁੜੇ ਹੋਏ ਹਨ। ਇਸ ਸਬੰਧੀ ਇੰਡੀਅਨ ਐਕਸਪ੍ਰੈੱਸ ਵਿੱਚ ਪ੍ਰਕਾਸ਼ਿਤ ਰਿਪੋਰਟ ਵਿੱਚ ਤਿੰਨ ਲੇਖਕਾਂ ਦੀ ਸਾਂਝੀ ਕਿਤਾਬ 'ਦਿ ਅਦਰ ਵਨ ਪਰਸੈਂਟ: ਇੰਡੀਅਨਜ਼ ਇਨ ਅਮਰੀਕਾ' ਦੇ ਹਵਾਲੇ ਨਾਲ ਕਈ ਗੱਲਾਂ ਦੱਸੀਆਂ ਗਈਆਂ ਹਨ। ਉਦਾਹਰਣ ਵਜੋਂ, ਅਮਰੀਕਾ ਦੀਆਂ 8 ਸਭ ਤੋਂ ਵੱਡੀਆਂ ਆਈ.ਟੀ. ਕੰਪਨੀਆਂ ਭਾਰਤੀ ਅਮਰੀਕੀਆਂ ਦੁਆਰਾ ਬਣਾਈਆਂ ਗਈਆਂ ਹਨ। ਮਾਈਕ੍ਰੋਸਾਫਟ, ਅਡੋਬ, ਆਈਬੀਐਮ ਅਤੇ ਮਾਸਟਰਕਾਰਡ ਵਰਗੀਆਂ ਫਾਰਚੂਨ 500 ਕੰਪਨੀਆਂ ਦੇ ਸੀਈਓ ਭਾਰਤੀ ਮੂਲ ਦੇ ਅਮਰੀਕੀ ਲੋਕ ਹਨ।

ਮੈਡੀਕਲ ਖੇਤਰ ਵਿੱਚ ਵੀ ਭਾਰਤੀ ਅਮਰੀਕੀ ਅੱਗੇ ਹਨ। ਉੱਥੇ, ਹਰ 7 ਡਾਕਟਰਾਂ ਵਿੱਚੋਂ 1 ਭਾਰਤੀ ਮੂਲ ਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਡਾਕਟਰ ਖ਼ੁਦ ਭਾਰਤੀ ਸੀਮਾ ਵਰਮਾ ਹੈ। ਇਸ ਤੋਂ ਬਾਅਦ ਵੀ ਇਹ ਸੂਚੀ ਖ਼ਤਮ ਨਹੀਂ ਹੁੰਦੀ। ਹੁਣ ਭਾਰਤੀ ਮੂਲ ਦੇ ਬਹੁਤ ਸਾਰੇ ਲੋਕ ਹੋਟਲ-ਰੈਸਟੋਰੈਂਟ ਅਤੇ ਇੱਥੋਂ ਤੱਕ ਕਿ ਮਾਡਲਿੰਗ ਅਤੇ ਅਮਰੀਕੀ ਟੀ.ਵੀ. ਉਦਯੋਗ ਵਿੱਚ ਸ਼ਾਮਲ ਹੋ ਰਹੇ ਹਨ। ਇਹੀ ਕਾਰਨ ਹੈ ਕਿ ਇਸ ਚੋਣ ਵਿੱਚ ਭਾਰਤੀ ਮੂਲ ਦੇ ਵੋਟਰਾਂ ਨੂੰ ਲੁਭਾਉਣ ਦੀ ਦੌੜ ਲੱਗੀ ਹੋਈ ਹੈ।

***

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ

ਜਿਸ ਨੂੰ ਲੈ ਕੇ ਇਨ੍ਹਾਂ ਵਿਰੁੱਧ ਕਰੜੀ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਕੇਵਲ ਇੱਕ ਅਕਾਲ ਪੁਰਖ ਨਾਲ ਜੋੜਦੀ ਹੈ ਅਤੇ ਸਿੱਖੀ ਅੰਦਰ ਅਵਤਾਰਵਾਦ ਨੂੰ ਕੋਈ ਥਾਂ ਨਹੀਂ ਹੈ। ਦੇਵੀ ਦੇਵਤਿਆਂ ਨਾਲ ਸਿੱਖ ਗੁਰੂ ਸਾਹਿਬਾਨ ਨੂੰ ਜੋੜਨਾ ਸ. ਲਾਲਪੁਰਾ ਵੱਲੋਂ ਆਰ.ਐੱਸ.ਐੱਸ. ਦੇ ਏਜੰਡਾ ਨੂੰ ਅੱਗੇ ਵਧਾਉਣ ਦਾ ਹੀ ਇਕ ਹਿੱਸਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਬੇਹੱਦ ਚਿੰਤਨ ਦਾ ਮਾਮਲਾ ਹੈ, ਜਿਸ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਖ਼ਲ ਦੇਣ ਤਾਂ ਜੋ ਅੱਗੇ ਤੋਂ ਕੋਈ ਅਜਿਹੀ ਸਿੱਖ ਵਿਰੋਧੀ ਹਰਕਤ ਨਾ ਕਰੇ ਅਤੇ ਸਿੱਖ ਇੱਕ ਵੱਖਰੀ ਕੌਮ ਹੋਣ ਦੇ ਮਾਣ ਨੂੰ ਸੱਟ ਨਾ ਵੱਜੇ।

***

## ਕੈਬਨਿਟ ਮੰਤਰੀਆਂ ਤੋਂ ਬਾਅਦ

ਇਸ ਸਮੇਂ ਦੌਰਾਨ ਚਲੰਤ ਕੇਸਾਂ ਵਿੱਚ ਦਰਜ ਗੁਨਾਹਾਂ ਬਾਬਤ ਕੋਈ ਵੀ ਕਾਰਵਾਈ ਜਾਂ ਫੈਸਲਾ ਪੰਜਾਬ ਸਰਕਾਰ ਵੱਲੋਂ ਕੈਬਨਿਟ ਵਿੱਚ ਨਹੀਂ ਲਿਆ ਗਿਆ। ਜਿਸ ਵਿੱਚ ਕਿਸੇ ਵੀ ਕਿਸਮ ਦੀ ਮੇਰੀ ਸ਼ਮੂਲੀਅਤ ਹੋਵੇ। ਰਹਿੰਦੀ ਸਰਕਾਰ ਵਿੱਚ ਬਤੌਰ ਐਮ.ਐਲ.ਏ. ਜਾਂ ਬਤੌਰ ਪਾਰਟੀ ਦੀ ਸੇਵਾਦਾਰ ਵੀ ਇਹਨਾਂ ਮਸਲਿਆਂ ਵਿੱਚ ਨਾ ਤਾਂ ਮੇਰੀ ਕੋਈ ਸਲਾਹ ਜਾਂ ਸੁਝਾਅ ਲਿਆ ਗਿਆ ਅਤੇ ਨਾ ਹੀ ਕਿਸੇ ਕਾਰਵਾਈ ਜਾਂ ਫੈਸਲੇ ਵਿੱਚ ਮੇਰੀ ਸ਼ਮੂਲੀਅਤ ਹੋਈ। ਬਤੌਰ ਪਾਰਟੀ ਦੀ ਜ਼ਿੰਮੇਵਾਰ ਸੇਵਾਦਾਰ ਮੈਂ ਸਿੱਖ ਸਿਧਾਂਤਾਂ ਤੇ ਸਮੇਂ-ਸਮੇਂ ਸਿਰ ਪਹਿਰੇਦਾਰੀ ਕਰਦਿਆਂ ਆਪਣੀ ਆਵਾਜ਼ ਬੁਲੰਦ ਕਰਦੀ ਰਹੀ ਪਰ ਸ਼੍ਰੋਮਣੀ ਅਕਾਲੀ ਦਲ ਵਿੱਚ ਬਾਦਲ ਪਰਿਵਾਰ ਦੀ ਪਕੜ ਬਹੁਤ ਮਜ਼ਬੂਤ ਹੋਣ ਕਾਰਨ ਮੇਰੀ ਕੌਮੀ ਚਾਰਾਜੋਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਵਿਰੋਧੀ ਭੂਮਿਕਾ ਵਜੋਂ ਦਰਜ ਕੀਤਾ। ਜਿਸ ਦੇ ਨਤੀਜੇ ਵਜੋਂ ਵਾਰ ਵਾਰ ਮੈਂ ਮੁੱਖ ਆਗੂਆਂ ਦੇ ਵਿਰੋਧ ਦਾ ਸ਼ਿਕਾਰ ਵੀ ਹੋਈ। ਜਿਸ ਦੇ ਨਤੀਜੇ ਵਜੋਂ ਦੋ ਵਾਰ ਮੈਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਬਿਨਾਂ ਕਿਸੇ ਕਾਰਨ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਵਾਰ-ਵਾਰ ਆਵਾਜ਼ ਚੁੱਕਣ 'ਤੇ ਸੁਣਵਾਈ ਨਹੀਂ ਹੋਈ। ਦੋਸ਼ੀਆਂ ਵੱਲੋਂ ਹੋਈਆਂ ਸਾਰੀਆਂ ਗਲਤੀਆਂ ਗੁਨਾਹਾਂ ਦਾ ਰੂਪ ਧਾਰਨ ਕਰ ਗਈਆਂ ਅਤੇ ਕੌਮੀ ਸੰਸਥਾ ਨੂੰ ਸਿੱਖ ਕੌਮ ਨੇ ਰਾਜਸੀ ਤੌਰ 'ਤੇ ਵੱਡਾ ਝਟਕਾ ਦਿੱਤਾ।

ਹੁਣ ਭੂੰਦੜ ਖ਼ਿਲਾਫ਼ ਅਕਾਲ ਤਖ਼ਤ 'ਤੇ ਸ਼ਿਕਾਇਤ

ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਪੈਦਾ ਹੋਇਆ ਸੰਕਟ ਲਗਾਤਾਰ ਵਧ ਰਿਹਾ ਹੈ। ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਖ਼ਿਲਾਫ਼ ਵੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਦਿੱਤੀ ਗਈ ਹੈ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਇਹ ਸ਼ਿਕਾਇਤ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਸ਼੍ਰੋਮਣੀ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਣੇ ਕੇ, ਹਰਦੇਵ ਸਿੰਘ ਰੋਗਲਾ, ਰਾਮਪਾਲ ਸਿੰਘ ਬਹਿਣੀਵਾਲ ਤੇ ਹੋਰਾਂ ਵੱਲੋਂ ਕੀਤੀ ਗਈ ਹੈ। ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਸੌਂਪੀ ਗਈ ਸ਼ਿਕਾਇਤ ਵਿੱਚ ਉਨ੍ਹਾਂ ਦੋਸ਼ ਲਾਇਆ ਕਿ ਬਲਵਿੰਦਰ ਸਿੰਘ ਭੂੰਦੜ ਨੇ 2014 ਵਿੱਚ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਖ਼ਿਲਾਫ਼ ਜਾ ਕੇ ਆਪਣੇ ਘਰ ਵਿੱਚ ਡੇਰਾ ਸਿਰਸਾ ਤੋਂ ਆਏ ਤਿੰਨ ਸਿਆਸੀ ਵਿੰਗ ਦੇ ਆਗੂਆਂ ਰਾਮ ਸਿੰਘ, ਹਰਸ਼ ਧੂਰੀ ਅਤੇ ਇੱਕ ਹੋਰ ਆਦਮੀ ਨਾਲ ਬੰਦ ਕਮਰਾ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਸਨ। ਉਨ੍ਹਾਂ ਦਸਿਆ ਕਿ ਇਸ ਮੀਟਿੰਗ ਦਾ ਜ਼ਿਕਰ ਅਖ਼ਬਾਰਾਂ ਵਿੱਚ ਵੀ ਹੋਇਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਾ ਪੰਥ ਦੀ ਨੁਮਾਇੰਦਾ ਜਥੇਬੰਦੀ ਦਾ ਕਾਰਜਕਾਰੀ ਪ੍ਰਧਾਨ ਨਹੀਂ ਬਣ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਹੀ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਜੇ ਸੁਖਬੀਰ ਖ਼ਿਲਾਫ਼ ਇਸੇ ਮਾਮਲੇ ਵਿੱਚ ਸਖ਼ਤ ਫ਼ੈਸਲਾ ਲਿਆ ਜਾ ਸਕਦਾ ਹੈ ਤਾਂ ਭੂੰਦੜ 'ਤੇ ਵੀ ਉਸੇ ਮਾਮਲੇ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਇਸ ਮੀਟਿੰਗ ਦੀ ਪੜਤਾਲ ਕਰਵਾ ਕੇ ਬਲਵਿੰਦਰ ਸਿੰਘ ਭੂੰਦੜ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਮਨਪ੍ਰੀਤ ਬਾਦਲ ਨੂੰ ਅਕਾਲ ਤਖ਼ਤ ਸਾਹਿਬ

ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰਬਰ 15 'ਤੇ ਇਸ ਬਾਰੇ ਅੰਕਿਤ ਕੀਤਾ ਹੋਇਆ ਹੈ। ਜਿਸ 'ਚ ਦਰਜ ਹੈ ਕਿ ਤਖ਼ਤਾਂ ਦੇ ਖਾਸ ਅਸਥਾਨ ਉਤੇ ਰਹਿਤਵਾਨ ਅੰਮ੍ਰਿਤਧਾਰੀ ਸਿੰਘ ਹੀ ਚੜ੍ਹ ਸਕਦੇ ਹਨ ਪਰ ਤਖ਼ਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖਾਂ ਤੋਂ ਬਿਨਾਂ ਹਰੇਕ ਪ੍ਰਾਣੀ ਦੀ ਅਰਦਾਸ ਹੋ ਸਕਦੀ ਹੈ।

ਚਾਹੀਦਾ ਤਾਂ ਇਹ ਸੀ ਅਕਾਲ ਤਖ਼ਤ ਨੂੰ ਨਿਰਪੱਖ ਸਿੱਖ ਬੁੱਧੀਜੀਵੀਆਂ ਵਕੀਲਾਂ ਦੀ ਟੀਮ ਬਣਾਉਣੀ ਚਾਹੀਦੀ ਸੀ ਜੋ ਇਹਨਾਂ ਦੇ ਬਿਆਨ ਲਿਖਤੀ ਤੇ ਵੀਡਿਓ ਲੈਕੇ ਅਕਾਲ ਤਖ਼ਤ ਸਾਹਿਬ ਰਿਪੋਰਟ ਬਣਾਕੇ ਪੇਸ਼ ਕਰਦੀ। ਸਿੰਘ ਸਾਹਿਬਾਨ ਨੂੰ ਸਿਖ ਰਹਿਤ ਮਰਿਆਦਾ ਤੇ ਅਕਾਲ ਤਖ਼ਤ ਸਾਹਿਬ ਦੇ ਅਕਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਸਿੰਘ ਸਾਹਿਬਾਨ ਨੂੰ ਇਸ ਮਸਲੇ ਵੱਲ ਧਿਆਨ ਦੇਣਾ ਚਾਹੀਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com